



# ਵਿਸ਼ਵ ਅਰਦਾਸ

ਜਸਵੰਤ ਸਿੰਘ ਨੇਕੀ

# ਵਿਸ਼ਵ ਅਰਦਾਸ







**ਏਸੇ ਕਲਮ ਤੋਂ :**

- *ਅਰਦਾਸ : ਦਰਸ਼ਨ, ਰੂਪ, ਅਭਿਆਸ* (ਧਰਮ ਸ਼ਾਸਤਰ)
- *ਸਦਾ ਵਿਗਾਸ* ( ,, )
- *ਗੁਰਮਤਿ ਮਨੋਵਿਗਿਆਨ* ( ,, )
- *ਜਿਨ੍ਹਾਂ ਦਿਸੰਦੜਿਆ ਦੁਰਮਤਿ ਵੰਞੈ* (ਲਘੂ ਗਾਥਾਵਾਂ)
- *ਅਸਲੇ ਤੇ ਉਹਲੇ* (ਕਾਵਿ-ਸੰਗ੍ਰਹਿ)
- *ਇਹ ਮੇਰੇ ਸੰਸੇ ਇਹ ਮੇਰੇ ਗੀਤ* ( ,, )
- *ਸਿਮਰਤੀ ਦੇ ਕਿਰਨ ਤੋਂ ਪਹਿਲਾਂ* ( ,, )
- *ਕਰੁਣਾ ਦੀ ਛੋਹ ਤੋਂ ਮਗਰੋਂ* ( ,, )
- *ਪ੍ਰਤੀਬਿੰਬਾਂ ਦੇ ਸਰੋਵਰ 'ਚੋਂ* ( ,, )
- *ਸਤਿ ਸੁਹਾਣ* ( ,, )
- *ਨਾ ਇਹ ਗੀਤ ਨਾ ਬਿਰਹੜਾ* ( ,, )
- *ਬਿਰਖੈ ਹੇਠ ਸਭ ਜੰਤ* ( ,, )
- *ਗੀਤ ਮੇਰਾ ਸੋਹਿਲਾ ਤੇਰਾ* ( ,, )
- *ਮੇਰੀ ਸਾਹਿਤਕ ਸ੍ਵੈ-ਜੀਵਨੀ* (ਆਤਮ ਕਥਾ)
- *ਕੋਈ ਨਾਉਂ ਨ ਜਾਣੈ ਮੇਰਾ* (ਕਾਵਿ ਸ੍ਵੈ-ਜੀਵਨੀ)
- *ਪਾਣੀ ਵਿਚ ਪਤਾਸੇ* (ਬਾਲ-ਗੀਤ)
- *ਅਚੇਤਨ ਦੀ ਲੀਲ੍ਹਾ* (ਮਨੋ-ਵਿਗਿਆਨ)
- *ਸੁਗੰਧ ਆਬਨੂਸ ਦੀ* (ਲੋਕ-ਸਾਹਿਤ)
  (ਅਫ਼ਰੀਕਨ ਲੋਕ ਗੀਤ)
- *ਪੰਜਾਬੀ ਹਾਸ ਵਿਲਾਸ* ( ,, )
- *Spiritual Heritage of the Punjab*
- *Nitnem : Divine Intimations*
- *Basking in the Divine Presence : Jaap Sahib*
- *Guru Granth Sahib and its Context* (Edited)
- *Pilgrimage to Hemkunt* (Illustrated)
- *The Prophet of Devotion* ( ,, )
- *Guru Gobind Singh* ( ,, )
- *The Poetics of Guru Granth Sahib* (Edited) – in press

# ਵਿਸ਼ਵ ਅਰਦਾਸ





ਸੰਪਾਦਕ ਤੇ ਅਨੁਵਾਦਕ :

**ਜਸਵੰਤ ਸਿੰਘ ਨੇਕੀ**

**ਸਿੰਘ ਬ੍ਰਦਰਜ਼**

**ਅੰਮ੍ਰਿਤਸਰ**



VISHAV ARDAS

[A Collection of Prayers of Various Cultures]

*edited & translated by*

JASWANT SINGH NEKI
52, HEMKUNT COLONY, NEW DELHI - 110 048 (M) 98716-28810
E-mail : jsneki@gmail.com Website : www.jsneki.com



*ਸਰਵਰਕ :* ਸੁਖਵੰਤ ਸਿੰਘ
*ਗ੍ਰਾਫ਼ਿਕ ਡਿਜ਼ਾਈਨਰ :* ਸੁਖਵੰਤ ਸਿੰਘ, ਅਰਵਿੰਦਰ ਸਿੰਘ

ISBN 81-7205-179-4

ਪਹਿਲੀ ਵਾਰ ਸਤੰਬਰ 1997
ਦੂਜੀ ਵਾਰ ਮਈ 2010

**ਮੁੱਲ : 400-00 ਰੁਪਏ**

*ਪ੍ਰਕਾਸ਼ਕ :*

**ਸਿੰਘ ਬ੍ਰਦਰਜ਼**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com
*Website :* www.singhbrothers.com


*ਛਾਪਕ :*
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਣ

ਵਿਸ਼ਵ-ਪਿਆਰ ਨਾਲ ਧੜਕਦੇ
ਅਰਦਾਸੀ ਜੀਊੜਿਆਂ ਨੂੰ!









# ਇਸ ਪੁਸਤਕ ਬਾਰੇ

ਕਈ ਚਿਰ ਤੋਂ ਮੈਨੂੰ ਇਹ ਪ੍ਰਤੀਤ ਹੁੰਦਾ ਆਇਆ ਹੈ ਕਿ ਅਰਦਾਸ ਦੀ ਭਾਵਨਾ ਮਨੁੱਖ ਦੀ ਸਭ ਤੋਂ ਵੱਧ ਮੂਲ ਅਧਿਆਤਮਕ ਭਾਵਨਾ ਹੋਣੀ ਹੈ ਕਿਉਂਕਿ ਇਸ ਦਾ ਸੰਬੰਧ ਬੁਨਿਆਦੀ ਤੌਰ 'ਤੇ ਮਨੁੱਖੀ ਲੋੜਾਂ ਨਾਲ ਹੈ ਤੇ ਲੋੜਾਂ ਸਰਬ-ਵਿਆਪੀ ਹਨ। ਇਸੇ ਲਈ ਅਰਦਾਸ ਦੀ ਪ੍ਰਥਾ ਧਰਮਾਂ ਤੇ ਸਭਿਆਚਾਰਾਂ, ਦੇਸਾਂ ਤੇ ਕਾਲਾਂ ਦੇ ਆਰ-ਪਾਰ ਇਕਸਾਰ ਪਸਰੀ ਪਈ ਹੈ।

ਇਸ ਅਨੁਭੂਤੀ ਨੇ ਮੈਨੂੰ ਪ੍ਰੇਰਿਆ ਕਿ ਮੈਂ ਵੱਖ ਵੱਖ ਧਰਮਾਂ, ਸਭਿਆਚਾਰਾਂ, ਆਦਿਮ ਕਬੀਲਿਆਂ ਆਦਿ ਦੇ ਲੋਕਾਂ ਵਲੋਂ ਵੱਖ ਵੱਖ ਸਮਿਆਂ ਤੇ ਵੱਖ ਵੱਖ ਹਾਲਾਤ ਵਿਚ ਕੀਤੀਆਂ ਅਰਦਾਸਾਂ ਨੂੰ ਇਕੱਤਰ ਕਰਾਂ। ਹੌਲੀ ਹੌਲੀ ਮੇਰੇ ਪਾਸ ਤਿੰਨ ਚਾਰ ਸੌ ਐਸੀਆਂ ਸੁਹਿਰਦ ਅਰਦਾਸਾਂ ਦਾ ਸੰਗ੍ਰਹਿ ਹੋ ਗਿਆ।

ਤਦ ਮੈਨੂੰ ਇਉਂ ਜਾਪਿਆ ਜਿਵੇਂ ਇਹ ਸੰਗ੍ਰਹਿ ਸਰਬ ਧਰਮ ਸੰਬਾਦ ਦੀ ਇਕ ਅਨੋਖੀ ਪੁਸਤਕ ਹੀ ਬਣ ਚਲਿਆ ਹੈ। ਪੰਜਾਬੀ ਪਿਆਰਿਆਂ ਤਕ ਇਸ ਨੂੰ ਪੁਚਾਉਣ ਲਈ ਮੈਂ ਉਹਨਾਂ ਅਰਦਾਸਾਂ ਦਾ ਪੰਜਾਬੀ ਅਨੁਵਾਦ ਆਰੰਭ ਦਿੱਤਾ। ਇਹ ਕੰਮ ਆਰੰਭਿਆ ਤਾਂ ਮੈਨੂੰ ਲੱਗਾ ਕਿ ਵਾਰਤਕ ਨਾਲੋਂ ਕਾਵਿ ਇਹਨਾਂ ਅਰਦਾਸਾਂ ਦਾ ਵਧੇਰੇ ਸੁੰਦਰ ਤਰਜਮਾਨ ਹੋ ਸਕੇਗਾ। ਸੋ, ਮੈਂ ਉਹਨਾਂ ਦਾ ਕਾਵਿ-ਅਨੁਵਾਦ ਕਰਨ ਵੱਲ ਰੁਚਿਤ ਹੋ ਗਿਆ। ਸਪਸ਼ਟ ਹੈ, ਜੋ ਅਰਦਾਸਾਂ ਪਹਿਲਾਂ ਤੋਂ ਹੀ ਪੰਜਾਬੀ ਬੋਲੀ ਵਿਚ ਪ੍ਰਗਟਾਈਆਂ ਗਈਆਂ ਸਨ, ਉਹ ਮੂਲ ਰੂਪ ਵਿਚ ਹੀ ਦਰਜ ਕਰ ਲਈਆਂ ਗਈਆਂ।

ਜਿਉਂ ਜਿਉਂ ਇਹਨਾਂ ਅਰਦਾਸਾਂ ਨੂੰ ਗਹੁ ਨਾਲ ਵਾਚਿਆ ਤਾਂ ਜਾਪਿਆ ਕਿ ਇਹਨਾਂ ਵਿਚ ਅਧਿਆਤਮਕ ਭਾਵਨਾ ਦੇ ਕਈ ਪੱਖਾਂ ਤੋਂ ਸਾਂਝ ਮੌਜੂਦ ਹੈ। ਸੋ, ਮੈਂ ਉਹਨਾਂ ਵਿਚਲੇ ਮੁੱਖ ਭਾਵਾਂ ਦੇ ਹਿਸਾਬ ਨਾਲ ਉਹਨਾਂ ਦਾ ਵਰਗੀਕਰਣ ਕਰ ਲਿਆ ਤੇ ਹਰ ਪੱਖ ਦੇ ਸ਼ੁਰੂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਸੰਬੰਧਿਤ ਅਰਦਾਸਾਂ (ਸਣੇ ਅਰਥਾਂ ਦੇ) ਦਰਜ ਕਰ ਲਈਆਂ ਕਿਉਂਕਿ ਮੈਨੂੰ ਤਾਂ ਸਾਰਾ ਗੁਰੂ ਗ੍ਰੰਥ ਸਾਹਿਬ ਇਕ ਅਵਿਰਲ ਅਰਦਾਸ ਲਗਦਾ ਹੈ।



ਫਿਰ ਹਰ ਪੱਖ ਬਾਰੇ ਇਕ ਸੰਖੇਪ ਪ੍ਰਸਤਾਵਨਾ ਲਿਖ ਕੇ ਉਹਨਾਂ ਦੀ ਸਾਂਝੀ ਵਸਤੂ ਦੇ ਪਰਿਚੈ ਹਿੱਤ ਲਗਾ ਦਿੱਤੀ। ਪਾਠਕਾਂ ਨੂੰ ਇਸ ਪੁਸਤਕ ਦੀ ਸੰਰਚਨਾ ਵਿਚ ਏਹੋ ਤਰਤੀਬ ਨਜ਼ਰੀਂ ਪਵੇਗੀ।

ਆਸ ਹੈ ਅਰਦਾਸ-ਅਭਿਆਸੀ ਜੀਉੜਿਆਂ ਨੂੰ ਇਹ ਪੁਸਤਕ ਵਿਸ਼ਵ ਅਰਦਾਸ ਦਾ ਇਕ ਮੁਨਾਸਿਬ ਦਸਤਾਵੇਜ਼ ਜਾਪੇਗੀ।

ਮੈਂ ਸਿੰਘ ਬ੍ਰਦਰਜ਼ ਦਾ, ਖ਼ਾਸਕਰ ਸ: ਗੁਰਸਾਗਰ ਸਿੰਘ ਜੀ ਦਾ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਬੜੀ ਰੀਝ ਨਾਲ ਇਸ ਨੂੰ ਬੜੇ ਹੀ ਸੁੰਦਰ ਢੰਗ ਨਾਲ ਛਪਵਾਇਆ। ਡਾ. ਹਰਬੀਰ ਸਿੰਘ ਜੀ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਦੀ ਫ਼ੋਟੋ ਕਲਾ ਨੇ ਇਸ ਪੁਸਤਕ ਦੀ ਸੁੰਦਰਤਾ ਵਿਚ ਹਿੱਸਾ ਪਾਇਆ ਹੈ। ਸੁਖਵੰਤ ਸਿੰਘ ਆਰਟਿਸਟ ਹੋਰਾਂ ਇਸ ਦਾ ਢੁਕਵਾਂ ਸਰਵਰਕ ਬਣਾ ਕੇ ਮੈਨੂੰ ਧੰਨਵਾਦੀ ਬਣਾਇਆ ਹੈ।



**ਜਸਵੰਤ ਸਿੰਘ ਨੇਕੀ**

52, ਹੇਮਕੁੰਟ ਕਾਲੋਨੀ
ਨਵੀਂ ਦਿੱਲੀ - 110 048
ਜੁਲਾਈ 14, 1997





# ਤਤਕਰਾ















ਸਭੁ ਕੋ ਤੇਰਾ ਤੂੰ ਸਭਸੁ ਦਾ ਤੂੰ ਸਭਨਾ ਰਾਸਿ ॥
ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ ॥

*— ਸਿਰੀਰਾਗ ਕੀ ਵਾਰ ਮ: ੪ (86:4)*

ਅਰਦਾਸ ਤਾਂ ਆਤਮਾ ਦੀ ਜਗਮਗਾਹਟ ਹੈ। ਅਸੀਂ ਵਸਤਾਂ ਦਾ ਤਿਆਗ ਕਰ ਸਕਦੇ ਹਾਂ, ਮਿੜ੍ਹਾਂ ਨੂੰ ਤਿਆਗ ਸਕਦੇ ਹਾਂ, ਸਾਕ-ਸੰਬੰਧ ਛੋੜ ਸਕਦੇ ਹਾਂ, ਪਰ ਅਰਦਾਸ ਨੂੰ ਕਦਾਚਿਤ ਨਹੀਂ ਤਜ ਸਕਦੇ। ਜੋ ਅਰਦਾਸ ਤੋਂ ਬੇਮੁਖ ਹੋ ਗਿਆ, ਜਾਣੋ ਆਪਣੇ ਆਪ ਤੋਂ ਬੇਮੁਖ ਹੋ ਗਿਆ।

# 1

# ਅਰਦਾਸ ਦੀ ਵਿਸ਼ਵ-ਵਿਆਪਕਤਾ

ਅਰਦਾਸ ਇਕ ਅਤਿ ਵਿਚਿੱਤਰ ਆਤਮਕ ਪ੍ਰੇਰਨਾ ਹੈ ਜਿਸ ਦਾ ਨਾ ਕੋਈ ਨਿਸਚਿਤ ਨੇਮ ਹੈ, ਨਾ ਕੋਈ ਉਚੇਚਾ ਬੰਧਾਨ। ਕੇਵਲ ਮੱਧਮ ਜਹੇ ਇਸ਼ਾਰੇ ਹੀ ਪ੍ਰਾਪਤ ਹਨ ਉਸ ਮਾਰਗ 'ਤੇ ਚਲਣ ਲਈ, ਜਿਸ ਦੀ ਕੋਈ ਨਿਸ਼ਾਨ-ਦੇਹੀ ਸਾਨੂੰ ਉਪਲਬਧ ਨਹੀਂ। ਇਹ ਇਕ ਅਨੂਠੀ ਆਤਮ-ਸਾਧਨਾ ਹੈ ਜੋ ਅੰਦਰ ਦੀ ਖ਼ਾਮੋਸ਼ੀ 'ਚੋਂ ਮੌਲਦੀ ਤੇ ਪਿਆਰ ਦੇ ਵਾਰਤਾਲਾਪ ਰਾਹੀਂ ਆਪਣਾ ਰਾਹ ਟਟੋਲਦੀ ਤੁਰੀ ਜਾਂਦੀ ਹੈ।

ਕਦੇ ਕਦੇ ਤਾਂ ਜ਼ਰੂਰ ਏਕਣ ਲਗਦਾ ਹੈ ਕਿ ਅਰਦਾਸ ਰਾਹੀਂ ਸ਼ਾਇਦ ਅਸੀਂ ਕਿਸੇ **ਨਿਹੋਂਦ** ਨਾਲ ਵਾਰਤਾਲਾਪ ਕਰ ਰਹੇ ਹਾਂ। ਫਿਰ ਵੀ ਮੰਨਣ ਵਿਚ ਨਹੀਂ ਆਉਂਦਾ ਕਿ ਉਹ ਸੱਚ-ਮੁੱਚ ਕੋਈ ਨਿਹੋਂਦ ਹੈ। ਅਕਾਲ ਭਾਵੇਂ ਅਗੰਮ ਵੀ ਹੈ; ਉਸ ਦੀ ਹੋਂਦ ਦਾ ਸਾਡੇ ਪਾਸ ਪ੍ਰਮਾਣ ਵੀ ਕੋਈ ਨਹੀਂ; ਉਸ ਦੇ ਵਜੂਦ ਨਾਲ ਅਰਦਾਸ ਦਾ ਕੀ ਸੰਬੰਧ ਹੈ, ਇਹ ਵੀ ਸਪਸ਼ਟ ਨਹੀਂ; ਫਿਰ ਵੀ, ਪਤਾ ਨਹੀਂ ਕਿਉਂ ਸਾਨੂੰ ਏਹੋ ਲੱਗੀ ਜਾਂਦਾ ਹੈ ਕਿ ਸਾਡੀ ਅਰਦਾਸ ਕਦਾਚਿਤ ਬਿਰਥੀ ਨਹੀਂ ਜਾਵੇਗੀ।[1]

ਅਸਾਂ ਤਾਂ ਹਰ ਤਰ੍ਹਾਂ ਦੇ ਸੁਭਾ ਵਾਲੇ ਬੰਦੇ—ਪੜ੍ਹੇ, ਅਨਪੜ੍ਹੇ, ਕਮ-ਸਮਝ, ਸਮਝਦਾਰ, ਅਲਪ ਬੁੱਧ, ਪ੍ਰਬੁੱਧ ਵਿਚਾਰਵਾਨ—ਕਿਸੀ ਐਸੀ ਅਦਿਖ ਹੋਂਦ ਨਾਲ ਵਾਰਤਾਲਾਪ ਕਰਦੇ ਵੇਖੇ ਹਨ ਜਿਸ ਦੀ ਹੋਂਦ ਦਾ ਉਹਨਾਂ ਪਾਸ ਕੋਈ ਸਬੂਤ ਨਹੀਂ ਹੋਂਦਾ। ਨਾ ਹੀ ਉਸ ਦੀ ਮੌਜੂਦਗੀ ਦਾ ਕੋਈ ਪ੍ਰਮਾਣ ਹੀ ਹੋਂਦਾ ਹੈ। ਏਥੇ ਹੀ ਬੱਸ ਨਹੀਂ; ਉਹ ਤਾਂ ਉਸ 'ਅਦਿੱਸ ਹੋਂਦ' ਨੂੰ ਪਿਆਰਦੇ ਵੀ ਹਨ, ਉਸ ਤੋਂ ਵਾਰਨੇ ਵੀ ਜਾਂਦੇ ਹਨ। ਉਸ ਅੱਗੇ ਅਰਚਾ ਬੰਦਨਾ ਕਰਦੇ, ਉਸ ਦੇ ਹੁਕਮ ਨਾਲ ਬਚਨ-ਬੱਧਤਾ ਪਾਲਦੇ ਫਿਰਦੇ ਹਨ। ਆਪਣੀ ਆਤਮਾ ਦੇ ਦਾਗ਼ ਉਸ ਅੱਗੇ ਨੰਗੇ ਕਰਦੇ, ਤੇ ਪਛਤਾਵੇ ਦੇ ਹੰਝੂ ਉਸ ਅੱਗੇ ਕੇਰਦੇ ਹਨ। ਹੈਰਤ ਵਾਲੀ ਗੱਲ ਤਾਂ ਇਹ ਹੈ ਕਿ ਸਾਰਾ ਵਿਸ਼ਵ

1. ਸਾਨੂੰ ਤਾਂ ਸਤਿਗੁਰਾਂ ਨੇ ਵੀ ਇਹੋ ਵਿਸ਼ਵਾਸ ਦਿੱਤਾ ਹੈ ਕਿ:

**ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥** —*ਬਿਲਾਵਲੁ ਮ: ੫ (819 : 11)*

ਨਾ ਕੇਵਲ ਅਰਦਾਸ ਦੇ ਕਰਮ ਤੋਂ ਵਾਕਿਫ਼ ਹੀ ਹੈ, ਇਸ ਦਾ ਅਭਿਆਸੀ ਵੀ ਹੈ। ਕਿਹੜੇ ਦੁਖ ਵਿਚੋਂ ਅਰਦਾਸ ਨਹੀਂ ਮੌਲੀ ? ਕਿਹੜੇ ਸੁਖ ਨੂੰ ਅਰਦਾਸ ਨੇ ਵਰੋਸਾਇਆ ਨਹੀਂ ? ਕਿਹੜੀ ਮਜਬੂਰੀ 'ਚੋਂ ਅਰਦਾਸ ਪੁਕਾਰੀ ਨਹੀਂ ? ਕਿਹੜੀ ਹੈਰਤ 'ਚੋਂ ਅਰਦਾਸ ਉਗਮੀ ਨਹੀਂ ? ਜੇ ਸ਼ੁਕਰਾਨਾ ਮੌਲਿਆ ਤਾਂ ਅਰਦਾਸ ਬੋਲ ਪਈ; ਜੇ ਪਛਤਾਵਾ ਜਾਗਿਆ ਤਾਂ ਅਰਦਾਸ ਬੋਲ ਪਈ। ਹੰਝੂਆਂ ਥਾਣੀਂ ਇਹ ਲਿਸ਼ਕੀ, ਧੜਕਣਾਂ ਅੰਦਰ ਇਹ ਥਰਕੀ। ਬੋਲਾਂ ਅੰਦਰ ਇਹ ਪਸਰੀ। ਅਬੋਲ ਹੋ ਕੇ ਇਹ ਮਹਿਕੀ। ਕਿਤਨੇ ਮੁਹਾਂਦਰਿਆਂ ਨਾਲ ਇਹ ਪਰਗਟ ਹੋਈ! ਕਿਤਨੇ ਹਿਰਦਿਆਂ ਦੀ ਇਨ ਤਰਜਮਾਨੀ ਕੀਤੀ। ਮਨੁੱਖੀ ਮਨ ਦਾ ਕੋਈ ਤਰਜਮਾਨ ਇਸ ਦੇ ਹਾਣ ਦਾ ਨਹੀਂ।

ਪਰ ਜਦੋਂ ਵੀ ਇਹ ਬੋਲਾਂ ਰਾਹੀਂ ਪਰਗਟ ਹੋਈ, ਤਾਂ ਬੋਲੀ ਕਿਸ ਦੇ ਸਨਮੁਖ ? ਕੀ ਉਹ ਕਿਸੇ ਨਿਹੋਂਦ ਅੱਗੇ ਆਪਣੇ ਦੁਖ-ਸੁਖ ਉਭਾਸੀ ? ਜਾਂ ਆਪਣੇ ਕੀਰਨੇ ਉਸ ਨੇ ਮਨੁੱਖ ਦੀ ਕਿਸੇ ਈਜਾਦ ਅੱਗੇ ਪਾਏ ? ਮਨੁੱਖ ਚਾਹੇ ਤਾਂ ਬੇਸ਼ੱਕ ਕਿਸੇ ਰੱਬ ਨੂੰ ਈਜਾਦ ਵੀ ਕਰ ਸਕਦਾ ਹੈ, ਉਵੇਂ ਜਿਵੇਂ ਉਸ ਨੇ ਗਣਿਤ ਦੇ ਅੰਕੜੇ ਈਜਾਦ ਕੀਤੇ। ਆਪਣੇ ਸਿਰਜੇ ਇਸ ਰੱਬ ਉਪਰ ਉਹ ਯਕੀਨ ਵੀ ਕਰ ਸਕਦਾ ਹੈ। ਆਪਣੇ ਇਸ ਵਿਸ਼ਵਾਸ ਦਾ ਆਨੰਦ ਵੀ ਮਾਣ ਸਕਦਾ ਹੈ। ਪਰ ਆਪਣੇ ਸਿਰਜੇ ਰੱਬ ਅੱਗੇ ਅਰਦਾਸ ਕਦੇ ਨਹੀਂ ਕਰ ਸਕਦਾ। ਜਦੋਂ ਜਦੋਂ ਵੀ, ਤੇ ਜਿੱਥੇ ਜਿੱਥੇ ਵੀ ਕੋਈ ਅਰਦਾਸ ਕਰਦਾ ਹੈ, ਤਾਂ ਜਿਸ ਨਾਲ ਵੀ ਉਹ ਹਮਕਲਾਮ ਹੁੰਦਾ ਹੈ, ਉਸ ਦੀ ਹਾਜ਼ਰ-ਨਾਜ਼ਰਤਾ ਦਾ ਅਵੱਸ਼ ਵਿਸ਼ਵਾਸੀ ਹੋਂਦਾ ਹੈ।

ਹੈਰਾਨੀ ਦੀ ਗੱਲ ਨਹੀਂ ਕਿ ਸੰਸਾਰ ਭਰ ਵਿਚ ਅਨਗਿਣਤ ਬੁੱਧੀਮਾਨ ਵੰਨੋ-ਵੰਨੇ ਇਬਾਦਤ-ਘਰਾਂ ਵਿਚ ਜਾ ਕੇ ਮੱਥੇ ਟੇਕਦੇ, ਡੰਡੌਤਾਂ ਕਰਦੇ, ਗੁਣਾਨਵਾਦ ਗਾਉਂਦੇ, ਕਰਮ ਧਰਮ ਨਿਭਾਉਂਦੇ, ਜੋਦੜੀਆਂ ਕਰਦੇ ਨਜ਼ਰ ਆਉਂਦੇ ਹਨ ? ਕੀ ਉਹ ਸਭ ਕਿਸੇ 'ਖ਼ਲਾ' ਅੱਗੇ, ਕਿਸੇ 'ਗ਼ੈਰ-ਮੌਜੂਦਗੀ' ਅੱਗੇ ਹਾੜੇ ਕੱਢ ਰਹੇ ਹੁੰਦੇ ਹਨ ? ਉਹ ਤਾਂ ਆਪਣੇ ਦਿਲ ਦੀਆਂ ਡੂੰਘਾਣਾਂ 'ਚੋਂ ਉਸ 'ਖ਼ਲਾ' ਦੀ ਖ਼ਾਮੋਸ਼, ਪਰ ਪਿਆਰਵਾਨ, ਆਵਾਜ਼ ਸੁਣ ਰਹੇ ਲਗਦੇ ਹਨ।

ਰਹੱਸ ਭਰੇ ਇਸ 'ਖ਼ਲਾ' ਦੀ ਆਵਾਜ਼ ਜਿਸ ਕਿਸੇ ਨੇ ਸੁਣੀ, ਉਹ ਬੇਤਾਬ ਹੋ ਕੇ ਨਿਕਲ ਤੁਰਿਆ। ਤਿੰਨ ਦਿਨ ਵੇਈਂ ਨਦੀ ਵਿਚ ਅਲੋਪ ਰਹੇ ਬਾਬੇ ਨਾਨਕ ਨੇ ਸੁਣੀ ਤਾਂ ਸਾਰੀ ਉਮਰ ਉਦਾਸੀਆਂ ਝਾਗਦਿਆਂ ਬਿਤਾ ਦਿੱਤੀ। ਗੋਸ਼ਾਨ ਦੇ ਵੀਰਾਨੇ ਵਿਚ ਹਜ਼ਰਤ ਮੂਸਾ ਨੇ ਸੁਣੀ ਤਾਂ ਸਾਰੇ ਇਸਰਾਈਲੀਆਂ ਨੂੰ ਪ੍ਰੇਰ ਕੇ ਰੱਬਾਨੀ ਕਿਸੇ ਸਲਤਨਤ ਵਲ ਲੈ ਤੁਰਿਆ। ਜਿਸ ਕਿਸੇ ਨੂੰ ਵੀ ਇਹ ਖਿੱਚ ਪਈ, ਉਹ ਕੋਈ ਅਕਹਿ ਬੇਚੈਨੀ ਹੰਢਾਉਂਦਾ ਫਿਰਿਆ।

**ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਉਹ ਕਰ ਅਰਾਮ ਨਹੀਂ ਬਹਿੰਦੇ।**
**ਨੇਹੁੰ ਵਾਲੇ ਨੈਣਾਂ ਕੀ ਨੀਂਦਰ, ਉਹ ਦਿਨੇ ਰਾਤ ਪਏ ਵਹਿੰਦੇ।**[1]

1. ਭਾਈ ਵੀਰ ਸਿੰਘ: *ਮਟਕ ਹੁਲਾਰੇ*।

ਉਹਨਾਂ ਦੀਆਂ ਝਾਗੀਆਂ ਉਦਾਸੀਆਂ ਦੇ ਪ੍ਰਭਾਵ ਤੋਂ ਸਾਰੇ ਸੰਸਾਰ ਨੇ ਕਦੇ ਮੁਕਤ ਨਹੀਂ ਹੋਣਾ।

ਖ਼ਿਆਲ ਕਰੋ: ਜਦੋਂ ਕੋਈ ਭਾਈ ਭਿਖਾਰੀ ਆਪਣੇ ਇਕਲੌਤੇ ਪੁੱਤਰ ਦੀ ਸ਼ਾਦੀ ਦਾ ਇੰਤਜ਼ਾਮ ਕਰਦਿਆਂ, ਨਾਲ ਹੀ ਉਸ ਦੇ ਦਾਹ ਸੰਸਕਾਰ ਦਾ ਬੰਦੋਬਸਤ ਵੀ ਕਰੀ ਜਾਂਦਾ ਹੈ ਤਾਂ ਅਵੱਸ਼ ਕਿਸੇ ਅਲੌਕਿਕ ਬਚਨ-ਬੱਧਤਾ ਵਿਚ ਵਿਚਰ ਰਿਹਾ ਹੋਣਾ ਹੈ। ਜਦੋਂ ਕੋਈ ਭਾਈ ਕਨ੍ਹਈਆ ਮੈਦਾਨੇ-ਜੰਗ ਵਿਚ ਫੱਟੜ ਹੋਏ ਵੈਰੀਆਂ ਨੂੰ ਪਾਣੀ ਪਿਆਲਦਾ ਫਿਰਦਾ ਹੈ ਤਾਂ ਅਵੱਸ਼ ਰੋਮ ਰੋਮ ਥਾਣੀ 'ਸਰਬਤ ਕਾ ਭਲਾ' ਮਨਾ ਰਿਹਾ ਹੋਣਾ ਹੈ। ਜਦੋਂ ਕੋਈ ਫ਼ਲੋਰੈਂਸ ਨਾਈਟਿੰਗੇਲ ਵੱਸਦੀਆਂ ਗੋਲੀਆਂ ਦੀ ਛਾਵੇਂ ਘਾਇਲ ਸਿਪਾਹੀਆਂ ਦੀ ਮਲ੍ਹਮ-ਪੱਟੀ ਕਰਦੀ ਫਿਰਦੀ ਹੈ ਤਾਂ ਅਵੱਸ਼ ਕਿਸੇ ਦੈਵੀ ਪਿਆਰ ਦੀ ਧਾਰਨੀ ਹੋਣੀ ਹੈ। ਜਦੋਂ ਕੋਈ ਭਗਤ ਪੂਰਨ ਸਿੰਘ ਪਿੰਗਲੇ ਰੋਗੀਆਂ ਨੂੰ ਮੋਢੇ 'ਤੇ ਚੁੱਕੀ ਫਿਰਦਾ ਹੈ ਤਾਂ ਜ਼ਰੂਰ ਕਿਸੇ ਗ਼ੈਰ-ਦੁਨੀਆਵੀ ਰੰਗਣ ਵਿਚ ਰੰਗੀਜਿਆ ਹੋਣਾ ਹੈ। ਜਦ ਕੋਈ ਮਦਰ ਟੈਰੀਜ਼ਾ ਬਿਰਧ ਅਵਸਥਾ ਵਿਚ ਵੀ ਕਲਕੱਤੇ ਦੇ ਹਸਪਤਾਲਾਂ ਵਿਚ ਰੋਗੀਆਂ ਦੀ ਸੇਵਾ ਵਿਚ ਅਵਿਰਲ ਜੁੱਟੀ ਲਗਦੀ ਹੈ ਤਾਂ ਨਿਰਸੰਦੇਹ ਕਿਸੇ ਅਸੰਸਾਰਕ ਪ੍ਰੇਰਨਾ ਦੀ ਡੰਗੀ ਹੋਈ ਹੋਣੀ ਹੈ।

ਕਿਵੇਂ ਮੰਨ ਲਈਏ ਕਿ ਇਹਨਾਂ ਤੇ ਏਹੋ ਜਹੇ ਅਨੇਕਾਂ ਹੋਰ ਵਿਅਕਤੀਆਂ ਨੇ ਆਪਣੀਆਂ ਅਰਦਾਸਾਂ ਵੇਲੇ ਕਿਸੇ ਅਜਿਹੀ ਅਲੌਕਿਕ ਹੋਂਦ ਦੀ ਮੌਜੂਦਗੀ ਪ੍ਰਤੀਤ ਨਹੀਂ ਕੀਤੀ, ਜਿਸ ਨੇ ਉਹਨਾਂ ਅੰਦਰ ਪਿਆਰ ਦੀ ਉਹ ਚਿਣਗ ਜਗਾ ਦਿੱਤੀ ਜਿਸ ਦੇ ਵਰੋਸਾਏ ਉਹ ਉਮਰ ਭਰ ਮਾਨਵ-ਸੇਵਾ ਵਿਚ ਜੁੱਟੇ ਰਹੇ। ਉਹ ਤਾਂ ਜ਼ਰੂਰ ਕਿਸੀ ਐਸੀ ਅਨੂਪਤਾ ਦੇ ਦਰਸ਼ਕ ਹੋਏ ਹੋਣਗੇ, ਜਿਸ ਨੇ ਉਹਨਾਂ ਦੀ ਨਜ਼ਰ ਨੂੰ ਉਚਿਆ ਦਿੱਤਾ। ਉਹ ਅਵੱਸ਼ ਕਿਸੇ ਐਸੀ ਪ੍ਰੇਰਣਾ ਨਾਲ ਰੰਗੇ ਗਏ ਹੋਣਗੇ, ਜਿਸ ਨੇ ਉਹਨਾਂ ਦੇ ਜੀਵਨ ਅੰਦਰ ਸੱਚ ਤੇ ਸੁਹਾਣ ਦੋਹਾਂ ਦਾ ਸੰਚਾਰ ਕਰ ਦਿੱਤਾ। ਉਹ ਤਾਂ ਕਿਸੀ ਐਸੀ ਹਕੀਕਤ ਨਾਲ ਸ਼ਨਾਸਾ ਹੋਏ ਹੋਣਗੇ, ਹਰਿਮੰਦਰ ਸਾਹਿਬ ਦੀ ਮਿਹਰਾਬ ਵਾਂਗ ਜੋ ਉਤਾਂਹ ਵਲ ਨੂੰ ਸੰਕੇਤ ਕਰਦੀ ਹੈ—ਕਿਸੀ ਉੱਚਤਮ ਪ੍ਰੇਰਣਾ-ਸ੍ਰੋਤ ਵਲ!

ਕਿਵੇਂ ਮੰਨ ਲਈਏ ਕਿ ਏਡੀ ਅਸਚਰਜਤਾ ਕਿਸੇ ਆਤਮ-ਨਿਰਦੇਸ਼ਨ (autosuggestion) ਰਾਹੀਂ ਹੋਂਦ ਵਿਚ ਆਈ? ਉਹ ਤਾਂ ਨਿਰਸੰਦੇਹ ਕਿਸੇ ਦੈਵੀ ਦਰਸ਼ਨ ਦੀ ਪਿਆਰ-ਪ੍ਰੇਰਨਾ ਦਾ ਸਿੱਟਾ ਜਾਪਦੀ ਹੈ। ਜਿਨ੍ਹਾਂ ਨੂੰ ਐਸੇ ਦਰਸ਼ਨ ਨਸੀਬ ਹੁੰਦੇ ਹਨ, ਅਰਦਾਸ ਉਹਨਾਂ ਦੇ ਰੋਮ ਰੋਮ ਵਿਚ ਰਮੀ ਹੋਂਦੀ ਹੈ। ਉਹਨਾਂ ਦੇ ਚਿਹਰੇ ਨੂਰਾਨੀ ਹੋਏ ਹੁੰਦੇ ਹਨ। ਦਰਸ਼ਨ ਤੋਂ ਪਹਿਲਾਂ ਉਹ ਆਪਣੀ ਸਿੱਕ ਕਾਰਣ ਅਰਦਾਸ ਦੇ ਅਭਿਆਸੀ ਸਨ, ਦਰਸ਼ਨ ਤੋਂ ਬਾਦ ਸ਼ੁਕਰਾਨੇ ਕਾਰਣ ਅਭਿਆਸੀ ਹੋਏ ਰਹਿੰਦੇ ਹਨ।

ਜੋ ਵੀ ਕੋਈ ਅਰਦਾਸ ਕਰਦਾ ਹੈ, ਅੰਦਰ ਦਾ ਯਾਤ੍ਰੂ ਹੋਂਦਾ ਹੈ। ਐਸੇ ਯਾਤ੍ਰੀ ਆਪਣੀ

ਹੋਂਦ ਦਾ ਧਰਾਤਲ ਭਾਲਣ ਦੀ ਘਾਲਨਾ ਵਿਚ ਜੁੱਟੇ ਹੋਂਦੇ ਹਨ। ਉਹ ਆਪਣੇ ਆਪੇ ਦੀ ਕਾਮਲ ਭਰਪੂਰਤਾ ਨਾਲ ਜਾਣੂ ਹੋਣਾ ਲੋਚਦੇ ਹਨ। ਹਕੀਕਤ ਨਾਲ ਆਸ਼ਨਾ ਹੋ ਕੇ ਉਹ ਆਪਣੀ ਜ਼ਿੰਦਗੀ ਨੂੰ ਉਸ ਹਕੀਕਤ ਦੇ ਅਨੁਕੂਲ ਢਾਲਣ ਦੇ ਇੱਛਕ ਹੋਂਦੇ ਹਨ। ਜੇਕਰ ਅੰਦਰ ਦੀ ਇਸ ਯਾਤ੍ਰਾ 'ਚੋਂ ਕਿਸੇ ਨੂੰ ਸੋਨਾ ਲੱਭ ਪੈਂਦਾ ਹੈ ਤਾਂ ਇਸ ਤੋਂ ਇਹ ਸਿੱਧ ਹੋਂਦਾ ਹੈ ਕਿ ਅੰਦਰ ਅਮੋਲਕ ਪਦਾਰਥ ਲੁਕੇ ਪਏ ਹਨ। ਪਰ ਅਰਦਾਸ ਦੇ ਖੋਜੀ ਨਾ ਹੀ ਇਹ ਸੋਨਾ ਖੋਜਣ ਨਿਕਲਦੇ ਹਨ, ਨਾ ਕੋਈ ਅਸਾਧਾਰਨ ਸ਼ਕਤੀਆਂ ਵਿਹਾਜਣ! ਉਹਨਾਂ ਦੀ ਯਾਤ੍ਰਾ ਤਾਂ ਕੇਵਲ ਅਧਿਆਤਮਕ ਭਾਲ ਦੀ ਯਾਤ੍ਰਾ ਹੋਂਦੀ ਹੈ। ਰਿੱਧੀਆਂ ਸਿੱਧੀਆਂ ਉਹਨਾਂ ਨੂੰ ਦਰਕਾਰ ਨਹੀਂ ਹੋਂਦੀਆਂ। ਉਹ ਇਹਨਾਂ ਨੂੰ ਕੋਈ ਓਪਰਾ ਸੁਆਦ ਹੀ ਸਮਝਦੇ ਹਨ।[1] ਉਹ ਤਾਂ ਅਮਲੀਆਂ ਵਾਂਗਰ ਆਪਣੇ ਮਹਿਬੂਬ ਦੇ ਪਿਆਰ ਦਾ ਅਮਲ ਹੀ ਭਾਲਣ ਦੇ ਚਾਹਵਾਨ ਹੁੰਦੇ ਹਨ!

ਅਸੀਂ ਤਾਂ ਜਿਵੇਂ ਕੋਈ ਨਿਸਫਲ ਜੀਵਨ ਹੀ ਜੀਵੀ ਜਾਂਦੇ ਹਾਂ। ਇਤਨਾ ਰੱਸਹੀਣ, ਆਪਣੇ ਆਪ ਤੋਂ ਬੇਗਾਨਾ, ਆਪਣੇ ਆਪ ਤੋਂ ਨਾ-ਉਮੇਦ, ਇਤਨਾ ਅਪਵਿੱਤਰ, ਅਸ਼ਲੀਲ ਕਿ ਅਸੀਂ ਆਪਣੇ ਆਪ ਨੂੰ ਖਿਮਾ ਕਰਨ ਜੋਗੇ ਵੀ ਨਹੀਂ ਰਹੇ। ਜੇਕਰ ਫਿਰ ਵੀ ਅਸਾਂ ਖਿਮਾ ਦੇ ਅਣਅਧਿਕਾਰੀਆਂ ਨੂੰ ਕੋਈ ਦੈਵੀ ਪਿਆਰ ਆਪਣੇ ਆਲਿੰਗਨ ਵਿਚ ਲੈ ਲਵੇ ਤਾਂ ਇਸ ਤੋਂ ਵੱਡੀ ਕਰਾਮਾਤ ਕੀ ਹੋ ਸਕਦੀ ਹੈ? ਅਰਦਾਸ ਨਿੱਤ ਐਸੀਆਂ ਕਰਾਮਾਤਾਂ ਵਰਤਾਂਦੀ ਹੈ। ਮਨੁੱਖੀ ਅਧਿਆਤਮਕਤਾ ਦੀ ਇਹ ਅਤਿ ਅਸਚਰਜ ਤੇ ਅਤਿ ਸੁਹਾਵੀ ਘਾਲਣਾ ਹੈ। ਇਸ ਦੀ ਅਸਚਰਜਤਾ ਵਿਚ ਰੱਬ ਵਰਤਦਾ ਤੇ ਸਨਮੁਖ ਹੋ ਕੇ ਦੀਦਾਰ ਦੇਂਦਾ ਹੈ।

ਜੇਕਰ ਅਰਦਾਸ ਰਾਹੀਂ ਸੱਚ-ਮੁੱਚ ਰੱਬ ਦਾ ਦੀਦਾਰ ਪ੍ਰਾਪਤ ਹੁੰਦਾ ਹੈ ਤਾਂ ਪੁੱਛਿਆ ਜਾ ਸਕਦਾ ਹੈ ਕਿ ਉਹ ਰੱਬ ਕੈਸਾ ਹੈ ਤੇ ਉਸ ਦਾ ਦੀਦਾਰ ਕੈਸਾ? ਜਦੋਂ ਇਹ ਦੀਦਾਰ ਪ੍ਰਾਪਤ ਹੁੰਦਾ ਹੈ ਤਾਂ ਅਭਿਆਸੀ ਨੂੰ ਪ੍ਰਤੀਤ ਹੁੰਦਾ ਹੈ ਕਿ ਉਹ ਕਿਸੇ ਕਾਮਲ ਪਿਆਰ ਦੀ ਭਰਪੂਰ ਕੋਮਲਤਾ ਵਿਚ ਸਾਂਭਿਆ ਸਮੇਟਿਆ ਗਿਆ ਹੈ। ਜਿਵੇਂ ਕਿ ਉਹ ਕਿਸੇ ਅਕਹਿ ਨਾਜ਼ੁਕਤਾ ਦੇ ਹੱਥੀਂ ਅੰਦਰੋਂ ਪਰਿਵਰਤਿਤ ਹੋ ਰਿਹਾ ਹੁੰਦਾ ਹੈ। ਉਸ ਦੇ ਜਨਮ-ਮਰਨ ਦੇ ਸਮਸਤ ਦੁਖ ਜਿਵੇਂ ਲੱਥ ਗਏ ਹੋਣ:

**ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ ॥[2]**

ਜਿਵੇਂ ਕੋਈ ਉਸ ਦੀ ਬਾਂਹ ਪਕੜ ਕੇ ਉਸ ਨੂੰ ਭਉਜਲ ਤੋਂ ਪਾਰ ਲਿਜਾ ਰਿਹਾ ਹੋਵੇ। ਜਿਵੇਂ ਕੋਈ ਅਸੀਮ ਮੁਹੱਬਤ ਆਪਣੇ ਆਪ ਨੂੰ ਉਸ ਉਪਰੋਂ ਲੁਟਾ ਰਹੀ ਹੋਵੇ, ਤੇ ਅਤਿ ਪਿਆਰੇ, ਅਤਿ

---

1. **ਰਿਧਿ ਸਿਧਿ ਅਵਰਾ ਸਾਦ ॥** —*ਜਪੁ (6 : 19)*
2. ਸੂਹੀ ਮ: ੧ (764 : 19)

ਨਿੱਘੇ, ਅਤਿ ਮਿੱਠੇ ਬੋਲਾਂ ਰਾਹੀਂ ਉਸ ਦੇ ਮਨ ਨਾਲ ਹਮ-ਕਲਾਮ ਹੋ ਰਹੀ ਹੋਵੇ। ਤ੍ਰੁੱਠ ਕੇ ਕੋਈ ਜਿਵੇਂ ਉਸ ਦੀਆਂ ਅਰਦਾਸਾਂ ਵਿਚ ਆਪ ਆ ਬਿਰਾਜਿਆ ਹੋਵੇ। ਉਸ ਦੀ ਅਰਦਾਸ ਨੂੰ ਅਬੋਲ ਕਰ ਗਿਆ ਹੋਵੇ ਤੇ ਫਿਰ ਅਬੋਲ ਹੋਈ ਅਰਦਾਸ ਥਾਣੀ ਆਪ ਬੋਲ ਪਿਆ ਹੋਵੇ।

ਉਹ ਰੂਪਵਾਨ ਹੋ ਕੇ ਨਹੀਂ ਆਉਂਦਾ, ਸੁਧਾ ਰੂਪ ਹੋ ਕੇ ਆਉਂਦਾ ਹੈ। ਉਸ ਦਾ ਆਪਣਾ ਕੋਈ ਰੰਗ ਨਹੀਂ ਹੋਂਦਾ, ਪਰ ਸਾਡੀ ਆਤਮਾ ਨੂੰ ਰੰਗ ਜਾਂਦਾ ਹੈ। ਉਸ ਦੀ ਕੋਈ ਜਾਤਿ ਨਹੀਂ ਹੋਂਦੀ, ਪਰ ਸਾਡੀ ਜਾਤਿ ਨੂੰ ਰੁਸ਼ਨਾ ਜਾਂਦਾ ਹੈ। ਵਰਤਦਾ ਸਾਡੇ ਆਪਣੇ ਅੰਦਰ ਹੈ, ਪਰ ਉਸ ਦੀ ਸ਼ਾਨ ਦਾ ਪਾਰਾਵਾਰ ਨਹੀਂ ਪਾਇਆ ਜਾਂਦਾ। ਸਾਡਾ ਅੰਦਰਾ, ਉਸ ਦੀ ਛੁਹ ਸਦਕਾ, ਇਕ ਅਕਹਿ ਸੁੰਦਰਤਾ, ਇਕ ਅਕਹਿ ਆਨੰਦ, ਇਕ ਅਕਹਿ ਪਿਆਰ ਦੇ ਸੱਚ ਨਾਲ ਝਰਨ ਝਰਨ ਝਰਨਾ ਰਿਹਾ ਹੁੰਦਾ ਹੈ।

ਜੋ ਕੁਝ ਸਾਡੇ ਅੰਦਰ ਵਰਤਦਾ ਹੈ, ਬਾਹਰ ਵੀ ਉਹੋ ਵਰਤਦਾ ਲਗਦਾ ਹੈ। ਜੋ ਕੁਝ ਪਿੰਡੇ ਅੰਦਰ ਵਾਪਰਦਾ ਹੈ, ਸੋਈ ਕੁਝ ਬ੍ਰਹਮੰਡ ਅੰਦਰ ਵਾਪਰਦਾ ਪ੍ਰਤੀਤ ਹੋਂਦਾ ਹੈ। ਅੰਦਰ ਤੇ ਬਾਹਰ ਵਿਚਾਲੇ ਕੋਈ ਪਰਦਾ ਨਹੀਂ ਰਹਿ ਗਿਆ ਜਾਪਦਾ। ਆਪਾ ਵਿਸ਼ਵ ਅੰਦਰ ਘੁਲ ਗਿਆ ਜਾਪਦਾ ਹੈ। ਬੇਗਾਨਗੀ ਅਸਲੋਂ ਅਲੋਪ ਹੋ ਗਈ ਲਗਦੀ ਹੈ। ਆਪਣੇ ਆਪ ਤੋਂ ਵੱਖ ਕੁਝ ਵੀ ਨਹੀਂ ਲਗਦਾ। ਅਸਲ ਵਿਚ ਤਾਂ ਇਹ ਆਪਾ ਹੀ ਸਮਸਤ ਵਿਚ ਅਲੋਪ ਹੋ ਗਿਆ ਹੁੰਦਾ ਹੈ। 'ਮੈਂ' ਆਖਣ ਦੀ ਗੁੰਜਾਇਸ਼ ਨਹੀਂ ਰਹਿੰਦੀ। ਹਰ ਪਾਸੇ 'ਤੂੰ ਹੀ, ਤੂੰ ਹੀ' ਦੀ ਪ੍ਰਤੀਤੀ ਹੁੰਦੀ ਹੈ। ਆਪਣਾ ਆਪਾ ਹੀ ਨਹੀਂ, ਸਾਰਾ ਬ੍ਰਹਮੰਡ 'ਤੂੰ ਹੀ, ਤੂੰ ਹੀ' ਅਲਾਪਦਾ ਲਗਦਾ ਹੈ। ਇਕ ਸੰਗੀਤ ਲਹਿਲਹਾਉਂਦਾ ਲਗਦਾ ਹੈ ਜਿਸ ਦੀਆਂ ਮਧੁਰ ਧੁਨਾਂ ਅੰਦਰੋਂ ਉਠਦੀਆਂ ਵੀ ਪ੍ਰਤੀਤ ਹੁੰਦੀਆਂ ਹਨ ਤੇ ਬ੍ਰਹਮੰਡ ਨੂੰ ਭਰਦੀਆਂ ਵੀ। ਨਾ ਕੋਈ ਸਾਜ਼ ਹੁੰਦਾ ਹੈ ਨਾ ਸਾਜ਼ਿੰਦਾ। ਸਰਗਮਾਂ ਸਾਗਰ ਦੀਆਂ ਲਹਿਰਾਂ ਵਾਂਗ ਆਪੇ ਉਠਦੀਆਂ ਹਨ ਤੇ ਅਤਿ ਕੋਮਲ ਤਰਾਨਿਆਂ ਵਿਚ ਪਰਿਵਰਤਿਤ ਹੋਂਦੀਆਂ ਜਾਂਦੀਆਂ ਹਨ। ਵਿਸ਼ਵ ਦੀ ਸਾਰੀ ਹੋਂਦ ਇਹਨਾਂ ਤਰਾਨਿਆਂ ਦੀ ਲੈ ਨਾਲ ਥਰਕ ਰਹੀ ਪ੍ਰਤੀਤ ਹੁੰਦੀ ਹੈ। ਹਰਥਿਓਂ ਹਕੀਕਤ ਨਮੂਦਾਰ ਹੁੰਦੀ ਜਾਪਦੀ ਹੈ। ਇਕ ਆਕਾਰਹੀਣ ਸੁੰਦਰਤਾ ਚਾਰੇ ਧਾਮ ਵਰਤ ਰਹੀ ਲਗਦੀ ਹੈ। ਇਉਂ ਲਗਦਾ ਹੈ, ਜਿਵੇਂ ਕਿਸੇ ਅਲੌਕਿਕ ਆਨੰਦ ਦੀ ਅਵਸਥਾ ਤਾਰੀ ਹੋਈ ਪਈ ਹੋਵੇ। ਨਿਰੰਕਾਰ ਇਉਂ ਅਰਦਾਸ ਵਿਚੋਂ ਪਰਗਟਦਾ ਹੈ। ਫਿਰ ਜੀ ਨਹੀਂ ਕਰਦਾ ਕਿ ਇਹ ਲਿਵ ਕਿਸੇ ਕਾਰਣ ਵੀ ਟੁੱਟੇ। ਇਸੇ ਵਿਚ ਅਵਿਰਲ ਸਮਾਏ ਰਹਿਣ ਨੂੰ ਜੀ ਕਰਦਾ ਹੈ।

ਕਦੇ ਕਦੇ ਏਹੋ ਨਿਰੰਕਾਰ ਸਾਕਾਰ ਵੀ ਹੋ ਜਾਂਦਾ ਹੈ। ਜਿਹੜੇ ਵੀ ਰੂਪ ਵਿਚ ਉਸ ਨੂੰ ਧਿਆਇਆ ਗਿਆ ਹੋਵੇ, ਓਹੀ ਰੂਪ ਧਾਰਨ ਕਰ ਸਨਮੁਖ ਆਣ ਹੋਂਦਾ ਹੈ। ਉਸ ਨੂੰ ਸਾਕਾਰ

ਵੇਖਣ ਵਿਚ ਅਭਿਆਸੀ ਦਾ ਆਪਣਾ ਅਮਲ ਹੀ ਸਹਾਈ ਹੋਂਦਾ ਹੈ। ਜੇ ਕੋਈ ਉਸ ਨੂੰ ਕ੍ਰਿਸ਼ਨ ਦੇ ਰੂਪ ਵਿਚ ਆਰਾਧੇ, ਤਾਂ ਉਹ ਬੰਸੀ ਦੀ ਤਾਨ ਛੇੜਦਾ ਕਾਨ੍ਹ ਬਣ ਦਿਸਦਾ ਹੈ। ਜੇ ਕੋਈ ਗੁਰੂ ਨਾਨਕ ਕਰ ਕੇ ਧਿਆਵੇ, ਤਾਂ ਮਰਦਾਨੇ ਦੀ ਰਬਾਬ ਨਾਲ ਧੁਰ ਕੀ ਬਾਣੀ ਉਚਾਰਦਾ ਬਾਬਾ ਹੋ ਕੇ ਦੀਦਾਰ ਆਣ ਦੇਂਦਾ ਹੈ। ਜੇਕਰ ਕੋਈ ਉਸ ਨੂੰ ਈਸਾ ਕਰ ਕੇ ਚਿਤਵੇ, ਤਾਂ ਸੂਲੀ ਲਟਕਿਆ ਈਸਾ ਸਾਹਵੇਂ ਆਣ ਖਲੋਂਦਾ ਹੈ। ਪਰ ਹਰ ਹਾਲ ਉਸ ਦੀ ਪਿਆਰ-ਮੁਸਕਾਣ ਸਾਡੇ ਹਿਰਦਿਆਂ ਨੂੰ ਠਾਰੀ ਜਾਂਦੀ ਹੈ। ਇਕ ਅਟੁੱਟ ਅਸੀਸ ਉਸ ਮੁਸਕਾਣ 'ਚੋਂ ਝਰਦੀ ਪ੍ਰਤੀਤ ਹੋਂਦੀ ਹੈ, ਜਿਸ ਨਾਲ ਅੰਦਰਾ ਸਰਸ਼ਾਰ ਹੋਈ ਜਾਂਦਾ ਹੈ।

ਹੁਣ ਇਸ ਦੀਦਾਰ ਤੋਂ ਵੱਖ ਨਹੀਂ ਹੋਇਆ ਜਾਂਦਾ। ਵਿਛੜਨ ਦੇ ਖ਼ਿਆਲ ਨਾਲ ਹੀ ਇਕ ਅਕਹਿ ਬਿਰਹਾ ਆਣ ਵਾਪਰਦਾ ਹੈ। ਦੁਨੀਆਵੀ ਹੋਂਦ ਨਿਰਾ ਭਰਮ ਜਾਪਣ ਲਗਦੀ ਹੈ। ਉਸ ਕੂੜਾਵੇ ਭਰਮ ਵਿਚ ਪਰਤਣਾ ਸਰਾਪ ਵਾਂਗ ਲਗਦਾ ਹੈ। ਹਕੀਕਤ ਦੀ ਸ਼ਨਾਸਾਈ ਮਗਰੋਂ ਗ਼ੈਰ-ਹਕੀਕਤ ਵਿਚ ਪਰਤਣਾ ਮੌਤ-ਵਤ ਜਾਪਦਾ ਹੈ। ਜਦ ਇਸ ਦੀਦਾਰ ਦਾ ਝਲਕਾ ਮਨ ਅੰਦਰ ਵੱਸ ਜਾਂਦਾ ਹੈ ਤਾਂ ਇਉਂ ਪ੍ਰਤੀਤ ਹੋਣ ਲਗਦਾ ਹੈ ਕਿ:

**ਸੋ ਜੀਵਿਆ, ਜਿਸੁ ਮਨਿ ਵਸਿਆ ਸੋਇ ॥**
**ਨਾਨਕ ਅਵਰੁ ਨ ਜੀਵੈ ਕੋਇ ॥**[1]

• •

ਸੱਚ ਪੁੱਛੋ ਤਾਂ ਅਰਦਾਸ ਅਧਿਆਤਮਕ ਅਭਿਆਸ ਦੇ ਕੇਂਦਰ ਵਿਚ ਖਲੋਤੀ ਲਗਦੀ ਹੈ। ਆਤਮਕ ਉੱਨਤੀ ਦੇ ਅਭਿਲਾਖੀ ਲੋੜਾਂ-ਥੁੜਾਂ ਦੀ ਪੂਰਤੀ ਲਈ ਅਰਦਾਸਾਂ ਤਿਆਗ ਦੇਂਦੇ ਹਨ। ਉਹ ਕਿਸੇ ਸੁਖ ਲਈ ਵੀ ਅਰਦਾਸ ਨਹੀਂ ਕਰਦੇ, ਕਿਸੇ ਪਦਾਰਥਕ ਤੇ ਦੁਨੀਆਵੀ ਸਹਾਇਤਾ ਲਈ ਵੀ ਨਹੀਂ। ਉਹ ਤਾਂ ਆਪਣੀਆਂ ਅਰਦਾਸਾਂ ਵਿਚ ਕੇਵਲ ਨਿਜ-ਘਰ ਪਰਤਣ ਦੀ ਲਾਲਸਾ ਹੀ ਪਰਗਟ ਕਰਦੇ ਹਨ। ਅਰਦਾਸ, ਉਹਨਾਂ ਲਈ, ਦੈਵੀ ਪਿਆਰ ਦੀ ਪਾਵਨ ਖ਼ਾਮੋਸ਼ੀ ਅੰਦਰ ਹਲੂਲ ਹੋ ਜਾਣ ਦਾ ਸਾਧਨ ਹੋਂਦੀ ਹੈ।

ਜਦੋਂ ਵੀ ਅਰਦਾਸ ਦੀ ਨਦਰ ਨਾਲ ਵੇਖੀਏ ਤਾਂ ਸਾਰਾ ਵਿਸ਼ਵ ਹੋਰ ਦਾ ਹੋਰ ਜਾਪਣ ਲਗਦਾ ਹੈ। ਕਿਤੇ ਕੋਈ ਕੂੜਾਵੀ ਸ਼ਾਨ-ਸ਼ੌਕਤ ਨਜ਼ਰ ਨਹੀਂ ਆਉਂਦੀ। ਸਾਰੇ ਜੀਅ ਕਿਸੇ ਗੰਭੀਰ ਵਡੱਤਣ ਵਿਚ ਰੰਗੇ ਜਾਪਦੇ ਹਨ। ਇਸ ਲਈ ਕਿਉਂਕਿ ਉਹ ਦੈਵੀ ਦ੍ਰਿਸ਼ਟੀ ਨਾਲ ਵੇਖੇ ਜਾ ਰਹੇ ਹੋਂਦੇ ਹਨ। ਤਦ ਸਾਧ ਤੇ ਅਸਾਧ ਇਕੋ ਜਹੇ ਲਗਦੇ ਹਨ; ਸੂਰਮੇ ਤੇ ਕਾਇਰ ਇਕੋ ਜਹੇ

---

1. ਵਾਰ ਮਾਝ ਮ: ੧ (142 : 10)

ਜਿਸ ਦੀ ਜ਼ਿੰਦਗੀ ਅਰਦਾਸ ਨੇ ਰੰਗ ਦਿੱਤੀ ਹੋਵੇ, ਉਸ ਦੇ ਬੂਹੇ ਲੋਕਾਈ ਦਸਤਕ ਦੇਣ ਆਉਂਦੀ ਤੇ ਉਸ ਪਾਸੋਂ ਸੁਮਤਿ ਗ੍ਰਹਿਣ ਕਰਦੀ ਹੈ। ਜੇਕਰ ਉਹ ਕਿਸੇ ਭੋਰੇ ਵਿਚ ਲੁਕ ਬੈਠੇ ਤਾਂ ਵੀ ਉਸ ਨੂੰ ਭਾਲ ਕਢਦੀ ਹੈ ਤੇ ਕੋਠੇ ਚੜ੍ਹ ਕੇ ਉਸ ਦੇ ਪਰਗਟ ਹੋਣ ਦੀ ਦੋਹੀ ਦੇਣ ਲਗਦੀ ਹੈ। ਦੁਨੀਆ ਉਸ ਪਾਸੋਂ ਜ਼ਿੰਦਗੀ ਲਈ ਸੇਧ ਪੁੱਛਣ ਆਉਂਦੀ ਹੈ—ਇਸ ਲਈ ਕਿ ਉਸ ਦੇ ਪਾਸ ਤਮੀਜ਼ ਹੋਂਦੀ ਹੈ ਸੱਤ ਤੇ ਅਸੱਤ ਦਾ ਨਿਖੇੜਾ ਕਰਨ ਦੀ; ਬਿਬੇਕ ਹੁੰਦਾ ਹੈ ਚੰਗੇ ਤੇ ਮੰਦੇ ਦੀ ਪਛਾਣ ਕਰਨ ਦਾ।

ਅਰਦਾਸ ਸਾਡੇ ਅੰਦਰੋਂ ਖੇੜੇ ਉਜਾਗਰ ਕਰਦੀ ਹੈ। ਸਾਡੇ ਪੱਬਾਂ ਵਿਚੋਂ ਨ੍ਰਿਤ ਉਗਾਉਂਦੀ ਹੈ। ਤਦ ਅਸੀਂ ਜ਼ਿੰਦਗੀ ਦੇ ਆਂਗਨ ਵਿਚ ਕਿਸੇ ਆਤਮਕ ਉਮਾਹ ਨਾਲ ਨੱਚਦੇ ਫਿਰਦੇ ਹਾਂ। ਕਿਸੇ ਅਨੂਠੇ ਆਨੰਦ ਨਾਲ ਸਰਸ਼ਾਰ ਹੋਏ ਫਿਰਦੇ ਹਾਂ।

ਅਰਦਾਸ ਸਾਡੇ ਅੰਦਰੋਂ ਅਨੰਤ ਹਮਦਰਦੀਆਂ ਜਗਾਉਂਦੀ ਹੈ। ਜਿੱਥੇ ਕਿਤੇ ਵੀ ਕੋਈ ਉਪੱਦਰ ਵਰਤੇ, ਅਰਦਾਸੀਆ ਮਨ, ਦੁਖੀਆਂ ਦਾ ਦਰਦਵੰਦ ਹੋਂਦਾ ਤੇ ਅਰਦਾਸ ਰਾਹੀਂ ਉਹਨਾਂ ਦੀ ਕੁਸ਼ਲਤਾ ਤੇ ਰੱਛਿਆ ਦਾ ਪ੍ਰਾਰਥਕ ਬਣਦਾ ਹੈ। ਉਸ ਦੇ ਅੰਦਰੋਂ ਤਾਂ ਏਹੋ ਆਵਾਜ਼ ਉਮਲ੍ਹਦੀ ਹੈ:

**ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥**[2]

ਇਉਂ ਅਰਦਾਸ ਸਾਨੂੰ ਦੇਸ ਤੇ ਕਾਲ ਦੇ ਬੰਧਨਾਂ ਤੋਂ ਮੁਕਤ ਕਰ, ਸਰਬੱਤ ਦੇ ਭਲੇ ਲਈ ਪ੍ਰੇਰਦੀ ਹੈ। ਇਹ ਸਾਨੂੰ **ਸਚੁ ਸੁਣਾਇਸੀ ਸਚ ਕੀ ਬੇਲਾ**[3] ਵਾਲੀ ਆਜ਼ਾਦੀ ਦੇ ਧਾਰਨੀ ਬਣਾਉਂਦੀ ਹੈ ਤੇ ਜੀਆਂ ਨੂੰ ਜੀਅ-ਦਾਨ ਦੇਂਦੀ ਹੈ।

ਇਸ ਦੀ ਜੋਤਿ ਨਾਲ ਧਰਮ ਰੌਸ਼ਨ ਹੁੰਦਾ ਹੈ, ਸਿਮਰਨ ਪ੍ਰਪੱਕ ਹੋਂਦਾ ਹੈ। ਕੂੜੀ ਧਾਰਮਕਤਾ ਦੇ ਨਕਾਬ ਜੋ ਅਸੀਂ ਪਹਿਨੀ ਫਿਰਦੇ ਹਾਂ, ਅਰਦਾਸ ਦੀ ਸ਼ਕਤੀ ਉਨ੍ਹਾਂ ਨੂੰ ਤਾਰ ਤਾਰ ਕਰ ਦੇਂਦੀ ਹੈ, ਤੇ ਉਸ ਰਹੱਸ-ਮਈ ਹਕੀਕਤ ਦੀ ਅਪਾਰ ਗੋਦ ਵਿਚ ਲਿਆ ਬਿਠਾਲਦੀ ਹੈ ਜਿਸ ਤੋਂ ਅਸੀਂ

---

1. ਆਸਾ ਮ: ੫ (383 : 10)
2. ਵਾਰ ਸਾਰੰਗ ਮ: ੪ (1251 : 8)
3. ਤਿਲੰਗ ਮ: ੧ (723 : 4)

ਲਿਏ ਥਕੇ ਰਹੇ, ਅਸੀਂ ਥਸੂਰ ਹੋਣ ਥਕ ਗਏ ਹਾਂ।

ਆਓ, ਅਸੀਂ ਆਪਣੀ ਸਨਮੁਖਤਾ ਨਾਲ ਨਵੀਂ ਆਸ਼ਨਾਈ ਪਾਲੀਏ। ਜਿੱਥੇ ਜਿੱਥੇ ਵੀ ਕੋਈ ਸਿਦਕੀ ਜੀਊੜਾ ਅਰਦਾਸ ਵਿਚ ਜੁੜਿਆ ਹੈ, ਉਹ ਵਿਸ਼ਵ-ਅਰਦਾਸ ਵਿਚ ਆਪਣੀਆਂ ਪੰਕਤੀਆਂ ਜੋੜ ਗਿਆ ਹੈ। ਆਓ, ਅਸੀਂ ਇਹਨਾਂ ਪੰਕਤੀਆਂ ਦਾ ਵਿਰਦ ਕਰੀਏ ਤੇ ਅਰਦਾਸ ਦੇ ਅਭਿਆਸੀ ਹੋਣ ਦੀ ਸੰਥਿਆ ਪ੍ਰਾਪਤ ਕਰੀਏ।

# ਆਓ ਅਰਦਾਸ ਕਰੀਏ



ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ ॥

*— ਵਾਰ ਮਾਰੂ, ਮ: ੨ (1093:9)*

ਅਰਦਾਸ ਖ਼ੁਸ਼ਬਿਆਨੀ ਨਹੀਂ ਹੋਂਦੀ, ਖ਼ੁਸ਼-ਇਰਾਦਗੀ ਹੋਂਦੀ ਹੈ। ਲੱਫ਼ਾਜ਼ੀ ਨਹੀਂ ਹੋਂਦੀ, ਦੁਹਾਈ ਹੋਂਦੀ ਹੈ। ਸ਼ਬਦਾਲੰਕਾਰ ਨਹੀਂ ਹੋਂਦੀ, ਅਣਆਲੰਕ੍ਰਿਤ ਨੰਗੀ ਆਤਮਾ ਹੋਂਦੀ ਹੈ।

# ਆਓ ਅਰਦਾਸ ਕਰੀਏ

ਇੱਛਾ ਸਾਨੂੰ ਸੰਸਾਰਕ ਪਦਾਰਥਾਂ ਦੇ ਮਗਰ ਲਾਈ ਫਿਰਦੀ ਹੈ। ਪਰ ਜੇ ਕਦੇ ਇਹ ਇੱਛਾ ਕਰਤਾਰ ਵਲ ਮੂੰਹ ਕਰ ਲਵੇ ਤਾਂ ਅਰਦਾਸ ਬਣ ਨਿਬੜਦੀ ਹੈ। ਅਰਦਾਸ ਅੰਦਰ ਵੀ ਇੱਛਾ ਵਰਤਦੀ ਹੈ, ਪਰ ਅਰਦਾਸ ਦੀ ਇੱਛਾ ਆਪ ਇਕ ਅਰਦਾਸ ਹੋਂਦੀ ਹੈ। ਇਹ ਹਰਕਤ ਵਿਚ ਆ ਜਾਵੇ ਤਾਂ ਰੱਬ ਸੱਚਾ, ਬਾਕੀ ਸਭ ਕੁਝ ਜਾਣ ਵੀ ਲੈਂਦਾ ਹੈ, ਸੰਭਾਲ ਵੀ ਲੈਂਦਾ ਹੈ।

ਇਸ ਲਈ ਇੱਛਾ ਤੋਂ ਘਾਬਰਨ ਦੀ ਲੋੜ ਨਹੀਂ। ਕੇਵਲ ਮੂੰਹ ਕਰਤਾਰ ਵਲ ਰੱਖਣਾ ਲਾਜ਼ਮ ਹੈ। ਫਿਰ ਜਿਹੜੀ ਇੱਛਾ ਉਹ ਪੂਰੀ ਕਰ ਦੇਵੇ, ਉਸ ਲਈ ਸ਼ੁਕਰਾਨਾ, ਤੇ ਜਿਹੜੀ ਉਹ ਆਪਣੀ ਸਿਆਣਪ ਨਾਲ ਰੱਦ ਕਰ ਦੇਵੇ, ਉਸ ਲਈ ਉਸ ਦਾ ਧੰਨਵਾਦ ਕਰਨਾ ਬਣਦਾ ਹੈ। ਸੱਚੀ ਅਰਦਾਸ ਨੂੰ ਕਦੇ ਵੀ ਪਛਤਾਉਣਾ ਨਹੀਂ ਪੈਂਦਾ। ਜਾਂ ਤੇ ਜੋ ਉਹ ਮੰਗੇ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ, ਤੇ ਜਾਂ ਉਹ ਪ੍ਰਾਪਤ ਹੋ ਜਾਂਦਾ ਹੈ ਜੋ ਉਸ ਨੂੰ ਮੰਗਣਾ ਚਾਹੀਦਾ ਸੀ।

ਅਰਦਾਸ ਤਾਂ ਕੇਵਲ ਓਹੋ ਹਿਰਦਾ ਹੀ ਕਰ ਸਕਦਾ ਹੈ ਜੋ ਵਾਹਿਗੁਰੂ ਦੀ ਹਾਜ਼ਰ ਨਾਜ਼ਰਤਾ ਤੋਂ ਸ਼ਨਾਸਾ ਹੋਂਦਾ ਹੈ ਤੇ ਉਸ ਦੀ ਮਿਹਰਾਮਤ ਦੇ ਭਰੋਸੇ ਵਿਚ ਵਿਚਰਦਾ ਹੈ। ਅਰਦਾਸ ਰਾਹੀਂ ਕੀ ਕੁਝ ਹੋ ਸਕਦਾ ਹੈ, ਸੰਸਾਰ ਉਸ ਬਾਰੇ ਸੋਚ ਵੀ ਨਹੀਂ ਸਕਦਾ। ਜਿਨ੍ਹਾਂ ਨੇ ਵੀ ਅਰਦਾਸ ਦੇ ਵਸੀਲੇ ਨਾਲ ਆਪਣੇ ਅੰਦਰ ਪਰਿਵਰਤਨ ਹੋਂਦਾ ਵੇਖਿਆ ਹੈ, ਉਹੀ ਜਾਣ ਸਕਦੇ ਹਨ ਕਿ ਅਰਦਾਸ ਦਾ ਪ੍ਰਭਾਵ ਕਿਤਨਾ ਪ੍ਰਬਲ ਤੇ ਦੂਰ-ਰਸ ਹੁੰਦਾ ਹੈ।

ਇਸ ਦੇ ਬਾਵਜੂਦ ਅਸੀਂ ਅਰਦਾਸ ਵਲੋਂ ਅਵੇਸਲੇ ਹੋਏ ਰਹਿੰਦੇ ਹਾਂ—ਇਹ ਕਿਉਂ ? ਸ਼ਾਇਦ ਅਸੀਂ ਸਮਝਦੇ ਹਾਂ ਕਿ ਸਾਡੀ ਅਰਦਾਸ ਕਿਹੜੀ ਸੁਣੀ ਜਾਣੀ ਹੈ! ਅਸੀਂ ਭੁੱਲ ਜਾਂਦੇ ਹਾਂ ਕਿ ਸਾਈਂ ਕਦੇ ਬਹਿਰਾ ਨਹੀਂ ਹੋਇਆ, ਇਹ ਤਾਂ ਬੇਸਿਦਕ ਹਿਰਦਾ ਹੈ ਜੋ ਗੁੰਗਾ ਹੋ ਰਹਿੰਦਾ ਹੈ।

ਆਓ, ਫਿਰ ਅਰਦਾਸ ਕਰੀਏ! ਸੰਸਾਰ ਭਰ ਦੇ ਸਿਦਕਵਾਨ ਜੀਊੜਿਆਂ ਨਾਲ ਜੁੜ

ਆਰੰਭ ਹੋ ਜਾਂਦੀ ਹੈ। ਕੋਈ ਕੋਈ ਛਿਨ ਐਸਾ ਵੀ ਆਉਂਦਾ ਹੈ ਜਦ ਸਰੀਰਕ ਹੱਥ ਜਿਸ ਤਰ੍ਹਾਂ ਵੀ ਰੁੱਝੇ ਹੋਏ ਹੋਣ, ਆਤਮਾ ਦੇ ਹੱਥ ਸ਼ੁਕਰਾਨੇ ਵਿਚ ਜੁੜੇ ਹੋਂਦੇ ਹਨ।

ਜਿਸ ਅੱਗੇ ਅਸੀਂ ਅਰਦਾਸ ਕਰਦੇ ਹਾਂ ਉਹ ਆਪ ਭਾਵੇਂ ਅਕੱਥ ਹੈ, ਪਰ ਸਾਡੇ ਨਾਲ ਹਮਕਲਾਮ ਹੋਣ ਲਈ ਤੱਤਪਰ ਰਹਿੰਦਾ ਹੈ। ਉਸ ਅੱਗੇ ਸੱਚੇ ਦਿਲੋਂ ਜੋ ਵੀ ਬੋਲ ਬੋਲੀਏ, ਉਹ ਉਸ ਵਲ ਅਵੱਸ਼ ਹੀ ਕੰਨ ਦੇਂਦਾ ਹੈ। ਆਪ ਭਾਵੇਂ ਉਹ ਅਗੰਮ ਹੈ, ਤੇ ਉਸ ਤੀਕਰ ਕੋਈ ਅਪੜ ਨਹੀਂ ਸਕਦਾ, ਪਰ ਉਹ ਸਾਡੀਆਂ ਲੋੜਾਂ-ਥੁੜਾਂ ਅੰਦਰ ਆਪੇ ਆਣ ਪ੍ਰਵੇਸ਼ ਕਰਦਾ ਹੈ। ਉਸ ਦੇ ਹੋ ਕੇ ਰਹੀਏ, ਤਾਂ ਉਹ ਸਾਡੇ ਰਾਹਾਂ ਦੇ ਕੰਡੇ ਵੀ ਆਣ ਚੁਗਦਾ ਹੈ।

ਜਿਨ੍ਹਾਂ ਵੀ ਦਰਗਾਹ ਦੇ ਦਰਵਾਜ਼ੇ ਅੱਗੇ ਅਲਖ ਜਗਾਈ, ਖ਼ੈਰ ਤੋਂ ਬਿਨਾਂ ਕਦੇ ਨਹੀਂ ਪਰਤੇ। ਆਓ, ਫਿਰ ਅਸੀਂ ਵੀ ਝੋਲੀ ਅੱਡੀਏ। ਉਸ ਅਗੰਮ ਨੂੰ ਆਪਣੀ ਜ਼ਿੰਦਗੀ ਵਿਚ ਆਮੰਤ੍ਰਿਤ ਕਰੀਏ ਤੇ ਆਪਣੇ ਆਪ ਨੂੰ ਉਸ ਦੇ ਅਰਪਨ ਕਰ ਦੇਈਏ। ਜਿਸ ਕਿਸੇ ਨੇ ਵੀ ਆਪਣੇ ਕਰਤਾਰ ਨੂੰ ਆਪਣਾ ਆਪਾ ਸਮਰਪਨ ਕਰਨਾ ਹੋਵੇ, ਉਸ ਪਾਸ ਅਰਦਾਸ ਤੋਂ ਵੱਡਾ ਹੋਰ ਕਿਹੜਾ ਵਸੀਲਾ ਹੋ ਸਕਦਾ ਹੈ ?

ਅਰਦਾਸ ਲਈ ਬੋਲ ਨਾ ਵੀ ਲੱਭਣ ਤਾਂ ਕੋਈ ਗੱਲ ਨਹੀਂ। ਜੇਕਰ ਭਾਵਨੀ ਤੀਬਰ ਹੋਵੇ ਤਾਂ ਅਰਦਾਸ ਅਵੱਸ਼ ਪਰਵਾਨ ਹੋਂਦੀ ਹੈ। ਆਓ, ਫਿਰ ਆਪਣੀਆਂ ਪਦਾਰਥਕ ਤੇ ਮਾਨਸਕ ਜ਼ਰੂਰਤਾਂ ਤੇ ਮਨੁੱਖ-ਮਾਤ੍ਰ ਦੀਆਂ ਸਮਸਤ ਚਿੰਤਾਵਾਂ ਸਾਂਝੀਆਂ ਕਰੀਏ। ਉਸ ਅੱਗੇ ਆਪਣਾ ਦਿਲ ਨੰਗਾ ਕਰੀਏ ਤੇ ਫਿਰ ਅੰਦਰ ਦੀ ਖ਼ਾਮੋਸ਼ੀ ਵਿਚ ਉਸ ਦੇ ਪਾਵਨ ਉੱਤਰ ਦੀ ਉਡੀਕ ਕਰੀਏ।

ਆਓ, ਅਰਦਾਸ ਕਰੀਏ !

> ਅਰਦਾਸ ਵਿਚ ਹਿਰਦੇ-ਹੀਣ ਬੋਲਾਂ ਨਾਲੋਂ ਬੋਲ-ਹੀਣ ਹਿਰਦਾ ਵਧੇਰੇ ਕਾਮਯਾਬ ਹੋਂਦਾ ਹੈ। *—ਬਨੀਅਨ*

> ਸਭ ਤੋਂ ਵੱਡੀ ਅਰਦਾਸ ਸੰਤੋਖ ਹੈ। *—ਮਹਾਤਮਾ ਬੁੱਧ*

• •

ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ ॥
ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣਤਾਸ ॥
ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ ॥
ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ ॥
ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ ॥
ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ ॥
ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ ॥
ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ ॥

*—ਗਉੜੀ ਬਾਵਨ ਅਖਰੀ ਮ: ੫ (261 : 16)*

ਹੇ ਨਿੱਤ ਇਸਥਿਤ! ਹੇ ਪਾਰਬ੍ਰਹਮ! ਹੇ ਨਾਸ਼ ਰਹਿਤ! ਹੇ ਪਾਪਾਂ ਦੇ ਨਸ਼ਟ ਕਰਨਹਾਰ! ਹੇ ਪੂਰਨ! ਹੇ ਸਰਬ ਰੂਪ! ਦੁੱਖਾਂ ਦੇ ਨਾਸ ਕਰਨ ਵਾਲੇ ਤੇ ਗੁਣਾਂ ਦੇ ਮਾਲਕ! ਹੇ (ਸਭਨਾਂ ਦੇ) ਸੰਗੀ! ਹੇ ਆਕਾਰ ਰਹਿਤ! ਹੇ (ਤਿੰਨਾਂ) ਗੁਣਾਂ ਤੋਂ ਅਤੀਤ! ਹੇ ਸਭ ਦਾ ਆਸਰਾ! ਹੇ ਪ੍ਰਿਥਵੀ ਪਾਲਕ! ਹੇ ਗੁਣਾਂ ਦੇ ਖ਼ਜ਼ਾਨੇ! ਹੇ ਸਦ ਵਿਚਾਰਵਾਨ! ਹੇ ਪਰੇ ਤੋਂ ਪਰੇ! ਹੇ ਯਮ ਨੂੰ ਵੀ ਹਰਨ ਵਾਲੇ! ਜੋ ਹੈਂ ਵੀ ਤੇ ਹੋਵੇਂਗਾ ਵੀ! ਹੇ ਸੰਤਾਂ ਦੇ ਸਦੀਵ ਸੰਗੀ! ਹੇ ਨਿਆਸਰਿਆਂ ਦੇ ਆਸਰੇ। ਹੇ ਮਾਲਕ, ਮੈਂ (ਤੇਰਾ) ਦਾਸ ਹਾਂ; ਮੇਰੇ ਵਿਚ ਕੋਈ ਗੁਣ ਨਹੀਂ, ਮੈਂ ਨਿਰਾ ਨਿਰਗੁਣ ਹਾਂ। ਮੈਨੂੰ ਨਾਮ ਦਾਨ ਬਖ਼ਸ਼ੋ, ਜਿਸ ਨੂੰ ਮੈਂ ਹਿਰਦੇ ਵਿਚ ਪਰੋ ਕੇ ਰੱਖਾਂ।

• •

ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥
ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥

*—ਆਸਾ ਮ: ੫ (383 : 11)*

ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ ॥
ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ ॥

*—ਰਾਮਕਲੀ ਮ: ੫ (882 : 16)*

ਹੇ ਮਹਾਨ ਆਤਮਾ!
ਤੇਰੀ ਆਵਾਜ਼ ਮੈਂ ਪਉਣਾਂ ਵਿਚ ਸੁਣੀ।
ਤੇਰੇ ਪ੍ਰਾਣ ਰਾਹੀਂ ਵਿਸ਼ਵ ਨੂੰ ਜ਼ਿੰਦਗੀ ਮਿਲੀ।
ਮੈਨੂੰ ਸੁਰਤ ਦੇ, ਕਿ ਤੇਰੀ ਸੋਇ ਸੁਣਦਾ ਰਹਾਂ।

ਮੈਂ ਨਿਰਬਲ, ਮਤਹੀਣ,
ਤੈਥੋਂ ਸਾਹਸ ਤੇ ਬਿਬੇਕ ਮੰਗਦਾ।
ਮੈਨੂੰ ਨੇਤਰ ਦੇ, ਕਿ ਤੇਰੀ ਸਿਰਜੀ ਸੁੰਦਰਤਾ ਦਾ
ਰਸਿਕ ਦੀਦਾਰ ਕਰਾਂ।
ਇਹ ਵਰਦਾਨ ਦੇ, ਕਿ ਹੱਥ ਮੇਰੇ,
ਆਦਰ ਨਾਲ,
ਤੇਰੀਆਂ ਦਿੱਤੀਆਂ ਵਸਤਾਂ ਦੀ ਸੰਭਾਲ ਕਰਨ।
ਮੇਰੇ ਕੰਨ ਤੇਰੀ ਆਵਾਜ਼ ਦੀ ਮਧੁਰਤਾ ਮਾਣਨ।
ਸਿਆਪਣ ਦੇ, ਕਿ ਮੈਂ ਵੀ ਉਹ ਕੁਝ ਸਿਖ ਸਕਾਂ
ਜੋ ਤੂੰ ਮੇਰੇ ਪੂਰਬਜਾਂ ਨੂੰ ਸਿਖਾਲਿਆ;
ਉਹ ਸੰਥਿਆ ਪ੍ਰਾਪਤ ਕਰ ਸਕਾਂ, ਜੋ ਤੂੰ
ਹਰ ਕਿਣਕੇ, ਹਰ ਪੱਤੇ ਅੰਦਰ ਗੁਪਤ ਅੰਕ ਰਖੀ।
ਸ਼ਕਤੀ ਦੇ, ਕਿ ਅਪਣੇ ਆਪ ਨੂੰ ਮੈਂ
ਕਿਸੇ ਤੋਂ ਵਡੇਰਾ ਨ ਸਮਝਾਂ,
ਤੇ ਆਪਣੇ ਵੱਡੇ ਵੈਰੀ—ਆਪਣੇ ਆਪੇ—ਨਾਲ
ਦਲੇਰ ਹੋ ਕੇ ਜੂਝ ਸਕਾਂ।
ਮੈਨੂੰ ਇਸ ਕਾਬਲ ਬਣਾ, ਕਿ ਤੇਰੇ ਦਰਬਾਰ
ਸੁੱਚੇ ਹੱਥ ਤੇ ਉੱਚੇ ਨੇਤਰ ਲੈ ਕੇ ਪਹੁੰਚਾਂ;
ਤੇ ਜਦੋਂ ਜ਼ਿੰਦਗੀ ਦਾ ਸੂਰਜ ਢਲੇ
ਤਾਂ ਨਿਸੰਗ, ਬਿਨਾਂ ਕਿਸੇ ਸ਼ਰਮਿੰਦਗੀ ਦੇ
ਤੇਰੇ ਪਾਸ ਆ ਸਕਾਂ।

*—ਇਕ ਅਮਰੀਕਨ ਆਦਿਵਾਸੀ ਅਰਦਾਸ*

ਹੇ ਮੇਰੇ ਅਨੁਭਵ ਦੇ ਸੁਆਮੀ, ਦ੍ਰਿਸ਼ਟਿ ਮੇਰੀ ਹੋ ਜਾ ਵੇ!
ਤੇਰੇ ਬਾਝ ਹੋਰ ਕਿਨ ਵੇਖਣ ਤਾਈਂ ਚਿੱਤ ਨਾ ਚਾਹਵੇ!
ਰਾਤ ਦਿਨੇ ਉੱਦਾਤ ਯਾਦ ਹੋ ਮਨ ਮੇਰੇ ਘਰ ਕਰ ਜਾ,
ਸੁੱਤਿਆਂ ਤੇ ਜਾਗਦਿਆਂ ਤੇਰੀ ਹੋਂਦ ਮੁਝੇ ਰੁਸ਼ਨਾਵੇ।

*—ਆਇਰਲੈਂਡ ਦੀ ਇਕ ਪਰੰਪਰਾਗਤ ਅਰਦਾਸ*

ਮੈਂ, ਅਵਾਂਡੜੀ ਚਿਣਗ ਨਿਮਾਣੀ,
ਵਿਚ ਸੂਰਜ ਰੁਸ਼ਨਾ ਦੇ।
ਮੈਂ ਇਕ ਤਾਰ, ਨਵੇਲੀ ਜੰਤੀ,
ਮੈਨੂੰ ਸਾਜ਼ ਬਣਾ ਦੇ।
ਮੈਂ ਪਾਣੀ ਦੀ ਬੂੰਦ ਨਚੀਜ਼ੀ,
ਬਰਖਾ ਮੈਨੂੰ ਕਰ ਦੇ।
ਮੈਂ ਮਿੱਟੀ ਦਾ ਅਣੂ ਨਿਕਰਮਾ,
ਮੈਂ ਵਿਚ ਪਰਬਤ ਜੜ ਦੇ।
ਮੈਂ ਇਕ ਬੇਵਸ ਉਡਦੀ ਖੰਭੜੀ,
ਇਸ ਚੋਂ ਪਰ ਉਪਜਾ ਦੇ,
ਮੈਂ ਤਾਂ ਇਕ ਨਿਰਧਨ ਦੀ ਖਿਗੜੀ
ਤਾਜ ਮੁਝੇ ਪਹਿਨਾ ਦੇ।

*—ਇਕ ਮੈਕਸੀਕਨ ਅਰਦਾਸ*

ਹੇ ਸਾਡੇ ਰਾਹਾਂ ਦੇ ਮਾਲਕ,
ਸਗਲੀਆਂ ਪਗ-ਡੰਡੀਆਂ ਦੇ ਸੁਆਮੀ,
ਸੇਧ ਲਈ ਅਰਦਾਸ ਕਰਾਂ।
ਸਿਰ ਤੇ ਅਨਕ ਬਿਜਲੀਆਂ ਸਹਿੰਦੇ
ਹੇ ਘਨਘੋਰ ਮੇਘ ਦੇ ਮਾਲਕ,
ਸਿਰੜ ਲਈ ਅਰਦਾਸ ਕਰਾਂ।
ਖੇਤਾਂ ਖਲਵਾਨਾਂ ਦੇ ਠਾਕੁਰ,
ਪਰਬਤ ਪਾਖਾਣਾਂ ਦੇ ਆਕਾ,
ਸਹਿਜ ਲਈ ਅਰਦਾਸ ਕਰਾਂ।
ਹੇ ਸਦ-ਨਵਤਨ, ਹੇ ਸਦ-ਪੂਰਨ
ਕੋਹਸਾਰਾਂ ਦੀ ਅਮਰ ਆਤਮਾ,
ਜੀਵਨ ਭਰ ਅਰਦਾਸ ਕਰਾਂ।

*—ਇਕ ਨਵਾਹੋ ਇੰਡੀਅਨ ਅਰਦਾਸ*

ਮਾਲਕ, ਤੇਰੀ ਸਿਫ਼ਤ ਕਮਾਵਾਂ—
ਢੰਮ ਢੰਮ ਢੋਲ ਵਜੇ।
ਤੂੰ ਸਾਡੀਆਂ ਭਰ ਦਿੱਤੀਆਂ ਥਾਵਾਂ,
ਢੰਮ ਢੰਮ ਢੋਲ ਵਜੇ।
ਦੌਲਤ, ਇੱਜ਼ਤ, ਸਗਲ ਕਲਾਵਾਂ,
ਢੰਮ ਢੰਮ ਢੋਲ ਵਜੇ।
ਦਿੱਤੀਆਂ ਧੀਆਂ, ਤੀਵੀਆਂ, ਮਾਵਾਂ,
ਢੰਮ ਢੰਮ ਢੋਲ ਵਜੇ।
ਯਾਮ ਪਕਾਵਾਂ, ਰੱਜ ਕੇ ਖਾਵਾਂ
ਢੰਮ ਢੰਮ ਢੋਲ ਵਜੇ।
ਕਿਉਂ ਨਾ ਤੇਰੀ ਸਿਫ਼ਤ ਕਮਾਵਾਂ ?
ਢੰਮ ਢੰਮ ਢੋਲ ਵਜੇ।

*—ਜ਼ਾਇਰੇ ਤੋਂ ਬਾਲੂਬਾ ਕਬੀਲੇ ਦੀ ਅਰਦਾਸ*

ਹੇ ਸ਼ਕਤੀਸ਼੍ਵਰ ਸਾਈਂ ਵਿਸ਼ਵ ਦੇ,
ਤੇਰੇ ਕੀਤੇ ਸਗਲ ਦੇਵਤੇ।
ਤੂੰ ਹੀ ਸ਼ਾਂਤੀ ਸਗਲ ਜਗਤ ਦੀ,
ਤੂੰ ਹੀ ਸ਼ਾਂਤੀ ਸਗਲ ਵਿਸ਼ਵ ਦੀ।

ਹੋ ਜਾਵਣਗੇ ਜਿਸ ਦਿਨ ਸਾਰੇ
ਤੇਰਾ ਹੁਕਮ ਬਜਾਵਣਹਾਰੇ,
ਬਖ਼ਸ਼ੀਂ ਅਸਾਂ ਸਲਤਨਤ ਦੈਵੀ—
ਜਿਸ ਵਿਚ ਮਿਲੇ ਆਨੰਦ ਸਦੈਵੀ।

*—ਓਡੋਰੂ ਸ਼ੁਕਿਓ (ਜਾਪਾਨ) ਦੀ ਅਰਦਾਸ*

ਕੂੜ ਕੁਸੱਤ ਮੇਰਾ ਹਟਿਆ ਕੇ ਮੈਨੂੰ ਸੱਚ ਦਿਖਾ ਦੇ।
ਹੂੰਝ ਕੇ ਮੇਰੇ ਦਿਲੋਂ ਅਮਾਵਸ, ਅੰਦਰ ਜੋਤਿ ਜਗਾ ਦੇ।
ਜਮ ਦੇ ਹੱਥੋਂ ਜਿੰਦ ਛੁਡਾ ਕੇ ਮੈਨੂੰ ਅਮਰ ਬਣਾ ਦੇ।
ਕਾਲ ਮੇਰੇ ਦੇ ਅੰਦਰ ਆਪਣਾ ਸੂੱਛ ਅਕਾਲ ਸਜਾ ਦੇ।

ਮੇਰੀ ਹਰ ਮਾਯੂਸੀ ਵਿਚ ਸਮੋ ਦੇ ਆਸਾਵੰਦੀ।
ਵੈਰ ਮਿਟਾ ਕੇ ਭਰ ਦੇ ਦਿਲ ਵਿਚ ਮਹਿਕ ਪਿਆਰਾਂ ਸੰਦੀ।
ਹੰਝੂਆਂ ਵਿਚ ਅੰਕ ਹਮਦਰਦੀ, ਦਰਦ ਜਗਾ ਇਸ ਜਲ ਵਿਚ,
ਸ਼ਾਂਤੀ ਭਰ ਦੇ ਤਨ ਵਿਚ, ਮਨ ਵਿਚ, ਜਗ ਵਿਚ,
ਵਿਸ਼ਵ ਸਗਲ ਵਿਚ।

*—ਬ੍ਰਿਹਦ-ਆਰਣਜਕ ਉਪਨਿਸ਼ਦ 'ਤੇ ਆਧਾਰਿਤ*

ਮੁਖੋਂ ਜੇ ਤੁਧ 'ਅਗੰਮ' ਅਲਾਵਾਂ,
ਰੂਹ ਆਖੇ 'ਮਤਲੂਬ'।
ਮੂੰਹੋਂ ਭਾਵੇਂ 'ਮਾਲਕ' ਆਖਾਂ
ਦਿਲੋਂ ਕਹਾਂ 'ਮਹਿਬੂਬ'!

*—ਇਕ ਸੂਫ਼ੀ ਦੁਆ*



ਗਾਵਾਂ ਤੇਰੇ ਪਾਕ ਸੋਹਿਲੇ ਮੇਰੇ ਸੁਆਮੀ।
ਧੁਰ ਹਿਰਦੇ 'ਚੋਂ ਹੇਕ ਲਗਾਵਾਂ ਅੰਤਰਜਾਮੀ।
ਲਵਾਂ ਸਮੇਟ ਤੁਹਾਨੂੰ ਫਿਰ ਬਾਹਾਂ ਫੈਲਾ ਕੇ।
ਗੋਡਿਆਂ ਪਰਨੇ ਹੋ ਕੇ ਜਾਂ ਅਰਦਾਸ ਗੁਜ਼ਾਰਾਂ,
ਧਾਰ ਕੇ ਸੱਚ, ਬਿਬੇਕ, ਨਿਮ੍ਰਤਾ, ਸੁੱਛ ਵਿਚਾਰਾਂ,
ਕਿਉਂ ਨ ਤੈਨੂੰ ਵੇਖਾਂ ਅੰਦਰ ਝਾਤੀ ਪਾ ਕੇ?

*—ਇਕ ਪਾਰਸੀ ਪ੍ਰਾਰਥਨਾ*

ਹੇ ਮਾਲਕ, ਮੁਝ ਜਾਚ ਸਿਖਾ ਦੇ।
ਮੇਰੀ ਦ੍ਰਿਸ਼ਟਿ ਉਦਾਰ ਬਣਾ ਦੇ।
ਲਾਇਕ ਹੋ ਕੇ ਸੇਵ ਕਮਾਵਾਂ।
ਗਿਣਤੀ ਤਜ ਕੇ ਆਪ ਲੁਟਾਵਾਂ।
ਘਾਓ ਨ ਅਪਣੇ ਵੇਖਾਂ ਰਣ ਵਿਚ।
ਕੋਈ ਕਾਮਨਾ ਕਰਾਂ ਨ ਕੰਮ ਵਿਚ।
ਹੇ ਸਾਹਿਬ, ਮੈਂ ਏਹੋ ਚਾਹਵਾਂ:
ਪਲ ਪਲ ਤੇਰਾ ਹੁਕਮ ਬਜਾਵਾਂ।

*—ਸੇਂਟ ਇਗਨੇਸ਼ੀਅਸ ਲਾਇਓਲਾ*





ਹੇ ਮਾਲਕ, ਮੇਰੀ ਹਉਮੈ ਲੈ ਕੇ,
ਪਉਣਾਂ ਵਿਚ ਖਿੰਡਾ ਦੇ।
ਸਾਰਾ ਜੀਵਨ ਮੇਰਾ ਲੈ ਕੇ,
ਇਸ ਨੂੰ ਆਪ ਹੰਢਾ ਦੇ।
ਇਹ ਜੀਣਾ ਮੈਂ ਜੀਣ ਨ ਚਾਹਾਂ,
ਤੂੰ ਇਸ ਅੰਦਰ ਆ ਜਾ,
ਅਪਣੇ ਤੇ ਮੇਰੇ ਵਿਚਕਾਰੋਂ
ਤੂੰ-ਮੈਂ ਸਗਲ ਮਿਟਾ ਦੇ।

*—ਸੰਤ ਤੁਕਾ ਰਾਮ*

ਪ੍ਰਭੁ ਜੀ, ਜੋ ਤੂੰ ਕਰੇਂ ਸੁ ਹੋਈ।
ਜੇ ਕੋਈ ਘਾਲ ਆਪਣੀ ਮੰਨੇ, ਕੂੜ ਅਲਾਵੇ ਸੋਈ।
ਸਾਧਨ, ਮੰਤ, ਤੰਤ, ਉੱਦਮ, ਬਲ, ਸੁੱਟਾਂ ਪਰੇ ਚੁਕੋਈ।
ਜੋ ਲਿਲਾਟ ਲਿਖਿਆ ਤੁਧ ਕਰਤੇ, ਮੇਟ ਨ ਸਕਦਾ ਕੋਈ।
ਦੁਖ-ਸੁਖ, ਲਾਭ-ਅਲਾਭ ਨ ਜਾਣੇ, ਹਰ ਕੋ ਮਰਦਾ ਰੋਈ।
ਸੂਰਦਾਸ ਨੂੰ ਚਰਨੀਂ ਲਾਵੋ, ਸੁਣੋ ਪ੍ਰਭੂ ਅਰਜ਼ੋਈ।

*—ਸੂਰਦਾਸ*

ਤੂੰ ਜੀਵਨ ਬ੍ਰਹਮੰਡ ਸਗਲ ਦਾ।
ਨ੍ਹੇਰਾ ਸ਼ਬ ਦਾ, ਚਾਨਣ ਦਿਨ ਦਾ।
ਕਰਮ-ਖੇਤ ਮੇਰੇ ਜੀਵਨ ਦਾ।
ਸੁਪਨ-ਦੇਸ ਮੇਰੀ ਨੀਂਦਰ ਦਾ।

ਹੇ ਮੇਰੇ ਜੀਵਨ ਦੇ ਜੀਵਨ,
ਤਿਮਰ ਰੈਣ ਦੇ, ਦਿਨ ਦੇ ਚਾਨਣ,
ਪਾਪ-ਪੁੰਨ ਇਸ ਦਿਲੋਂ ਉਡਾ ਦੇ,
ਮਨ ਮੇਰੇ ਵਿਚ ਸੁੰਨ ਵਰਤਾ ਦੇ।
ਫਿਰ ਮੇਰੇ ਸਖਣੇ ਦਿਲ ਅੰਦਰ,
ਸਾਲਮ ਇਕ ਅਰਦਾਸ ਟਿਕਾ ਦੇ।





ਫਿਰ ਉਸ ਨੂੰ ਛੁਹ ਅਪਣੀ ਲਾ ਕੇ,
ਮੇਰਾ ਲੁਛਦਾ ਮਨ ਵਰਚਾ ਦੇ।
ਫਿਰ ਸੀਨੇ ਦੇ ਨਾਲ ਲਗਾ ਕੇ,
ਬਾਹਾਂ ਮੇਰੇ ਗਿਰਦ ਵਲਾ ਦੇ।

ਦਿਨ ਦੇ ਚਾਣ, ਤਿਮਰ ਰੈਨ ਦੇ,
ਅਪਣੀ ਛਾਵੇਂ ਮੁਝੇ ਬਿਠਾ ਦੇ।

*—ਸੀ.ਆਰ. ਦਾਸ ਦੇ ਆਧਾਰ 'ਤੇ*

ਹੇ ਸਮਸਤ ਦੁਨੀਆਵਾਂ ਦੇ ਬੇਖ਼ੌਫ਼ ਖ਼ੁਦਾ,
ਰੁੱਤਾਂ ਮਾਰੀ ਰੂਹ ਸਾਡੀ ਤੇ ਮਿਹਰ ਵਸਾ!

*—ਵੈਸਟ ਇੰਡੀਜ਼ ਤੋਂ ਇਕ ਦੁਆ*



ਰੱਬਾ ਜੀ, ਤੂੰ ਨਾਲ ਮੁਹੱਬਤ ਆਲਮ ਸਗਲ ਉਪਾਇਆ,
ਤਾਂ ਜੋ ਕਾਇਨਾਤ ਅਪਣੀ ਦਾ ਅੱਬਾ ਜਾਏਂ ਸਦਾਇਆ।
ਕਾਇਨਾਤ ਸਾਰੀ ਦੇ ਕਾਦਰ, ਕੁਲ ਖ਼ਲਕਤ ਦੇ ਖ਼ਾਲਕ,
ਤੇਰੇ ਜੇਡਾ ਕੋਈ ਮੁਹੱਬੀ ਮੈਨੂੰ ਨਜ਼ਰ ਨ ਆਇਆ।



ਤੇਰੇ ਜਹੇ ਖ਼ੁਲੂਸ ਨਾਲ ਹੀ ਮੈਂ ਜੇਕਰ ਤੁਧ ਪਿਆਰਾਂ,
ਏਸ ਫ਼ਰਜ਼ ਤੋਂ ਫ਼ੈਜ਼ ਨ ਉੱਤਮ ਦੂਜਾ ਕੋਈ ਚਿਤਾਰਾਂ,
ਹਿੰਮਤ ਮੈਨੂੰ ਦੇ ਦੇ ਬਾਬਾ, ਮੈਂ ਇਹ ਫ਼ਰਜ਼ ਨਿਭਾਵਾਂ,
ਹੋਰ ਨ ਲੋੜ ਨਜ਼ਰ ਕੁਝ ਆਵੇ ਜਿਸ ਲਈ ਅਰਜ਼ ਗੁਜ਼ਾਰਾਂ।

*—ਰਹਿਮਾਨ ਬਾਬਾ*

ਦਾਤਾ! ਲੱਥ ਜਾ ਦਿਲ ਮੇਰੇ ਵਿਚ,
ਘੁਲ ਜਾ ਮੇਰੀਆਂ ਲੋਚਾਂ ਵਿਚ।
ਵੱਸ ਕੇ ਮੇਰੇ ਮਸਤਕ ਅੰਦਰ,
ਰੱਸ ਜਾ ਮੇਰੀਆਂ ਸੋਚਾਂ ਵਿਚ।
ਧੱਸ ਜਾ ਮੇਰੀਆਂ ਅੱਖੀਆਂ ਅੰਦਰ,
ਮੇਰੀ ਨਜ਼ਰ ਸਜਾ ਦੇ ਤੂੰ।
ਬਹਿ ਜਾ ਲਬਾਂ ਮੇਰਿਆਂ ਉਪਰ,
ਮੇਰੇ ਬੋਲ ਸੁਹਾ ਦੇ ਤੂੰ।



ਘਰ ਕਰ ਜਾ ਹੱਥਾ ਵਿਚ ਮੇਰੇ,
ਕਰਮ ਮੇਰੇ ਰੁਸ਼ਨਾ ਦੇ ਤੂੰ।
ਪੈਰਾਂ ਵਿਚ ਸਰਾਇਤ ਕਰ ਕੇ,
ਇਨ੍ਹਾਂ ਸੁਮਾਰਗ ਪਾ ਦੇ ਤੂੰ।

ਫਿਰ ਜਦ ਸੱਦਾ ਹੋਈ ਭੇਜਣਾ,
ਦਿਲ 'ਚੋਂ ਆਣ ਸਦਾਅ ਦੇਵੀਂ।
ਇਉਂ ਮੇਰੇ ਆਖ਼ੀਰ ਤਾਈਂ ਵੀ,
ਇਕ ਅਰਦਾਸ ਬਣਾ ਦੇਵੀਂ।

*—ਜ.ਸ.ਨ.*

ਸਾਡੇ ਪੂਰਬਜਾਂ ਨੇ ਨੇਜੇ ਸਾਡੇ ਹੱਥ ਫੜਾਏ—
ਤੇ ਉਹਨਾਂ ਨੂੰ ਵਰਤਣ ਖ਼ਾਤਰ ਸਗਲੇ ਦਾਓ ਸਿਖਾਏ।
ਤੂੰ ਜੋ ਜ਼ਿੰਦਗਾਨੀ ਦੀ ਪੁਸਤਕ ਸਾਡੇ ਹੱਥ ਫੜਾਈ,
ਇਸ ਨੂੰ ਵਾਚਣ ਦੀ ਕਿਉਂ ਸਾਨੂੰ ਜਾਚ ਨਹੀਂ ਸਿਖਲਾਈ ?

*—ਇਕ ਅਫ਼ਰੀਕੀ ਕਬੀਲੇ ਦੀ ਦੁਆ*

ਮਾਲਕ। ਮੈਨੂੰ ਓਵੇਂ ਕਰ ਦੇ
ਜਿਵੇਂ ਰਜ਼ਾ ਹੈ ਤੇਰੀ।
ਮੈਂ ਅੰਦਰ ਕੇਵਲ ਤੂੰ ਵਰਤੇਂ
ਲੇਸ ਨ ਹੋਵੇ ਮੇਰੀ।

*—ਬ੍ਰਦਰ ਲਾਰੈਂਸ*

ਹੋੜ ਦੇ ਮੇਰੇ ਨੇਤਰ ਪਾਪ ਨਿਹਾਰਨ ਤੋਂ।
ਕੰਨ ਹੋੜ ਮੰਦਸੋਆਂ ਗੋਸ਼-ਗੁਜ਼ਾਰਨ ਤੋਂ।
ਰਿਦਾ ਹੋੜ ਦੇ ਕੂੜ ਕੁਸੱਤ ਵਿਚਾਰਨ ਤੋਂ।
ਕਦਮ ਹੋੜ ਦੇ ਵਰਜਿਆ ਪੈਂਡਾ ਮਾਰਨ ਤੋਂ।

ਪੈਰ ਤਾਂ ਮੇਰੇ ਤੋਰ ਸੱਚ ਦੇ ਰਾਹਾਂ ਤੇ,
ਖੁੰਡ ਅਪਣਾ ਆਦੇਸ ਮੇਰੀਆਂ ਬਾਹਾਂ ਤੇ,
ਅਪਣਾ ਰਹਿਮ ਲੁਟਾ ਦੇ ਮੇਰੇ ਸਾਹਾਂ ਤੇ।

*—ਬੇਰਾਕੋਥ*





ਇਸ ਲਈ ਤੈਥੋਂ ਡਰਾਂ ਮੈਂ ਰੱਬਾ,
ਕਿ ਜੱਬਾਰ ਕਹਾਵੇਂ ਤੂੰ ?
ਤੁਧ ਜਿਹਾ ਮੈਨੂੰ ਯਾਰ ਨ ਦਿੱਸੇ,
ਕਿਸੇ ਨ ਕਦੇ ਡਰਾਵੇਂ ਤੂੰ !

ਤੈਨੂੰ ਸਾਰ ਦਿਲੇ ਦੀ ਸਾਰੀ
ਮਨ ਦਾ ਮੰਤਵ ਜਾਣੇਂ ਤੂੰ।
ਕਿਉਂ ਨਾ ਸਿਫ਼ਤ ਕਮਾਵਾਂ ਤੇਰੀ,
ਮੇਰੇ ਦਰਦ ਪਛਾਣੇਂ ਤੂੰ।

ਨੂਰ ਤੇਰੇ ਉਤੋਂ ਮੈਂ ਵਾਰੀ,
ਹੋਰ ਜੋਤਿ ਚੁੰਧਿਆਵਣਹਾਰੀ।

*—ਅੱਬੁਲ ਹੁਸੈਨ ਅਲ ਨੂਰੀ*

ਹੇ ਸਦ ਸਮਰਥ ਪਿਤਾ ਹਮਾਰੇ,
ਧੁਰ ਤੋਂ ਅੰਨ ਪੁਚਾਵਣਹਾਰੇ।
ਅਸੀਂ ਰਾਤ ਦੀ ਕੁਖੜੀ ਵਿਚੋਂ
ਹੁਣੇ ਹੁਣੇ ਹਾਂ ਜਾਏ।
ਇਸ ਤੜਕੇ ਦੀ ਪ੍ਰਥਮ ਕਿਰਨ ਦੇ
ਨਾਲ ਤੇਰੇ ਦਰ ਆਏ।
ਨਜ਼ਰ ਗੁਆਚੀ ਫਿਰੇ ਜਦੋਂ ਤਕ
ਦਰਸ ਨ ਮਿਲਣ ਤਿਹਾਰੇ,
ਹੇ ਸੱਚੜੇ ਸਰਦਾਰ ਹਮਾਰੇ !

*—ਦੱਖਣੀ ਅਫ਼ਰੀਕਾ ਤੋਂ*

ਹੇ ਰੱਬਾ ! ਇਕ ਅਰਜ਼ ਸੁਣੀਂ ਮੇਰੀ ਅਰਦਾਸ।
ਅਪੜਨ ਦੇਵੀਂ ਇਹ ਬੇਨੰਤੀ ਅਪਣੇ ਪਾਸ।
ਮੈਨੂੰ ਪਤਾ, ਕਿ ਸ੍ਰਵਣ ਤੇਰੇ ਮੇਰੇ ਵਲ ਖ਼ਾਸ।
ਮੈਨੂੰ ਤੇਰੀ ਰਹਿਮਤ ਉਤੇ ਸਦ ਵਿਸ਼ਵਾਸ।

ਇਕ ਤਾਲਾ ਮੈਂ ਅਪਣੇ ਹਿਰਦੇ ਉਪਰ ਲਾਇਆ,
ਇਕ ਤਾਲਾ ਮੈਂ ਲਾਇਆ ਅਪਣੀਆਂ ਸੋਚਾਂ 'ਤੇ;
ਇਕ ਤਾਲਾ ਮੈਂ ਜੜਿਆ ਅਪਣਿਆਂ ਬੁਲ੍ਹਾਂ ਉੱਪਰ,
ਦੂਹਰਾ ਤਾਲਾ ਜੜਿਆ ਅਪਣੀਆਂ ਲੋਚਾਂ 'ਤੇ।

ਪਰ, ਤੂੰ, ਮਾਲਕ ਵਸ ਜਾ ਮੇਰੇ ਪਿੰਡੇ ਅੰਦਰ,
ਘੁਲ ਜਾ ਮੇਰੇ ਸਿਰ ਤੋਂ ਲੈ ਕੇ ਦਾਵਣ ਤਕ;
ਹੇ ਮੇਰੇ ਧ੍ਰੂ ਤਾਰੇ ਰਾਹ ਦਿਖਾਂਦਾ ਜਾ,
ਮੇਰੇ ਜੰਮਣ ਤੋਂ ਲੈ ਕੇ ਤੁਰ ਜਾਵਣ ਤਕ।

*—'ਕਾਰਮੀਨਾ ਗੈਡੇਲੀਕਾ' ਵਿਚੋਂ*

ਜੀਵਾਂ ਇਕ ਅਰਦਾਸ,
ਥੀਵਾਂ ਇਕ ਅਰਦਾਸ!

ਕਾਇਆ ਅੰਦਰ ਅਲਖ ਜਗਾਵਾਂ,
ਰੋਮ ਰੋਮ ਵੈਰਾਗ ਹੰਢਾਵਾਂ;
ਹੱਥ ਫੜਾਂ ਬਿਰਹੋਂ ਦਾ ਛੰਨਾ,
ਨੇਤਰ ਥੀਵੇ ਅਥਰੂ-ਭਿੰਨਾ,
ਮਨ ਅਤੀਤ ਹੋਵੇ ਆਲਮ ਤੋਂ
ਝੋਲ ਹੋਏ ਵਿਸ਼ਵਾਸ!

ਨਿਰਮਲ ਚਿੱਤ ਬਣਾਵਾਂ ਮੰਦਰ,
ਤੁਧ ਸੁੰਦਰ ਨੂੰ ਥਾਪਾਂ ਅੰਦਰ;
ਬਾਗ਼ ਬਹਿਸ਼ਤ ਖਿੜੇ ਰੋਮਾਵਲ,
ਗੂੰਜੇ ਨਾਦ ਅਨੂਪ, ਅਨਾਹਦ;
ਸੁੱਚਾ ਪਿਰਮ-ਪਿਆਲਾ ਪੀਵਣ
ਜੁਗ-ਤਿਰਹਾਏ ਸੁਆਸ!

ਨਿਬੜ ਜਾਣ ਆਹਾਂ ਤੇ ਹਉਕੇ,
ਮਹਿਕੇ ਅੰਦਰਾ ਉਰਵਰ ਹੋ ਕੇ।
ਰੰਗ ਅਰਸ਼ ਦੇ ਹੋ ਕੇ ਗੱਭਣ,
ਆਣ ਆਤਮਾ ਅੰਦਰ ਫੱਬਣ।
ਇਕੋ ਨਾਮ ਲਬਾਂ 'ਚੋਂ ਗੂੰਜੇ,
ਜਿੰਦੂ ਦਾ ਧਰਵਾਸ!

ਮੌਨ ਉਚਾਰੇ 'ਸੰਭਵ! ਸੰਭਵ!'
ਧਿਆਨ ਖਲੋਵੇ ਬਣ ਅਸਤੰਭਵ।
ਲਿਸ਼ਕ ਜਾਣ ਕਾਇਆ ਦੇ ਬੂਹੇ,
ਰੰਗ ਚਲੂਲ ਸੁਹਾਵਣ ਸੂਹੇ।
ਅੰਦਰੋਂ ਰੂਹ ਵਿਸਮਾਦ ਹੰਢਾਂਦੀ,
ਸਹਿਜ ਕਹੇ 'ਸ਼ਾਬਾਸ!'

ਜੀਵਾਂ ਇਕ ਅਰਦਾਸ,
ਥੀਵਾਂ ਇਕ ਅਰਦਾਸ!

—ਜ.ਸ.ਨ.

ਹੇ ਮਹਾ ਕਰੁਣਾ!
ਹੇ ਅਵਿਲੋਕਿਤੇਸ਼ਵਰ!
ਰੂਪ ਤੇਰਾ ਅਤਿ ਉੱਜਲ, ਅਤਿ ਨਿਰਮਲ,
ਜੋਤਿ-ਕਿਰਨਾਂ ਦੀ ਵਾਛੜ ਕਰਦਾ।
ਤੈਨੂੰ ਕੋਈ ਲੋਚ ਨਾ,
ਦਾਗ਼ ਨਾ!
ਤੇਰੇ ਇਕ ਚਿਹਰੇ 'ਚੋਂ ਲਿਸ਼ਕਣ
ਸੌ ਮੁਸਕਾਂਦੇ ਮੁਖੜੇ।
ਹਿਰਦਾ ਤੇਰਾ, ਸਰਬ ਜੀਆਂ ਦੇ
ਪਿਆਰ ਨਾਲ ਭਰਪੂਰ!
ਨੇਤਰ ਤੇਰੇ ਸ਼ਾਂਤ, ਕਲੰਕ-ਵਿਹੀਣ!

ਕਰੁਣਾ ਤੇਰੀ ਸਭਸ ਲਈ ਇਕਸਾਰ!
ਹੇ ਕਰੁਣਾਮੈ,
ਤੇਰੀ ਜੈ ਜੈ,
ਤੈਨੂੰ ਮੇਰੀ ਨਮੋ ਅਨੇਕਾਂ ਵਾਰ! *—ਤਿੱਬਤ ਦੀ ਇਕ ਮਹਾਯਾਨ ਪ੍ਰਾਰਥਨਾ*

ਹੇ ਮਮ-ਪਿਤਾ, ਮਹਾਨ ਪਿਤਾਮੇ
ਕੀਕਣ ਕਰਾਂ ਤੇਰਾ ਧੰਨਵਾਦ?
ਵਾਕ ਵਿਹੂਣਾ, ਬੋਲ ਵਿਹੂਣਾ,
ਅੱਖਰ ਇਕ ਨ ਆਵੇ ਯਾਦ!
ਪਰ ਤੂੰ ਜਾਣਕਾਰ ਸਭ ਜਾਣੇਂ:
ਤੇਰੀਆਂ ਵਸਤਾਂ ਤੋਂ ਹੀ ਮੇਰਾ
ਘਰ-ਬਾਹਰ ਆਬਾਦ!
ਮੈਂ ਇਹਨਾਂ ਦੀ ਕੀਮ ਨ ਜਾਣਾਂ,
ਪਰ ਇਨ ਥਾਣੀਂ ਰਹਿਮਤ ਤੇਰੀ
ਰੂਹ ਕਰ ਜਾਂਦੀ ਸ਼ਾਦ!
ਹੇ ਬਾਪੂ, ਜਦ ਤੈਂ ਵਲ ਵੇਖਾਂ,
ਹੀਆ ਠਨੂੰਬਰ ਜਾਵੇ ਮੇਰਾ
ਹੇ ਮਾਲਕ ਧਰਤਾਂ, ਗਗਨਾਂ ਦੇ
ਮੈਂ ਹਾਂ ਹੀਣ ਸਿਪਾਹੀ ਤੇਰਾ।
ਤੇਰਾ ਹੁਕਮ ਬਜਾਵਣਹਾਰਾ
ਆਖਾਂ 'ਕਰ ਇਰਸ਼ਾਦ!' *—ਕੀਨੀਆ ਤੋਂ ਕਿਕੂਯੂ ਅਰਦਾਸ*

# ਸੂਰਤਿ ਮੂਰਤਿ ਆਦਿ ਅਨੂਪੁ



ਸੂਰਤਿ ਮੂਰਤਿ ਆਦਿ ਅਨੂਪੁ ॥
ਨਾਨਕੁ ਜਾਚੈ ਸਾਚੁ ਸਰੂਪੁ ॥

*— ਧਨਾਸਰੀ ਮ: ੧ (686:3)*

ਸਾਰਾ ਸੰਸਾਰ ਇਕ ਨੁਮਾਇਸ਼ ਹੈ ਜਿਸ ਵਿਚ ਸਜੀ ਹੋਈ
ਹਰ ਵਸਤ ਰੱਬ ਦੀ ਲੰਮੀ ਨਦਰ ਤੇ ਅਪਾਰ
ਰਹਿਮਤ ਦੀ ਅਨੂਠੀ ਤੇ ਸੰਪੰਨ
ਕਲਾ-ਕਿਰਤ ਹੈ।

3

# ਸੂਰਤਿ ਮੂਰਤਿ ਆਦਿ ਅਨੂਪੁ

ਵਾਹਿਗੁਰੂ ਸਾਡਾ ਜੀਵੰਤ ਕਰਤਾਰ ਹੈ—ਕਰਣ ਕਾਰਣ ਸਮਰਥ! ਧਰਤੀ ਨੂੰ ਬਨਸਪਤਿ ਨਾਲ ਉਸੇ ਨੇ ਸਜਾਇਆ। ਪਉਣਾਂ ਵਿਚ ਪੰਛੀਆਂ ਦੀ ਚਹਿਕਾਰ ਉਸੇ ਨੇ ਖਿਲਾਰੀ। ਪਾਣੀਆਂ ਵਿਚ ਝੀਂਗੇ-ਮੱਛੀਆਂ ਉਸੇ ਨੇ ਤੈਰਾਏ। ਬਨਾਂ ਵਿਚ ਸ਼ੇਰ-ਹਾਥੀ, ਘਾਹਾਂ ਵਿਚ ਸੱਪ-ਸਡੂੰਘੇ, ਖੁੱਡਾਂ ਵਿਚ ਨਿਓਲੇ-ਚੂਹੇ, ਰੁੱਡਾਂ ਵਿਚ ਕੀੜੇ-ਕਾਢੇ, ਥਲਾਂ ਵਿਚ ਢੋਰ-ਡੰਗਰ, ਚਰਾਂਦਾਂ ਵਿਚ ਵੱਗ-ਇੱਜੜ, ਰਾਹਾਂ 'ਤੇ ਊਠ-ਘੋੜੇ ਉਸ ਨੇ ਦੌੜਾਏ ਤੇ ਹਰਥੇ ਹਰ ਕਿਸੇ ਨੂੰ ਮੁਕੰਮਲ ਸੁੰਦਰਤਾ ਬਖ਼ਸ਼ੀ।

ਬਰਫ਼ਾਂ ਪਾਂਦਾ ਵੀ ਓਹਾ, ਪਿਘਲਾਂਦਾ ਵੀ ਓਹਾ। ਧੁੱਪਾਂ ਚੜ੍ਹਾਂਦਾ ਵੀ ਓਹਾ, ਛਾਵਾਂ ਵਿਛਾਂਦਾ ਵੀ ਓਹਾ। ਪਰਬਤ ਘੜਦਾ ਵੀ ਓਹਾ, ਟਿੱਲੇ ਭੰਨਦਾ ਵੀ ਓਹਾ। ਪਰ, ਹਰਥੇ ਸਫਟਕ ਮਣੀਆਂ ਜੜੀ ਜਾਂਦਾ। ਸੂਰਜ ਦੀ ਆਪਣੀ ਦੱਖ, ਟਟਹਿਣੇ ਦੀ ਆਪਣੀ। ਟਿੱਲੇ ਦੀ ਆਪਣੀ ਸ਼ਾਨ, ਕਿਣਕੇ ਦੀ ਆਪਣੀ। ਪਰ ਹਰ ਦੱਖ, ਹਰ ਸ਼ਾਨ ਵਿਚ ਉਹ ਆਪ ਲਿਸ਼ਕਦਾ! ਤਾਰੇ ਆਕਾਸ਼ 'ਤੇ ਝਿਲਮਿਲਾਂਦੇ, ਫੁੱਲ ਬਾਗ਼ਾਨ ਵਿਚ ਖਿੜਦੇ, ਬਰਫ਼-ਫੰਭੇ ਪਉਣਾਂ ਵਿਚ ਲਟਕਦੇ। ਸਭ ਦੇ ਸਭ ਉਸ ਦੀ ਅਪਾਰ ਸੁੰਦਰਤਾ ਦੇ ਅਣੂ ਲਿਸ਼ਕਦੇ।

ਜਿਸ ਦੀ ਕੁਦਰਤ ਏਡੀ ਸੁਹਣੀ, ਦਿਲ-ਖਿਚਵੀਂ, ਉਹ ਕਾਦਰ ਆਪ ਕਿਤਨਾ ਸੁੰਦਰ, ਅਨੂਪਮ? ਜਿਸ ਕਿਸੇ ਵੀ ਉਸ ਦਾ ਦੀਦਾਰ ਪਾਇਆ, ਉਹੀ ਉਹੀ ਮੁੱਠਿਆ ਗਿਆ। ਉਸੇ ਜੋਗਾ ਹੋ ਗਿਆ। ਜੇਕਰ ਸੂਫ਼ੀ ਉਸ ਨੂੰ ਆਪਣਾ 'ਮਹਿਬੂਬ' ਆਖਦਾ ਤਾਂ ਉਸ ਦੇ ਸੁਹੱਪਣ ਦੀ ਸਾਖੀ ਭਰਦਾ। ਜੇਕਰ ਗੁਰੂ ਅਰਜਨ ਦੇਵ ਜੀ ਉਸ ਨੂੰ 'ਸੁੰਦਰ' ਆਖ ਕੇ ਸਿਮਰਦੇ, ਤਾਂ ਵੀ ਉਸੇ ਦੇ ਸੁਹਾਣ ਦੀ ਸ਼ਾਹਦੀ ਭਰਦੇ।

ਸਾਨੂੰ ਪ੍ਰਾਣ ਵੀ ਓਸੇ ਦਿੱਤੇ, ਤਾਣ ਵੀ ਓਸੇ ਦਿੱਤਾ। ਭੋਰਾ ਜਿੰਨੇ ਤਾਣ ਨਾਲ ਹੀ ਮਨੁੱਖ ਆਪੇ ਵਿਚ ਨਹੀਂ ਮਿਉਂਦਾ। ਉਸ ਦਾ ਘੜਨਹਾਰਾ ਕੇਡਾ ਸ਼ਕਤੀਵਰ ਹੋਣਾ? ਅਸੀਂ ਤਾਂ ਡੰਡੌਤ ਹੀ ਕਰ ਸਕਦੇ ਉਸ ਸ਼ਕਤੀ ਅੱਗੇ, ਜਿਸ ਦਾ ਹਾਥ ਨਹੀਂ ਪਾਇਆ ਜਾ ਸਕਦਾ। ਉਹ ਕਰਤਾਰੀ

ਸ਼ਕਤੀ ਤਾਂ ਸਮਸਤ ਬ੍ਰਹਿਮੰਡ ਉਹਲੇ ਵਰਤਦੀ ਤੇ ਊਰਜਾ ਹੋ ਕੇ, ਜ਼ਿੰਦਗੀ ਹੋ ਕੇ, ਵਿਧਾਨ ਹੋ ਕੇ, ਸੁੰਦਰਤਾ ਹੋ ਕੇ, ਚੇਤਨਾ ਹੋ ਕੇ, ਵਿਚਾਰ ਹੋ ਕੇ, ਅੰਤਹਕਰਣ ਹੋ ਕੇ, ਪਿਆਰ ਹੋ ਕੇ ਪ੍ਰਕਾਸ਼ਮਾਨ ਪਈ ਹੋਂਦੀ ਹੈ। ਪਦਾਰਥਾਂ ਤੋਂ ਪਰੇ ਵੀ ਉਹ, ਪਦਾਰਥਾਂ ਦੇ ਅੰਦਰ ਵੀ ਉਹ। ਪਰਾਸਰੀਰਕ ਉਸ ਦੀ ਹੋਂਦ, ਅਸੀਮ, ਬੇਅੰਤ, ਅਕਾਲ, ਜਾਗਤ ਜੋਤਿ, ਜੀਵੰਤ, ਸੁੰਦਰਤਮ, ਸਦਾ ਵਿਗਸਦਾ ਸੱਚ!

ਉਹ ਨਿਰੋਲ 'ਇਕ!' ਉਸ ਦੀ ਸੁੰਦਰਤਾ ਤੇ ਉਸ ਦੀ ਹੋਂਦ ਵੱਖ ਵੱਖ ਨਹੀਂ, ਇਕੋ ਹਨ। ਉਸ ਦੀ ਚੇਤਨਾ ਤੇ ਉਹ ਆਪ, ਉਸ ਦਾ ਸੱਚ ਤੇ ਉਹ ਆਪ, ਉਸ ਦਾ ਨਾਮ ਤੇ ਉਹ ਆਪ, ਉਸ ਦਾ ਨਿਆਂ ਤੇ ਉਹ ਆਪ, ਉਸ ਦੀ ਕੁਦਰਤ ਤੇ ਉਹ ਆਪ ਸਭ ਇਕੋ ਹਨ। ਤਦੇ ਤਾਂ ਉਹ 'ਇਕ ਓਅੰਕਾਰ' ਹੈ।

ਮੌਨ ਵਿਚ ਵੀ ਓਹਾ, ਨਾਦ ਵਿਚ ਵੀ ਓਹਾ। ਉਹ ਕੇਵਲ ਸ਼ਾਂਤ ਸਮਾਧੀ ਵਿਚ ਹੀ ਨਹੀਂ ਮਿਲਦਾ, ਤੂਫ਼ਾਨਾਂ ਦੇ ਕੰਧੇ ਚੜ੍ਹਿਆ ਵੀ ਉਹੀ ਆਉਂਦਾ, ਹਨੇਰੀਆਂ ਦੇ ਮੋਢਿਆਂ 'ਤੇ ਵੀ ਓਹੋ ਝੂਲਦਾ ਦਿੱਸਦਾ। ਹੜ੍ਹਦੇ ਦਰੀਆਵਾਂ ਵਿਚ ਵੀ ਉਹ ਵਗਦਾ, ਕੜਕਦੀਆਂ ਬਿਜਲੀਆਂ ਵਿਚ ਵੀ ਉਹ ਕੌਂਦਦਾ, ਧਦਕਦੇ ਭੂਚਾਲਾਂ ਵਿਚ ਵੀ ਉਹੀ ਥਰਕਾਂਬੇ ਜਗਾਂਦਾ।

ਪੱਥਰ ਦਾ ਰੱਬ ਵੀ ਓਹਾ, ਕੱਚ ਦਾ ਵੀ ਓਹਾ। ਤਾਲਾਬ ਦੀ ਰੂਹ ਵੀ ਓਹਾ, ਗੁਲਾਬ ਦੀ ਮਹਿਕ ਵੀ ਓਹਾ। ਚਿੜੀ ਵਿਚ ਚੁਹਕਦਾ ਵੀ ਉਹ, ਮੱਖੀ ਵਿਚ ਭਿਣਕਦਾ ਵੀ ਉਹ। ਹੋਂਦ ਦੀ ਅਤਿ ਸੁੰਦਰ, ਅਤਿ ਸ਼ਕਤੀਵਰ ਲਹਿਰ ਅਸੰਖ ਪ੍ਰਣਾਲੀਆਂ ਵਿਚ ਤੁਰੀ ਆਉਂਦੀ। ਇਸ ਦਾ ਸੋਮਾ ਵੀ ਉਹ, ਚਾਲਕ ਵੀ ਉਹ। ਆਦਿ ਵੀ ਉਹ, ਅੰਤ ਵੀ ਉਹ!

> ਘਾਹ ਦੀਆਂ ਸਿਲ੍ਹੀਆਂ ਤਿੜਾਂ ਨੂੰ ਲਾਂਭੇ ਕਰ, ਜਦ ਵੀ ਮੈਂ ਮਿੱਟੀ ਵਿਚ ਆਪਣੀ ਉਂਗਲ ਖੋਭਦਾ ਹਾਂ, ਉਹ ਅਵੱਸ਼ ਮੇਰੇ ਰੱਬ ਦੇ ਦਿਲ ਤੇ ਜਾ ਟਿਕਦੀ ਹੈ। *—ਐਡਨਾ ਸੇਂਟ ਵਿਨਸੈਂਟ ਮਿੱਲੇ*

> ਮਨੁੱਖ ਦੂਰ ਹੁੰਦਾ ਹੈ, ਰੱਬ ਕਦੇ ਨਹੀਂ। *—ਟਾਮਸ ਪ੍ਰਿੰਗਲ*

> ਸੱਚੀ, ਸਦੀਵਤਾ ਵੀ ਨਾਕਾਫ਼ੀ ਹੈ
> ਤੇਰੇ ਸਰਬ ਗੁਣ ਗਾਉਣ ਲਈ! *—ਐਡੀਸਨ*

• •

ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ ॥
ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ ॥੧॥
ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ ॥
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ ॥ਰਹਾਉ॥
ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ ॥
ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ ॥੨॥
ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥
ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥੩॥
ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ ॥
ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰ ਲੀਜੈ ॥੪॥

*—ਸੋਰਠਿ ਮ: ੧ (596 : 12)*

(ਇਕ) ਚਉਬਾਰਾ ਹੈ (ਜਿਸ ਦੀਆਂ ਚਾਰ ਬਾਰੀਆਂ) ਚਾਰ ਕੂੰਟਾਂ (=ਦਿਸ਼ਾਵਾਂ) ਹਨ; ਇਸ ਦਾ ਇਕ ਪੁੜ (ਫ਼ਰਸ਼) ਧਰਤੀ ਹੈ ਤੇ ਦੂਜਾ ਪੁੜ (ਛੱਤ) ਪਾਣੀ ਹੈ। ਇਸ ਵਿਚ (ਹੇ ਪ੍ਰਭੂ) ਤੇਰਾ ਆਸਣ ਹੈ। ਸਾਰੇ ਘਰ ਦੀ ਬਨਾਵਟ (ਮੂਰਤਿ) ਇਕੋ ਹੈ। ਤੇਰੇ ਮੁਖ ਵਿਚ (ਤੇਰੇ ਹੁਕਮ ਰੂਪ) ਟਕਸਾਲ ਹੈ (ਜੋ ਸਭੇ ਘਾੜਤਾਂ ਘੜਦੀ ਜਾ ਰਹੀ ਹੈ)।

ਹੇ ਮਾਲਕ! ਤੇਰੇ ਕਉਤਕ ਅਸਚਰਜ ਹਨ। ਤੂੰ ਜਲ, ਥਲ, ਜ਼ਿਮੀਂ, ਅਸਮਾਨ, (ਸਭ) ਵਿਚ ਭਰਪੂਰ ਹੈਂ ਤੇ ਆਪੇ (=ਆਪਣੀ ਇੱਛਾ ਅਨੁਸਾਰ) ਸਭ ਵਿਚ ਵਿਆਪ ਰਿਹਾ ਹੈਂ।

ਜਿੱਥੇ ਕਿਤੇ ਵੀ ਮੈਂ ਦੇਖਦਾ ਹਾਂ, ਉਥੇ ਉਥੇ ਹੀ ਤੁਹਾਡੀ ਜੋਤਿ (ਨਜ਼ਰ ਆਉਂਦੀ ਹੈ)। (ਹੇ ਪ੍ਰਭੂ) ਤੇਰਾ ਰੂਪ ਕਿਹੋ ਜਿਹਾ ਹੈ? ਰੂਪ ਤੇਰਾ ਇਕ ਹੈ, ਪਰ ਗੁਪਤ ਢੰਗ ਨਾਲ ਤੂੰ ਭਿੰਨ ਭਿੰਨ ਹੋਇਆ ਫਿਰਦਾ ਹੈਂ (ਤੇ ਕਮਾਲ ਇਹ ਹੈ ਕਿ) ਕਿਸੇ ਦੀ (ਸੂਰਤ ਵੀ) ਕਿਸੇ ਹੋਰ ਜਹੀ ਨਹੀਂ।

ਸਾਰੇ ਜੀਵ ਜੰਤੂ ਤੇਰੇ ਰਚੇ ਹੋਏ ਹਨ (ਚਾਹੇ ਉਹ) ਅੰਡਿਆਂ ਤੋਂ ਉਪਜੇ, ਚਾਹੇ ਜੇਰ ਤੋਂ, ਚਾਹੇ ਧਰਤੀ 'ਚੋਂ, ਤੇ ਚਾਹੇ ਪਸੀਨੇ ਤੋਂ। ਪਰ ਇਕ ਵਡਿਆਈ ਤੇਰੀ ਮੈਂ ਇਹ ਵੇਖੀ ਹੈ ਕਿ ਤੂੰ ਇਹਨਾਂ ਸਭਨਾਂ ਵਿਚ ਰਵ ਰਿਹਾ ਹੈਂ।

ਤੇਰੇ ਗੁਣ ਤਾਂ ਬਹੁਤ ਹੀ ਹਨ, ਪਰ ਮੈਂ ਇਕ ਵੀ ਨਹੀਂ ਪਛਾਣਿਆ। ਮੈਂ ਮੂਰਖ ਨੂੰ ਵੀ (ਇਹਨਾਂ ਦੀ) ਕੁਛ (ਪਛਾਣ) ਦਾਨ ਕਰੋ। ਨਾਨਕ ਬੇਨਤੀ ਕਰਦਾ ਹੈ: ਹੇ ਮੇਰੇ ਸਾਹਿਬਾ, ਸੁਣ! (ਮੈਂ ਭਵ-ਸਾਗਰ ਵਿਚ) ਡੁੱਬ ਰਿਹਾ (ਪਾਪਾਂ ਦਾ) ਪੱਥਰ ਹਾਂ, (ਮੈਨੂੰ) ਬਚਾ ਲਓ।

• •

ਅਤਿ ਪ੍ਰੀਤਮ ਮਨ ਮੋਹਨਾ [1]ਘਟ ਸੋਹਨਾ
ਪ੍ਰਾਨ ਅਧਾਰਾ ਰਾਮ ॥
ਸੁੰਦਰ ਸੋਭਾ ਲਾਲ ਗੋਪਾਲ[2] ਦਇਆਲ ਕੀ
ਅਪਰ ਅਪਾਰਾ ਰਾਮ ॥

*—ਬਿਹਾਗੜਾ ਮ: ੫ (542 : 15)*

[3]ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ[4] ਗੁਸਈਆ[5] ਮੇਰਾ ਮਾਥੈ ਛਤ੍ਰੁ ਧਰੈ ॥੧॥ਰਹਾਉ॥
[6]ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ[7] ॥
ਨੀਚਹ ਊਚ ਕਰੈ ਮੇਰਾ ਗੋਬਿੰਦੁ [8]ਕਾਹੂ ਤੇ ਨ ਡਰੈ ॥੧॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ[9] ॥੨॥

*—ਮਾਰੂ ਰਵਿਦਾਸ (1106 : 12)*

ਮੈਂ ਤਾਂ ਗਿਰਧਰ ਦੇ ਘਰ ਜਾਵਾਂ।
ਗਿਰਧਰ ਮੇਰਾ ਸੱਚਾ ਪ੍ਰੀਤਮ ਲਗਦਾ ਰੂਪ ਲੁਭਾਵਾਂ।
ਰਾਤ ਪਿਆਂ ਦਰ ਉਸ ਦੇ ਵੰਞਾਂ, ਦਿਨ ਚੜ੍ਹਦੇ ਮੁੜ ਆਵਾਂ।
ਰਾਤ ਦਿਨੇ ਉਸ ਦੇ ਸੰਗ ਖੇਡਾਂ, ਜਿਉਂ ਤਿਉਂ ਓਨ ਰਿਝਾਵਾਂ।
ਜੋ ਪਹਿਨਾਵੇ ਸੋਈ ਪਹਿਨਾਂ, ਜੋ ਦੇਵੇ ਸੋ ਖਾਵਾਂ।
ਮੇਰੀ ਉਸਦੀ ਪ੍ਰੀਤ ਪੁਰਾਣੀ, ਉਸ ਬਿਨ ਪਲ ਨ ਰਹਾਵਾਂ।
ਜਿਵ ਬੈਠਾਲੇ ਤਿਵ ਹੀ ਬੈਠਾਂ, ਵੇਚੇ ਤਾਂ ਵਿਕ ਜਾਵਾਂ।
ਮੀਰਾ ਦੇ ਪ੍ਰਭੁ ਗਿਰਧਰ ਨਾਗਰ ਵਾਰ ਵਾਰ ਬਲ ਜਾਵਾਂ।

*—ਮੀਰਾ ਬਾਈ*

---

1. ਸਾਰਿਆਂ ਸਰੀਰਾਂ ਵਿਚ ਸੋਹਣਾ ਲਗਣ ਵਾਲਾ ਤੇ ਜੀਵਨ ਦਾ ਆਸਰਾ। 2. ਧਰਤੀ ਦਾ ਪਾਲਕ, ਵਾਹਿਗੁਰੂ। 3. ਹੇ ਪਿਆਰੇ ਤੁਹਾਥੋਂ ਬਿਨਾਂ ਐਸੀ ਕਿਰਪਾ ਕਉਣ ਕਰ ਸਕਦਾ ? 4. ਨਿਮਾਣਿਆਂ ਨੂੰ ਮਾਣ ਦੇਣ ਵਾਲਾ। 5. ਪ੍ਰਿਥਵੀ ਦਾ ਮਾਲਕ। 6. ਜਿਸ ਨੂੰ ਸਭ ਅਛੂਤ ਮੰਨਦੇ ਹਨ। 7. ਕਿਰਪਾ ਕਰਦਾ ਹੈ। 8. ਕਿਸੇ ਤੋਂ ਵੀ ਡਰਦਾ ਨਹੀਂ। 9. ਪੁੱਜ ਆਉਂਦਾ ਹੈ।

ਕਿਣਕੇ ਤਾਈਂ ਕਰੇਂ ਜਵਾਹਰ, ਫੁੱਲਾਂ ਖ਼ੁਸ਼ਬੂ ਦੇਵੇਂ।
ਫਲ ਤਰਵਰ ਨੂੰ, ਹਿਮ ਗਿਰਵਰ ਨੂੰ, ਦੱਖ ਸਰਵਰ ਨੂੰ ਦੇਵੇਂ।
ਜਿੱਥੇ ਵੀ ਕੋਈ ਰੂਪ ਦਮਕਦਾ, ਸਨਅਤ ਦਿਸਦੀ ਤੇਰੀ,
ਸੱਚ ਤਾਂ ਇਹ ਕਿ ਉਹੀ ਕਰਾਮਤ, ਸਾਹਿਬ ਜੋ ਤੂੰ ਦੇਵੇਂ।

*—ਜ.ਸ.ਨ.*

ਹੇ ਰੱਬ ਪਿਆਰੇ,
ਤੇਜ ਤੁਹਾਡਾ ਸੂਰਜ ਕੋਲੋਂ ਵੀ ਅਤਿ ਉੱਜਲ।
ਅਪਣੀ ਰੂਹ-ਮੁਕੱਦਸ ਵੱਲੇ
ਪ੍ਰੇਰੋ ਸਾਡੀ ਜ਼ਿੰਦਗਾਨੀ ਨੂੰ—
ਤਾਂ ਜੋ ਸਾਡੇ ਤੋਂ ਵੀ ਲਿਸ਼ਕੇ
ਪ੍ਰੇਮ ਅਤੇ ਪਰਤਾਪ ਤੁਹਾਡਾ;
ਅਪਣਾ ਆਪ ਅਸੀਂ ਵੀ ਵੰਡੀਏ,
ਇਕ ਦੂਜੇ ਸੰਗ, ਤੇਰੇ ਹੋ ਕੇ!

*—ਵੈਨਕੂਵਰ ਵਿਚ ਹੋਈ ਗਿਰਜਾ ਘਰਾਂ ਦੀ*
*ਛੇਵੀਂ ਵਿਸ਼ਵ ਕੌਂਸਲ ਦੀ ਪ੍ਰਥਮ ਅਰਦਾਸ ਵਿਚੋਂ*





ਜਿੱਥੇ ਜਿੱਥੇ ਜਾਵਾਂ, ਤੂੰ ਹੈਂ—
ਕੇਵਲ ਤੂੰ ਹੈਂ!
ਜਿਥੇ ਪੈਰ ਟਿਕਾਵਾਂ, ਤੂੰ ਹੈਂ—
ਕੇਵਲ ਤੂੰ ਹੈਂ!
ਨਿੱਪਟ ਤੂੰ ਹੈਂ, ਖ਼ਾਲੀ ਤੂੰ ਹੈਂ,
ਸਦਾ ਸਦਾ ਹਰ ਹਾਲੀ ਤੂੰ ਹੈਂ।
ਵਖਤ ਹੋਏ ਚੰਗਾ, ਭੀ ਤੂੰ ਹੈਂ;
ਕਾਲ ਹੋਏ ਮੰਦਾ, ਭੀ ਤੂੰ ਹੈਂ।
ਤੂੰ ਹੈਂ, ਤੂੰ ਹੈਂ, ਸੁੰਦਰ ਤੂੰ ਹੈ!

*—ਇਕ ਹਾਸਦਿਕ ਗੀਤ*



ਰੱਤੀਆਂ ਤੇਰੀਆਂ ਅੱਖੀਆਂ ਵੇ!
ਰੱਜੀਆਂ, ਪ੍ਰੇਮ ਨਾਲ ਅਲਸਾਈਆਂ, ਖਿੜੇ ਕਉਲ ਦੀਆਂ ਪੰਖੀਆਂ ਵੇ।
ਸੁੰਦਰ ਰੂਪ ਲੁਭਾਵੇ ਤੇਰਾ, ਮਨ ਮੇਰਾ ਮਧੁਮਖੀਆਂ ਵੇ।
ਰਸਿਕ ਬਿਹਾਰੀ, ਵਾਰੀ, ਪਿਆਰੀ, ਤੂੰ ਤਣੀਆਂ ਕੱਸ ਰੱਖੀਆਂ ਵੇ।

*—ਬਨੀਠਨੀ*

ਸਿਮਰਾਂ ਉਸ ਦੈਵੀ ਪ੍ਰਤਿਭਾ ਨੂੰ ਦੇਵੇ ਜੋ ਜ਼ਿੰਦਗਾਨੀ।
ਮੇਰੇ ਹਿਰਦੇ ਨੂੰ ਵੀ, ਸ਼ਾਲਾ, ਕਰ ਜਾਵੇ ਨੂਰਾਨੀ।

*—ਰਾਏਮੁੰਡੋ ਪਾਨੀਕਰ*

ਝਗੜਨ ਦੀ ਕੀ ਬਾਤ ਵੇ ਅੜਿਆ?
ਰੱਬ ਦੇ ਨਾਮ ਜੋ ਤੂੰ ਰੱਖੇ ਨੇ ਦੱਸ ਦੇ ਮੈਨੂੰ,
ਮੈਂ ਜੋ ਉਸ ਦੇ ਨਾਮ ਧਰੇ, ਦੱਸ ਦੇਨਾਂ ਤੈਨੂੰ,
ਤੂੰ, ਮੈਂ ਲੜ ਉਸੇ ਦਾ ਫੜਿਆ!
ਝਗੜਨ ਦੀ ਕੀ ਬਾਤ ਵੇ ਅੜਿਆ?

*—ਮੌਲਵੀ ਜ਼ਕਾ ਉੱਲਾਹ*

ਸੁੰਦਰ ਧਰਤ, ਸੁਹਾਵੀ ਰਚਨਾ
ਅਣੂ ਅਣੂ ਮਨਮੋਹਣਾ—
ਇਨ ਦੇ ਕਰਤੇ, ਵੇ ਤੂੰ ਆਪੂੰ
ਹੋਸੇਂ ਕੇਡਾ ਸੁਹਣਾ?

*—ਹੈਨਰੀ ਸੂੱਸੋ*

ਰੱਬਾ ਜੀ ਤੂੰ ਕਿੱਥੇ ਵੱਸੇਂ?
ਚੁੱਪ ਚੁਪੀਤਾ ਆਵੇਂ, ਜਾਵੇਂ;
ਪਰ ਹਰਦਮ ਨਜ਼ਰਾਂ ਤੋਂ ਨੱਸੇਂ!
ਪੱਤਿਆਂ ਅੰਦਰ ਸਰ ਸਰ ਕਰਦੀ
ਵੇਖਾਂ ਤੇਰੀ ਪਉਣ, ਵੇ ਰੱਬਾ;
ਦੱਸ ਮੈਨੂੰ ਤੂੰ ਕਉਣ ਵੇ ਰੱਬਾ!

*—ਵੈਨਕਈਆ*





ਅਸਾਂ ਹਜ਼ੂਰੀ ਤੇਰੀ ਅੰਦਰ ਕੀਤਾ ਨਿਮਖ ਟਿਕਾਣਾ,
ਤਦ ਹੀ ਸੋਝੀ ਪਈ ਕਿ ਤੁਧ ਬਿਨ ਜੱਗ ਕੇਡਾ ਵੀਰਾਨਾ!

*—ਅਨਾਮ*

ਖੱਬਾ ਹੱਥ ਮਾਹੀ ਦਾ ਬੜਾ ਪਿਆਰਾ ਏ,
ਸੱਜਾ ਹੱਥ ਉਸੇ ਦਾ ਬੜਾ ਕਰਾਰਾ ਏ। *—ਰਾਬਿੰਦਰ ਨਾਥ ਟੈਗੋਰ*

ਝਿਲਮਿਲ ਝਿਲਮਿਲ ਬਰਸੇ ਨੂਰ।
ਨੂਰ ਜ਼ਹੂਰ ਸਦਾ ਭਰਪੂਰ।

ਰੁਣਝੁਣ ਰੁਣਝੁਣ ਅਨਹਦ ਵੱਜੇ।
ਭੌਰ ਗੁੰਜਾਰ ਗਗਨ ਚੜ੍ਹ ਗੱਜੇ।

ਰਿਮਝਿਮ ਰਿਮਝਿਮ ਬਰਸਨ ਮੋਤੀ।
ਲਿਸ਼ਕ ਪਈ ਧੁਰ ਅੰਦਰ ਜੋਤੀ।
ਨਿਰਮਲ ਨਿਰਮਲ ਨਿਰਮਲ ਨਾਮ।
ਓਥੇ ਯਾਰੀ ਦਾ ਬਿਸਰਾਮ। *—ਯਾਰੀ ਸਾਹਿਬ*



ਜੋ ਤੇਰੇ ਤੋਂ ਨਾਬਰ ਹੋਏ,
ਤੂੰ ਉਹਨਾਂ ਵੀ ਕੋਮਲ ਹੋ ਕੇ ਮਿਲਿਆ।
ਜੋ ਤੇਰੇ ਮੁਤਲਾਸ਼ੀ ਹੋਏ,
ਤੂੰ ਉਹਨਾਂ ਤੇ ਕੁਰਬ ਲੁਟਾਂਦਾ ਮਿਲਿਆ।
ਜੋ ਤੇਰੇ ਦਰ ਮੰਗਣ ਆਏ,
ਤੂੰ ਉਹਨਾਂ ਨੂੰ ਬਖ਼ਸ਼ਿਸ਼ ਕਰਦਾ ਮਿਲਿਆ।
ਆਸਵੰਤ ਜੋ ਤੁਧ ਵਿਚ ਹੋਏ,
ਤੂੰ ਉਹਨਾਂ ਨੂੰ ਸੁਖ ਬਰਸਾਂਦਾ ਮਿਲਿਆ।

ਜੋ ਤੇਰੇ ਨਾਵਾਂ ਦੇ ਉਹਲੇ
ਜੋ ਪਰੋਖ ਤੇਰੀ ਸ਼ੌਕਤ ਦੇ,
ਅਪਣੇ ਓਸ ਹੁਸਨ ਦੇ ਸਦਕੇ,
ਖਿਮਾ ਕਰ ਦਈਂ



ਮੈਂ ਚਾਕਰ ਦੀ
ਲੁਛਦੀ ਰੂਹ ਨੂੰ,
ਤਪਦੇ ਦਿਲ ਨੂੰ!

*—ਇਕ ਸੂਫ਼ੀ ਅਰਦਾਸ*

ਜਿਉਂ ਪੂਰਬ ਤੋਂ ਉਠ ਕੇ ਸੂਰਜ
ਹਰਥੇ ਧੁੱਪ ਖਿੰਡਾਵੇ,
ਨੂਰ ਆਪਣਾ ਤੂੰ ਵੀ ਸਜਨਾ,
ਦਿਲ ਮੇਰੇ ਵਰਤਾ ਵੇ!
ਹਰ ਨੁੱਕਰ ਹਰ ਗੋਸ਼ੇ ਵਿਚੋਂ
ਸਗਲ ਹਨੇਰ ਉਡਾ ਦੇ,
ਸੁੰਦਰ ਮੁਖ ਦੀ ਛਬੀ ਸੁਹਾਵੀ
ਮੈਂ ਉਤੇ ਵੀ ਪਾ ਦੇ।

*—ਇਕ ਫ਼ਿਲਿਪੀਨ ਅਰਦਾਸ*

ਦਿਲਬਰ ਜਾਨੀ, ਦਿਲ ਮੇਰੇ ਵਿਚ ਆ ਬੈਠੀਂ।
ਤੇਰੀ ਛਬੀ ਨਿਹਾਰਾਂ ਘੁੰਡ ਉਠਾ ਬੈਠੀਂ।
ਪ੍ਰਾਣਾਂ ਛਤਰ ਝੁਲਾਇਆ ਹੇਠ ਸੁਹਾ ਬੈਠੀਂ।
ਦੇਹੀ ਆਸਣ ਕਰਾਂ, ਚੌਕੜਾ ਲਾ ਬੈਠੀਂ।
ਹੱਥੀਂ ਪੈਰ ਮਲੋਵਾਂ, ਪੈਰ ਲੁਡਾ ਬੈਠੀਂ।
ਨੈਣੀਂ ਤੁਧ ਨਿਹਾਲਾਂ ਜੋਤਿ ਜਗਾ ਬੈਠੀਂ।
ਹੋ ਵੰਞਾ ਕੁਰਬਾਨ ਰਤੀ ਮੁਸਕਾ ਬੈਠੀਂ।
ਜਿੰਦੜੀ ਮੇਰੀ ਥਰਰ ਥਰਰ ਥੱਰਾ ਬੈਠੀਂ।
ਫਿਰ ਉੱਠੀਂ ਨਾ, ਇਕ ਵੇਰਾਂ ਜੇ ਆ ਬੈਠੀਂ,
ਮੈਥੋਂ ਇਹ ਬੈਕੁੰਠ ਨ ਫਿਰ ਪਰਤਾ ਬੈਠੀਂ।

*—ਅਨਾਮ*

ਨੇਤਰ ਤੇਰੇ ਵਾਂਗ ਮਮੋਲੇ, ਮੀਨ।
ਜੀਕਣ ਤਾਰੇ ਅਣੀਆਂ ਵਾਲੇ, ਮਤਵਾਰੇ, ਰਸਲੀਨ।
ਰਤਨਾਰੇ, ਬਾਂਕੇ, ਕਜਰਾਰੇ, ਸਦ ਨਵਤਨ ਰੰਗੀਨ।
ਰੇਸ਼ਮ ਡੋਰੇ, ਲਲਿਤ ਲਜੀਲੇ, ਢਿਲਕੇ ਪ੍ਰੇਮ ਅਧੀਨ।
ਤਰਸਾਵਨ ਭਰਮਾਵਨ ਮੈਨੂੰ ਹੋ ਕੇ ਸੁਹਜ ਨਵੀਨ।
ਜੁਗਲ ਪ੍ਰਿਆ ਦੀ ਦ੍ਰਿਸ਼ਟੀ ਘਾਇਲ ਹੋਵੇ ਖਿਨ ਖਿਨ ਖੀਨ।

*—ਜੁਗਲਪ੍ਰਿਆ ਜੀ*

ਜੇ ਏਥੇ ਅਸਾਂ ਤੇਰਾ ਜਲਵਾ ਨ ਡਿੱਠਾ,
ਬਰਾਬਰ ਹੈ ਦੁਨੀਆ ਨੂੰ ਡਿੱਠਾ ਨ ਡਿੱਠਾ।
ਅਸੀਂ ਆਪ ਸਾਂ ਘੁੰਡ ਚਿਹਰੇ ਤੇਰੇ ਦਾ,
ਖੁਲ੍ਹੇ ਨੈਣ ਤਾਂ ਕੋਈ ਪਰਦਾ ਨ ਡਿੱਠਾ।
ਦਿਨੇ ਰਾਤ ਐ 'ਦਰਦ' ਭਾਲਾਂ ਉਸੇ ਨੂੰ,
ਕਿਸੇ ਨੇ ਵੀ ਜਿਸ ਨੂੰ ਨ ਜਾਤਾ, ਨ ਡਿੱਠਾ।

*—ਖ਼੍ਵਾਜਾ ਮੀਰ ਦਰਦ*



ਜਿਸ ਦੀ ਮਿੱਟੀ ਦਫ਼ਨ ਹੋ ਗਈ,
ਉਨ ਫਿਰ ਕਉਣ ਜਿਵਾਲੇ ?
ਜੇ ਚਾਹੇਂ ਤਾਂ ਰੂਹ ਮੇਰੀ ਨੂੰ
ਤੂੰ ਜਿਵਾਲ ਦਏਂ ਹਾਲੇ।
ਕੱਢ ਲੈ ਇਸ ਵਿਚੋਂ ਮਾਯੂਸੀ,
ਭਰ ਦੇ ਰੰਗ ਸੁਹਾਣਾ।
ਮੁੜ ਪਰਤਾ ਦੇ ਇਸ ਨੂੰ ਇਸਦਾ
ਉਹੀ ਜਲਾਲ ਪੁਰਾਣਾ।
ਕਿਹੜੀ ਵਸਤ ਜੁ ਤੇਰੇ ਹੱਥੋਂ
ਮੁੜ ਸੁਰਜੀਤ ਨ ਥੀਵੇ ?
ਨਦਰ ਕਰੇਂ ਜੇਕਰ ਤੂੰ ਅਪਣੀ
ਮੋਈ ਮਿੱਟੀ ਜੀਵੇ।





ਤੂੰ ਹੈਂ ਪਿਆਰ ਧੁਰਾਹੋਂ ਨਵਤਨ
ਸਭ ਨੂੰ ਦਏਂ ਸਹਾਰਾ;
ਕਰਮ-ਨਿਖੁੱਟਿਆਂ ਦਾ ਵੀ ਤੂੰ ਤਾਂ
ਕਰ ਸਕਦਾ ਨਿਸਤਾਰਾ।

*—ਫ਼ਾਦਰ ਗ੍ਰੇਗੋਰੀ ਪੈਟਰੋਫ਼*[1]

ਹੇ ਰੱਬਾ, ਤੂੰ ਜਗ ਕੋਲੋਂ ਵੀ ਪਹਿਲਾਂ ਪੈਦਾ ਹੋਇਆ।
ਪਰਮ ਹੋਂਦ ਤੇਰੀ ਨੇ ਦਿਲ ਵਿਚ ਕੇਡਾ ਦਰਦ ਲੁਕੋਇਆ ?
ਕੁਲ ਦੁਨੀਆ ਨੂੰ ਰੱਛਿਆ ਤੇਰੀ, ਸਭ ਦੀ ਤੁਧ ਵਲ ਧਾਈ—
ਏਥੇ, ਓਥੇ, ਇਕਰਸ ਤੇਰੀ ਵਰਤ ਰਹੀ ਵਡਿਆਈ।
ਦੇ ਬਿਬੇਕ ਤੇ ਜੁਗਤ ਅਜੇਹੀ ਨਿਸ ਦਿਨ ਧਰਮ ਨਿਭਾਈਏ।
ਪਰਮ-ਭਰੋਸੇ ਤੇਰੇ ਅੰਦਰ ਜੀਵਨ-ਸੱਚ ਕਮਾਈਏ।
ਦੇ ਸੁਮੱਤਿ ਕਿ ਹਰ ਪਲ ਹਰ ਛਿਨ ਜੀਵੀਏ ਹੋਰਾਂ ਖ਼ਾਤਰ,
ਦਿਨ ਪਰ ਰਾਤੀ, ਪਿਆਰ ਤੇਰੇ ਦੇ, ਬਣ ਕੇ ਰਹੀਏ ਪਾਤਰ।

*—ਇਕ ਪੁਰਾਤਨ ਅਫ਼ਰੀਕੀ ਅਰਦਾਸ*

ਸੂਰਜ ਤੇਰੀ ਸਿਫ਼ਤ ਉਚਾਰੇ।
ਸਿਮਰੇ ਚੰਦ, ਸਿਮਰਦੇ ਤਾਰੇ।
ਸਭਨਾਂ ਅੰਦਰ ਕੌ ਝਲਕਾਰੇ ?
ਜੋਤ ਤੇਰੀ ਹੀ ਲਿਸ਼ਕਾਂ ਮਾਰੇ!
ਸਾਗਰ ਸਭ ਮੰਨਣ ਡਰ ਤੇਰਾ,
ਹਰ ਤੂਫ਼ਾਨ ਵਿਚ ਘਰ ਤੇਰਾ।
ਪਾਣੀਆਂ ਵਿਚ ਤੂੰ ਦੀਪ ਤਰਾਏ।
ਸਾਇਬਾਨ ਅੰਬਰ ਦੇ ਲਾਏ।
ਸਾਹਿਲ ਬੰਨ੍ਹੇ ਸਾਗਰ ਗਿਰਦੇ।
ਥਲ ਸਿਰਜੇ ਪਰਬਤ ਚੌਗਿਰਦੇ।

1. ਫ਼ਾਦਰ ਪੈਟਰੋਫ਼ ਰੂਸ ਦਾ ਇਕ ਈਸਾਈ ਪੁਜਾਰੀ ਸੀ ਜਿਸ ਨੂੰ ਸਟਾਲਿਨ ਨੇ ਬੰਦੀ ਵਿਚ ਪਾਈ ਰੱਖਿਆ। ਇਹ ਅਰਦਾਸ ਉਸ ਨੇ 1940 ਦੇ ਲਗ ਭਗ ਕੈਦਖ਼ਾਨੇ ਵਿਚ ਹੀ ਆਪਣੀ ਮੌਤ ਤੋਂ ਪਹਿਲਾਂ ਲਿਖੀ।



ਜੀਅ-ਪ੍ਰਾਣ ਹਿਤ ਪਉਣ ਚਲਾਈ।
ਉਤਭੁਜ ਖ਼ਾਤਰ ਬਰਖਾ ਪਾਈ।
ਸਦਕੇ ਤੇਰੀ ਅਕਲ ਕਲਾ ਦੇ,
ਵਾਰੇ ਤੇਰੀ ਸੁੰਦਰਤਾ ਦੇ।
ਤੁਧ ਮੂਰਤਿ ਦੀ ਛਬੀ ਸੁਹਾਵੀ
ਹੋਛੇ ਰੂਪ ਸਗਲ ਦੁਨੀਆਵੀ।
ਤੂੰ ਵੱਸੇਂ ਹਰ ਵਸਤੂ ਅੰਦਰ
ਜਿਵੇਂ ਬਨਸਪਤਿ ਵਿਚ ਬੈਸੰਤਰ।
ਮੇਰੇ ਅੰਦਰੋਂ ਵੀ ਮੁਸਕਾ ਦੇ,
ਟੂਣੇਹਾਰੀ ਝਲਕ ਦਿਖਾ ਦੇ। —ਜ.ਸ.ਨ.

ਜਿੰਦੇ! ਆਗਿਆ ਪਾਲਨ ਭਗਤੀ।
ਹਰਦਮ ਉਸ ਦਾ ਹੁਕਮ ਬਜਾਈਏ, ਜਿਨ ਤਨ ਅੰਗੀਂ ਸ਼ਕਤੀ।

ਆਪਨੜੇ ਤੋਂ ਉੱਚਿਆਂ ਦੀ ਅਸੀਂ ਸਹਿਵਨ ਸੇਵ ਕਮਾਈਏ।
ਜੋ ਉੱਚਿਓਂ ਉੱਚਾ, ਨੀ ਜਿੰਦੇ, ਉਸ ਅੱਗੇ ਮਰ ਜਾਈਏ।
ਉਸ ਉੱਤੋਂ ਕੁਰਬਾਨ ਥੀਣ ਦੀ ਮੰਗ ਜਿੰਦੇ ਖ਼ੁਸ਼ਬਖ਼ਤੀ!

ਸੱਚੇ ਦਿਲੋਂ ਜੇ ਛੰਦ ਨਿਮਾਣਾ ਜਾ ਧਰੀਏ ਉਸ ਅੱਗੇ,
ਉਹ ਉਨ ਲੱਖ ਅਲੰਕਾਰਾਂ ਤੋਂ ਪਿਆਰਾ ਪਿਆਰਾ ਲੱਗੇ।
ਬੋਲਾਂ ਨਾਲ ਨ ਰੀਝੇ ਸੁਹਣਾ, ਪੜ੍ਹੇ ਦਿਲਾਂ ਦੀ ਤਖ਼ਤੀ!

ਆਪੇ ਤਾਂ ਮਾਲਕ ਨੇ ਥਾਂ ਥਾਂ ਸੁੰਦਰ ਫੁੱਲ ਖਿੜਾਏ।
ਏਹੋ ਫੁੱਲ ਕੋ ਭੇਟ ਕਰੇ ਉਨ, ਆਪੇ ਫਿਰ ਉਹ ਚਾਹੇ।
ਫੁੱਲ ਨ ਮਿਲਣ ਤਾਂ ਦੀਦੇ ਦੇਈਏ, ਕਸਰ ਨ ਰੱਖੀਏ ਕੱਖ ਦੀ।

'ਮੰਗੀਏ ਦਾਤ ਕਿ ਦੇਵਣਹਾਰਾ?' ਪ੍ਰਸ਼ਨ ਧੁਰਾਹੋਂ ਏਹਾ।
ਦਾਤਾਂ ਨਾਲ ਤਿਖਾ ਨ ਮਿਟਦੀ, ਸਗੋਂ ਭੜਕਦੀ ਤੇਹਾ।
ਵੱਸ ਕਰੀਏ ਤਾਂ ਦਾਤਾ ਕਰੀਏ, ਦਾਤਾਂ ਦੀ ਕੀ ਹਸਤੀ?

ਜਿਨ ਬਿਨ ਥੰਮੋਂ ਅਰਸ਼ ਟਿਕਾਇਆ, ਬਿਨਾ ਧੌਲ ਦੇ ਧਰਤੀ,
ਉਸ ਅੱਗੇ ਅਰਦਾਸ ਜੇ ਕੀਤੀ, ਕਦੇ ਅਫਲ ਨਾ ਪਰਤੀ।
ਤੂੰ ਵੀ ਅੱਡ ਦੇ ਝੋਲ, ਨੀ ਜਿੰਦੇ, ਛਡ ਕੇ ਆਪ-ਪਰਸਤੀ।

ਧਰਮੀ ਨੂੰ ਅਭਿਮਾਨ ਧਰਮ ਦਾ, ਗਿਆਨੀ ਗਿਆਨ ਬਾਪਾਰੇ।
ਪਰ, ਜੋ ਆਪਾ ਮਾਰ ਮੁਕਾਵੇ ਤਿਸ ਦੇ ਜਾਈਏ ਵਾਰੇ।
ਇਹ ਮੋਇਆ 'ਆਪਾ' ਹੀ ਸਾਡੀ ਅੱਵਲ ਦੀ ਬਦਬਖ਼ਤੀ।

ਇਸ ਆਪੇ ਦੀ ਬਾਤ ਨ ਸੁਣੀਏ, ਸੁੱਧ ਨ ਇਸ ਦੀ ਲਈਏ।
ਆਗਿਆ ਅੰਦਰ ਆਈਏ ਜਾਈਏ, ਆਗਿਆ ਅੰਦਰ ਰਹੀਏ।
ਐਸਾ ਹੁਕਮ ਬਜਾਈਏ, ਜਿੰਦੇ, ਨਿਬੜ ਜਾਏ ਇਹ ਵਖ਼ਤੀ।


ਆਗਿਆ ਪਾਲਨ ਅਸਲੋਂ ਭਗਤੀ।

*—ਅਨਾਮ*





# ਦਾਤਾ ਕਰਤਾ ਆਪਿ ਤੂੰ



ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥
ਇਕਿ ਜਾਗੰਦੇ ਨਾ ਲਹਨਿ੍ ਇਕਨਾ੍ ਸੁਤਿਆ ਦੇਇ ਉਠਾਲਿ॥

– *ਸਲੋਕ ਫਰੀਦ (1384:2)*

ਸਾਡੀਆਂ ਅਰਦਾਸਾਂ ਦਾ ਇਕ ਉੱਤਰ ਜੋ ਸਾਨੂੰ ਬੜੀ ਵਾਰ ਮਿਲਦਾ ਹੈ, ਪਰ ਅਸੀਂ ਪਛਾਣਦੇ ਨਹੀਂ, ਉਹ ਪੀੜਾ ਦਾ ਪਰਾਗਾ ਹੈ। ਜੇਕਰ ਅਸੀਂ ਸਬਰ, ਸੰਤੋਖ, ਆਸਾਵੰਦੀ, ਪਿਆਰ ਜਹੇ ਗੁਣਾਂ ਦੇ ਸਵਾਲੀ ਹਾਂ ਤਾਂ ਦੁੱਖ-ਭੁੱਖ ਦੀ ਭੱਠੀ ਵਿਚ ਤਪਾਏ ਜਾਣਾ ਸਾਡੀ ਖ਼ੁਸ਼ਨਸੀਬੀ ਹੈ :

**ਕੇਤਿਆ ਦੂਖ ਭੂਖ ਸਦ ਮਾਰ ॥**
**ਏਹਿ ਭਿ ਦਾਤਿ ਤੇਰੀ ਦਾਤਾਰ ॥**

*—ਜਪੁ (5 : 13)*

# 4
# ਦਾਤਾ ਕਰਤਾ ਆਪਿ ਤੂੰ

ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ : **ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥**[1] ਅਰਥਾਤ, ਹੇ ਵਾਹਿਗੁਰੂ ਤੂੰ ਆਪ ਹੀ ਦਾਤਾਂ ਦੇਣ ਵਾਲਾ ਹੈਂ ਤੇ ਇਹ ਸਾਰਾ ਪਸਾਰਾ ਤ੍ਰੁੱਠ ਕੇ ਦਾਤਾਂ ਦੇਣ ਹਿਤ ਕਰਦਾ ਹੈਂ। ਇਸ ਨਾਤੇ, ਕਰਤਾ ਹੋਣ ਦੇ ਇਰਾਦੇ ਤੋਂ ਵੀ ਪਹਿਲਾਂ ਉਸ ਦੇ ਅੰਦਰ ਦਾਤਾ ਹੋਣ ਦਾ ਇਰਾਦਾ ਮੌਲਿਆ। ਇਹ ਉਸ ਦੇ ਅਪਾਰ ਦੈਵੀ-ਪਿਆਰ ਦਾ ਸੂਚਕ ਹੈ। ਇਸੇ ਲਈ ਸਤਿਗੁਰਾਂ ਵੀ ਉਸ ਨੂੰ ਕਰਤਾ ਤੋਂ ਪਹਿਲਾਂ ਦਾਤਾ ਆਖਿਆ।

ਉਸ ਦੀਆਂ ਦਾਤਾਂ ਦਾ ਨਾ ਅੰਤ ਹੈ ਨਾ ਸ਼ੁਮਾਰ। ਜਿਤਨਾ ਉਹ ਆਪ ਵੱਡਾ ਹੈ, ਉਤਨੀਆਂ ਹੀ ਵੱਡੀਆਂ ਉਸ ਦੀਆਂ ਦਾਤਾਂ ਹਨ:

**ਜੇਵਡੁ ਆਪਿ ਤੇਵਡ ਤੇਰੀ ਦਾਤਿ ॥**[2]

ਫਿਰ ਦਾਤਾਂ ਵੀ ਹੈਰਤ ਵਿਚ ਪਾਉਣ ਵਾਲੀਆਂ ਹਨ। ਉਸ ਦੀ ਨਿੱਕੀਓਂ ਨਿੱਕੀ ਦਾਤ ਮਨੁੱਖ ਦੇ ਵੱਡੇ ਤੋਂ ਵੱਡੇ ਸੁਪਨਿਆਂ ਨੂੰ ਸ਼ਰਮਸਾਰ ਕਰਦੀ ਹੈ। ਮਨੁੱਖ ਤਾਂ ਉਸ ਦੀਆਂ ਦਾਤਾਂ ਨੂੰ ਹੀ ਫੋਲ ਫੋਲ ਕੇ ਵੇਖਦਾ ਤੇ ਹੈਰਾਨ ਹੋਈ ਤੁਰੀ ਜਾਂਦਾ ਹੈ।

ਜੋ ਕੁਝ ਵੀ ਸਾਡੇ ਪਾਸ ਹੈ ਸਭ ਉਸੇ ਦੀ ਦਾਤ ਹੈ। ਚੇਤੇ ਰੱਖੀਏ, ਹਰ ਦਾਤ ਅਸਾਡੇ **ਪਾਸ** ਹੈ, ਸਾਡੇ **ਕੋਲ** ਹੈ—ਅਥਵਾ ਉਹ ਸਾਡੇ ਲਾਗੇ ਪਈ ਹੈ। ਉਹ ਸਾਨੂੰ ਵਰਤਣ ਹਿਤ ਮਿਲੀ ਹੈ; ਉਸ ਉਪਰ ਸਾਡੀ ਮਾਲਕੀ ਕਦਾਚਿਤ ਨਹੀਂ। ਮਾਲਕ ਤਾਂ ਕੇਵਲ ਉਹ ਦਾਤਾਰ ਆਪ ਹੀ ਹੈ। ਉਹ ਚਾਹੇ ਤਾਂ ਆਪਣੀ ਵਸਤ ਪਰਤਾ ਵੀ ਸਕਦਾ ਹੈ।

ਪਰ, ਉਹ ਤਾਂ ਦੇਂਦਾ ਹੀ ਦੇਂਦਾ ਹੈ। ਲੈਣ ਵਾਲੇ ਪ੍ਰਾਪਤ ਕਰ ਕਰ ਥੱਕ ਲੱਥਦੇ ਹਨ, ਉਹ ਦੇਂਦਿਆਂ ਕਦੇ ਨਹੀਂ ਥਕਦਾ।[3] ਜੁਗਾਂ ਜੁਗਾਂਤਰਾਂ ਤੋਂ ਜੀਵ ਉਸ ਦੀਆਂ ਦਿੱਤੀਆਂ ਦਾਤਾਂ

1. ਆਸਾ ਵਾਰ ਮ: ੧ (463 : 5)
2. ਆਸਾ ਮ: ੧ (9 : 19)
3. **ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥** *—ਜਪੁ (2 : 2)*

ਵਰਤਦੇ ਚਲੇ ਆਏ ਹਨ, ਪਰ ਉਹ ਨਹੀਂ ਨਿਖੁੱਟੀਆਂ, ਨਿਖੁੱਟਣੀਆਂ ਵੀ ਨਹੀਂ।

ਕਿਤਨੀਆਂ ਹੀ ਦਾਤਾਂ ਹਨ ਜੋ ਉਹੁ ਸਭ ਨੂੰ ਦੇਈ ਤੁਰੀ ਜਾਂਦਾ ਹੈ—ਚੰਗੇ ਬੰਦਿਆਂ ਨੂੰ ਹੀ ਨਹੀਂ, ਮੰਦਿਆਂ ਨੂੰ ਵੀ। ਅਸੀਂ ਪਾਪੀ ਅਪਰਾਧੀ ਲੋਕ ਉਸ ਦੀਆਂ ਦਾਤਾਂ ਦੇ ਕਦੋਂ ਹੱਕਦਾਰ ਹਾਂ ? ਉਹ ਤਾਂ ਸਾਡੇ ਸਭੇ ਦੋਸ਼, ਸਾਰੇ ਗੁਨਾਹ ਜਾਣਦਾ ਹੈ, ਪਰ ਵੇਖ ਕੇ ਵੀ ਅਣਡਿੱਠ ਕਰੀ ਜਾਂਦਾ ਹੈ, ਤੇ ਆਪਣੇ ਮਿਹਰਵਾਨ ਹੱਥ ਨੂੰ ਪਿਛਾਂਹ ਨਹੀਂ ਕਰਦਾ।[1]

ਵਸਤਾਂ ਹੀ ਨਹੀਂ ਯੋਗਤਾਵਾਂ ਵੀ ਉਸੇ ਦੀਆਂ ਦਾਤਾਂ ਹਨ। ਜੇ ਕੋਈ ਸੁੰਦਰ ਹੈ ਤਾਂ ਉਸੇ ਦਾ ਬਣਾਇਆ ਹੋਇਆ, ਜੇ ਕੋਈ ਬੁੱਧੀਮਾਨ ਹੈ ਤਾਂ ਉਸੇ ਦਾ ਕੀਤਾ ਹੋਇਆ। ਕਿਸੇ ਪਾਸ ਚੱਜ ਹੈ ਤਾਂ ਉਸੇ ਦਾ ਬਖ਼ਸ਼ਿਆ ਹੋਇਆ, ਕਿਸੇ ਪਾਸ ਜੁਗਤਿ ਹੈ ਤਾਂ ਉਸੇ ਦੀ ਦਿੱਤੀ ਹੋਈ। ਜਿਤਨੀਆਂ ਵੀ ਯੋਗਤਾਵਾਂ ਮੇਰੇ ਪੱਲੇ ਹਨ, ਸਭ ਉਸੇ ਦੀਆਂ ਦਾਤਾਂ ਹਨ।[2] ਉਸ ਨੇ ਮੈਨੂੰ ਕਿਸ ਕਿਸ ਜੋਗਾ ਨਹੀਂ ਕੀਤਾ ?—ਵੇਖਣ ਦੇ ਜੋਗ ਕੀਤਾ, ਸੁਣਨ ਦੇ ਜੋਗ ਕੀਤਾ, ਸਮਝਣ ਦੇ ਜੋਗ ਕੀਤਾ, ਵਿਚਾਰਨ ਦੇ ਜੋਗ ਕੀਤਾ, ਖ਼ੁਸ਼ੀਆਂ ਮਾਣਨ ਦੇ ਜੋਗ ਕੀਤਾ, ਕਿਰਤ ਵਿਰਤ ਦੇ ਜੋਗ ਕੀਤਾ, ਸਿਰਜਣ ਦੇ ਜੋਗ ਕੀਤਾ, ਸਾਂਭਣ ਦੇ ਜੋਗ ਕੀਤਾ, ਪਿਆਰ ਕਰਨ ਦੇ ਜੋਗ ਕੀਤਾ, ਪਿਆਰ ਲੈਣ ਦੇ ਜੋਗ ਕੀਤਾ..... । ਇਸ ਸੂਚੀ ਨੂੰ ਕਉਣ ਮੁਕੰਮਲ ਕਰ ਸਕਦਾ ਹੈ ? ਪਰ ਅਸਾਂ ਉਸ ਦਾ ਕੀਤਾ ਕਦੋਂ ਜਾਤਾ ਹੈ ? ਸਾਨੂੰ ਤਾਂ ਦਾਤਾਂ ਪਿਆਰੀਆਂ ਹਨ, ਦਾਤਾਰ ਤਾਂ ਵਿਸਰਿਆ ਹੋਇਆ ਹੈ।[3] ਅਸੀਂ ਕਿਤਨੇ ਨਾ-ਸ਼ੁਕਰੇ ਹਾਂ, ਕਿਤਨੇ ਅਕਿਰਤਘਣ ! ਪਰ ਉਹ ਦਾਤਾਰ ਅਸਾਂ ਅਕਿਰਤਘਣਾਂ ਨੂੰ ਵੀ ਪਾਲਦਾ ਤੁਰਿਆ ਜਾਂਦਾ ਹੈ। ਕਦੇ ਕ੍ਰੋਧ ਵਿਚ ਆ ਕੇ ਕਿਸੇ ਦੀ ਰੋਜ਼ੀ ਨਹੀਂ ਰੋਕਦਾ :

**ਰੋਜੀ ਹੀ ਰਾਜ ਬਿਲੋਕਤ ਰਾਜਕ, ਰੋਖ ਰੂਹਾਨ ਕੀ ਰੋਜੀ ਨ ਟਾਰੈ ॥**[4]

ਅਰਥਾਤ, ਉਹ ਦਾਤਾਰ ਹਰ ਦਿਨ ਸਾਡੀਆਂ ਗੁਪਤ ਗੱਲਾਂ ਵੇਖਦਾ ਹੈ, ਫਿਰ ਵੀ ਉਹ ਕ੍ਰੋਧ ਵਿਚ ਆ ਕੇ ਕਦੇ ਜੀਵਾਂ ਦੀ ਉਪਜੀਵਕਾ (ਨਿੱਤ ਦੀਆਂ ਲੋੜਾਂ) ਨਹੀਂ ਖੁੰਝਣ ਦੇਂਦਾ। ਐਸੇ ਸੰਪੰਨ ਪਿਆਰ ਵਾਲੀ ਨਦਰ ਉਸ ਤੋਂ ਛੁੱਟ ਕਿਸ ਦੇ ਪਾਸ ਹੈ ?

**ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ ॥**[5]

ਸੋ ਆਓ, ਉਸ ਦਾਤਾਰ ਦੀਆਂ ਦਾਤਾਂ ਚਿਤਾਰ ਕੇ ਉਸ ਨਾਲ ਜੁੜਨ ਦਾ ਅਉਸਰ ਲਈਏ।

• •

---

1. **ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ ॥** *—ਅਕਾਲ ਉਸਤਤਿ (243 : 1)*
2. **ਮੈਨੋ ਜੋਗੁ ਕੀਤੋਈ ॥** *—ਸਲੋਕ ਮ: ੫ (1429 : 14)*
3. **ਦਾਤਿ ਪਿਆਰੀ ਵਿਸਰਿਆ ਦਾਤਾਰਾ ॥** *—ਧਨਾਸਰੀ ਮ: ੫ (676 : 10)*
4. ਅਕਾਲ ਉਸਤਤਿ 244 : 2
5. ਸਿਰੀ ਰਾਗੁ ਮ: ੫ (47 : 7)



ਮਨੁ ਹਰਿ ਕੀਆ ਤਨੁ ਸਭੁ ਸਾਜਿਆ ॥
ਪੰਚ ਤਤ ਰਚਿ ਜੋਤਿ ਨਿਵਾਜਿਆ ॥
ਸਿਹਜਾ ਧਰਤਿ ਬਰਤਨ ਕਉ ਪਾਨੀ ॥
ਨਿਮਖ ਨ ਵਿਸਾਰਹੁ ਸੇਵਹੁ ਸਾਰਿਗਪਾਨੀ ॥੧॥
ਮਨ ਸਤਿਗੁਰੁ ਸੇਵਿ ਹੋਇ ਪਰਮ ਗਤੇ ॥
ਹਰਖ ਸੋਗ ਤੇ ਰਹਹਿ ਨਿਰਾਰਾ ਤਾਂ ਤੂ ਪਾਵਹਿ ਪ੍ਰਾਨਪਤੇ ॥੧॥ਰਹਾਉ॥
ਕਾਪੜ ਭੋਗ ਰਸ ਅਨਿਕ ਭੁੰਚਾਏ ॥
ਮਾਤ ਪਿਤਾ ਕੁਟੰਬ ਸਗਲ ਬਨਾਏ ॥
ਰਿਜਕੁ ਸਮਾਹੇ ਜਲਿ ਥਲਿ ਮੀਤ ॥
ਸੋ ਹਰਿ ਸੇਵਹੁ ਨੀਤਾ ਨੀਤ ॥੨॥
ਤਹਾ ਸਖਾਈ ਜਹ ਕੋਇ ਨ ਹੋਵੈ ॥
ਕੋਟਿ ਅਪ੍ਰਾਧ ਇਕ ਖਿਨ ਮਹਿ ਧੋਵੈ ॥
ਦਾਤਿ ਕਰੈ ਨਹੀ ਪਛੋੁਤਾਵੈ ॥
ਏਕਾ ਬਖਸ ਫਿਰਿ ਬਹੁਰਿ ਨ ਬੁਲਾਵੈ ॥੩॥
ਕਿਰਤ ਸੰਜੋਗੀ ਪਾਇਆ ਭਾਲਿ ॥
ਸਾਧਸੰਗਤਿ ਮਹਿ ਬਸੇ ਗੁਪਾਲ ॥
ਗੁਰ ਮਿਲਿ ਆਏ ਤੁਮਰੈ ਦੁਆਰ ॥
ਜਨ ਨਾਨਕ ਦਰਸਨੁ ਦੇਹੁ ਮੁਰਾਰਿ ॥੪॥ *—ਪ੍ਰਭਾਤੀ ਮ: ੫ (1337 : 15)*

ਉਸ ਹਰੀ ਨੇ ਮਨ ਤੇ ਤਨ ਸਾਜਿਆ-ਬਣਾਇਆ। ਪੰਜਾਂ ਤੱਤਾਂ (ਮਿੱਟੀ, ਪਾਣੀ, ਹਵਾ, ਅਗਨੀ, ਆਕਾਸ਼) ਨੂੰ ਪੈਦਾ ਕਰ ਕੇ ਉਹਨਾਂ ਵਿਚ ਆਪਣੀ ਜੋਤਿ ਦਾ ਪ੍ਰਕਾਸ਼ ਕੀਤਾ। ਧਰਤੀ ਦਾ ਵਿਛੌਣਾ ਬਣਾਇਆ। ਵਰਤਣ ਨੂੰ ਪਾਣੀ ਦਿੱਤਾ। ਐਸਾ (ਦਾਤਾਰ) ਵਾਹਿਗੁਰੂ (ਸਾਰਿਗਪਾਨੀ = ਜਿਸ ਦੇ ਹੱਥ ਵਿਚ ਧਰਤੀ ਹੈ) ਸਾਨੂੰ ਇਕ ਨਿਮਖ ਵੀ ਵਿਸਾਰਨਾ ਨਹੀਂ ਚਾਹੀਦਾ।

ਹੇ ਮੇਰੇ ਮਨ! ਤੂੰ ਸਤਿਗੁਰੂ ਨੂੰ ਸੇਵ ਤਾਂ ਜੋ ਉੱਚਤਮ ਆਤਮਕ ਪਦਵੀ ਨੂੰ ਪ੍ਰਾਪਤ ਹੋਵੇਂ। ਜੇਕਰ ਤੂੰ ਖ਼ੁਸ਼ੀ-ਗ਼ਮੀ ਦੋਹਾਂ ਤੋਂ ਨਿਰਲੇਪ ਹੋ ਜਾਵੇਂ ਤਾਂ ਜ਼ਿੰਦਗੀ ਦੇ ਮਾਲਕ (ਵਾਹਿਗੁਰੂ) ਨੂੰ ਪਾ ਲਵੇਂਗਾ।

ਉਸ ਨੇ ਤੈਨੂੰ ਕਪੜੇ ਦਿੱਤੇ, ਅਨੇਕਾਂ ਰਸਦਾਇਕ ਭੋਜਨ ਪ੍ਰਾਪਤ ਕਰਾਏ। ਮਾਤਾ ਪਿਤਾ ਤੇ ਹੋਰ ਕੁਟੰਬ ਤੇਰੀ ਖ਼ਾਤਰ ਜੋੜੇ। ਉਹ ਹਰੀ ਪਾਣੀ ਵਿਚ ਵੀ ਤੇ ਸੁੱਕੀ ਧਰਤੀ 'ਤੇ ਵੀ ਸਭ (ਜੀਆਂ) ਨੂੰ ਰੋਜ਼ੀ ਪੁਚਾਂਦਾ ਹੈ। ਉਸ ਨੂੰ ਨਿਤਾ ਪ੍ਰਤਿ ਯਾਦ ਰਖੋ।



ਉਹ ਉਸ ਥਾਂ ਵੀ ਮਦਦਗਾਰ ਹੋਂਦਾ ਹੈ ਜਿਥੇ ਹੋਰ ਕੋਈ ਨਹੀਂ ਹੋਂਦਾ। ਉਹ ਤਾਂ ਸਾਡੇ ਕਰੋੜਾਂ ਪਾਪਾਂ ਨੂੰ ਇਕ ਖਿਨ ਵਿਚ ਧੋ ਦੇਂਦਾ ਹੈ। ਉਹ (ਐਸਾ ਉਦਾਰ ਦਾਨੀ ਹੈ ਕਿ) ਦਾਤਾਂ ਦੇ ਕੇ ਫਿਰ ਕਦੇ ਪਛਤਾਉਂਦਾ ਨਹੀਂ। ਉਹ ਤਾਂ ਇਕੋ ਵੇਰ ਹੀ ਸਭ ਕੁਝ ਬਖ਼ਸ਼ ਦੇਂਦਾ ਹੈ; ਘੜੀ ਮੁੜੀ ਨਹੀਂ ਬੁਲਾਉਂਦਾ (ਕਿ ਆਓ ਤੇ ਲੈ ਜਾਓ)।

ਕੀਤੇ ਕਰਮਾਂ ਦੇ ਸੰਜੋਗ (ਅਥਵਾ ਭਾਗਾਂ) ਨਾਲ ਉਸ ਨੂੰ ਲਭਿਆ ਹੈ (ਤੇ ਪ੍ਰਤੀਤ ਕੀਤਾ ਹੈ ਕਿ) ਉਹ ਗੋਪਾਲ (ਧਰਤੀ ਦਾ ਪਾਲਣਹਾਰ) ਸਾਧ ਸੰਗਤ ਵਿਚ ਵਸਦਾ ਹੈ। (ਹੇ ਵਾਹਿਗੁਰੂ) ਅਸੀਂ ਤਾਂ ਗੁਰੂ ਦੀ ਵਸਾਤਤ ਨਾਲ ਤੇਰੇ ਦੁਆਰੇ 'ਤੇ ਆਏ ਹਾਂ। ਹੇ ਮੁਰਾਰਿ (ਮੁਰ ਰਾਕਸ਼ ਨੂੰ ਮਾਰਨ ਵਾਲੇ : ਕ੍ਰਿਸ਼ਨ, ਅਥਵਾ ਵਾਹਿਗੁਰੂ) ਨਾਨਕ ਜਨ ਨੂੰ ਆਪਣਾ ਦਰਸ਼ਨ ਦੇਹੁ।

• •

**ਕੀਤਾ[1] ਕਿਆ ਸਾਲਾਹੀਐ ਕਰੇ[2] ਸੋਇ ਸਾਲਾਹਿ ॥**
**ਨਾਨਕ ਏਕੀ ਬਾਹਰਾ ਦੂਜਾ ਦਾਤਾ ਨਾਹਿ ॥**
**[3]ਕਰਤਾ ਸੋ ਸਾਲਾਹੀਐ ਜਿਨਿ ਕੀਤਾ ਆਕਾਰੁ ॥**
**ਦਾਤਾ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ[4] ॥**
**ਨਾਨਕ ਆਪਿ ਸਦੀਵ ਹੈ ਪੂਰਾ ਜਿਸੁ ਭੰਡਾਰੁ ॥**
**ਵਡਾ ਕਰਿ ਸਾਲਾਹੀਐ ਅੰਤੁ ਨ ਪਾਰਾਵਾਰੁ ॥**

*—ਵਾਰ ਸਾਰੰਗ ਮ: ੪ ਸਲੋਕ ਮ: ੨ (1239 : 1)*

**ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ[5] ਪਾਈਐ ॥**
**ਜੇ ਦੂਜੇ ਪਾਸਹੁ ਮੰਗੀਐ ਤਾ [6]ਲਾਜ ਮਰਾਈਐ ॥**

*—ਵਾਰ ਵਡਹੰਸ ਮ: ੪ (590 : 4)*

**ਏਕੁ ਦਾਤਾਰੁ ਸਗਲ ਹੈ ਜਾਚਿਕ[7] ਦੂਸਰ ਕੈ ਪਹਿ ਜਾਵਉ ॥**
**[8]ਹਉ ਮਾਗਉ ਆਨ ਲਜਾਵਉ ॥**

*—ਆਸਾ ਮ: ੫ (401 : 6)*

---

1. ਜੀਵ। 2. ਕਰਨ ਵਾਲਾ, ਹਰੀ। 3. ਸਿਫ਼ਤ ਕਰੀਏ ਤਾਂ ਇਕ ਕਰਤਾਰ ਦੀ ਜਿਸ ਨੇ ਸਾਰੀ ਸ੍ਰਿਸ਼ਟੀ ਰਚੀ ਹੈ। 4. ਆਸਰਾ। 5. ਮਨ ਭਾਉਂਦੀ ਮੁਰਾਦ। 6. ਸ਼ਰਮ ਦੇ ਮਾਰੇ ਮਰ ਜਾਈਏ। 7. ਮੰਗਣ ਵਾਲਾ। 8. ਮੈਨੂੰ, ਦੂਜਿਆਂ ਪਾਸੋਂ ਮੰਗਦਿਆਂ ਸ਼ਰਮ ਆਉਂਦੀ ਹੈ।

ਸਗਲੇ ਜੀਅ ਬਹਿਸ਼ਤੀ ਥੀਂਦੇ
ਕਰਮ ਤੁਹਾਡਾ ਪਾ ਕੇ।
ਕਿੱਥੋਂ ਤੁਰੀਆਂ ਆਉਣ ਬਰਕਤਾਂ—
ਕਿਸ ਨੂੰ ਪੁੱਛਾਂ ਜਾ ਕੇ ?
ਤੂੰ ਵਡ-ਦਾਤਾ ਬਾਪ ਅਸਾਡਾ,
ਅਸੀਂ ਤਾਂ ਬਾਲ ਅੰਞਾਣੇ।
ਸਗਲੇ ਜੀਅ ਜਾਣ ਵਰੋਸਾਏ,
ਦਾਤ ਤੁਹਾਥੋਂ ਪਾ ਕੇ।

*—ਸ਼ਹਿਨਸ਼ਾਹ ਚਿਆ ਚਿੰਗ (ਪੇਕਿੰਗ)*

ਦੁੱਧ-ਚਿੱਟਾ ਬਰਫ਼ਾਨੀ ਮਸਤਕ,
ਨੈਣ ਅਗਨ ਦੇ ਸ਼ੁਅਲੇ।
ਢਲੇ ਸੂਰਜ ਦੇ ਚਰਨ ਤੁਹਾਡੇ,
ਦਿਸਹੱਦੇ ਦੇ ਉਹਲੇ।
ਹੱਥ-ਤਲੀਆਂ ਦੇ ਵਿਚ ਤੁਹਾਡੇ,
ਤਾਰੇ ਝਿਲਮਿਲ ਕਰਦੇ।
ਆਦਿ, ਮੱਧ ਤੇ ਅੰਤ, ਤੁਹਾਡਾ,
ਦਾਮਨ ਆ ਕੇ ਫੜਦੇ।
ਤੂੰ ਜੀਵਾਂ ਵਿਚ ਮਰ ਮਰ ਜੀਵੇਂ,
ਨਿੱਤ ਜੀਵਨ ਉਜਿਆਲੇਂ;
ਅਪਣੀ ਇਕ ਅੱਖ ਝਮਕਣ ਅੰਦਰ,
ਸਗਲੇ ਕਾਲ ਸਮਾਲੇਂ।
ਸਭ ਰਸ, ਸਭ ਕਸ, ਸਗਲ ਪਦਾਰਥ,
ਹਸਤੀ ਦੇ ਸਭ ਹੀਲੇ।
ਅਸਾਂ ਜੀਆਂ ਖ਼ਾਤਰ ਤੁਧ ਕੀਤੇ,
ਵਰਤਣ ਅਤੇ ਵਸੀਲੇ।
ਹੇ ਪ੍ਰਾਣਾਂ ਦੇ ਮਾਲਕ, ਦਿਲਬਰ,
ਇਹ ਚਿਤ ਮੇਰੇ ਆਵੇ:
ਤੇਰੀ ਖ਼ਾਤਰ ਪਿਆਰ ਸਦੀਵੀ,
ਮੇਰੀ ਜਿੰਦ ਹੰਢਾਵੇ! *—ਤੀਇਲਹਾਰ ਦੇ ਸ਼ਾਰਦਿਨ*

ਤੁਧ ਸਮਾਨ ਦਾਤਾ ਕੋ ਨਾਹੀਂ।
ਸਦਾ ਵਸੇਂ ਤੂੰ ਸੰਤਾਂ ਮਾਹੀਂ।
ਨਾਮ 'ਵਿਸ਼ੰਭਰ'—ਵਿਸ਼ਵ ਜਿਵਾਲੇਂ—
ਸੰਝ ਸਵੇਰੇ ਰਿਜਕ ਸਮਾਲੇਂ।
ਮੂੰਹ ਅਨਗਿਣਤ ਭਰੇਂ ਜੀਆਂ ਦੇ,
ਅਉਗਣ ਸਭ ਦੇ ਕਰ ਕੇ ਲਾਂਭੇ।
ਕਦੇ ਕਿਸੇ ਆਜ਼ਾਰ ਨ ਦੇਵੇਂ,
ਜਿਸ ਕਿਸ ਵੀ ਅਪਣਾ ਕਰ ਲੇਵੇਂ।
ਵਾਰ ਵਾਰ ਦੇਵੇਂ ਦੀਦਾਰਾ,
ਜਨ ਆਪਣੇ ਦਿਆ ਖਿਜਮਤਗਾਰਾ।
ਤਿੰਨ ਲੋਕਾਂ ਵਿਚ ਮਹਿਮਾ ਤੇਰੀ,
ਗੁਨਹਾਂ ਤੇ ਤੁਧ ਖਿਮਾ ਖਲੇਰੀ।
ਹੇ ਮੇਰੇ ਠਾਕੁਰ ਰਘੁਰਾਈ,
ਕੀ ਮਲੂਕ ਤੇਰੀ ਕਰੇ ਵਡਾਈ ?

—ਮਲੂਕਦਾਸ

ਬਾਗ਼ ਲਹਿਰਦੇ, ਵਗਦੇ ਰਸਤੇ,
ਮੰਦਰ, ਮਹਿਲ, ਝੌਂਪੜੇ ਵਸਦੇ।
ਪਉੜੀ ਚੜ੍ਹਦੀ ਧੁਰ ਚਉਬਾਰੇ,
ਜਿਥੋਂ ਹੁਸਨ ਦਏ ਦੀਦਾਰੇ।
ਹੇਠਾਂ ਟਾਂਗੇ, ਬੱਘੀਆਂ, ਕਾਰਾਂ;
ਭੱਜੇ ਫਿਰਨ ਮਰਦ, ਮੁਟਿਆਰਾਂ।
ਓਥੋਂ ਗਲੀ ਮੇਰੇ ਘਰ ਜਾਂਦੀ,
ਹਲਕੇ ਜਹੇ ਵਲੇਵੇਂ ਖਾਂਦੀ।
ਪਰਲੀ ਨੁੱਕਰ ਤੇ ਘਰ ਮੇਰਾ,
ਮੌਲੇ ਜਿੱਥੇ ਪਿਆਰ ਘਨੇਰਾ।

ਉਥੇ ਜੇ ਕੋ ਦਰ ਖੜਕਾਵੇ,
ਬੇਟੀ ਬੂਹਾ ਖੋਲ੍ਹਣ ਆਵੇ।
ਮੈਂ ਜਾਂ ਵੀ ਦਫ਼ਤਰ ਤੋਂ ਆਵਾਂ,
ਅਪਣੇ ਢੰਗ ਬਾਰ ਖੜਕਾਵਾਂ।
ਬੇਟੀ ਆਨ ਮਿਲੇ ਮੁਸਕਾਂਦੀ,
ਦਿਨ ਦਾ ਸਗਲ ਥਕੇਵਾਂ ਲਾਂਹਦੀ।
ਬਾਂਹੋਂ ਫੜ ਅੰਦਰ ਲੈ ਜਾਂਦੀ,
ਸਾਰੇ ਦਿਨ ਦੀ ਖ਼ਬਰ ਸੁਣਾਂਦੀ।

ਅੰਦਰ ਨਿਕੜਾ ਪਕੜ ਖਲੋਂਦਾ,
ਬੋਲ ਤੋਤਲੇ ਥੀਂ ਮਨ ਮੋਹਦਾ।



ਚਉਕੇ ਵਲੋਂ ਮਹਿਕ ਜੁ ਆਵੇ,
ਭੁੱਖ ਦੀਆਂ ਰਾਲਾਂ ਟਪਕਾਵੇ।
ਝਬਦੇ ਕੋ ਰਸਦਾਇਕ ਖਾਣੇ,
ਆਣ ਪਰੋਸੇ ਦਸਤਰਖ਼ਾਨੇ।
ਹਮੂੰ ਹਮੂੰ ਕਰਦੀ ਫਿਰ ਬੋਲੇ,
ਜੁੜ ਕੇ ਬੈਠ ਜਾਏ ਜਦ ਕੋਲੇ।
ਇਹ ਗੇਹਨ ਭਰਵਾਸੇ ਵਾਲੀ,
ਘਰ ਦੀ ਵਾਗ ਓਨ ਸੰਭਾਲੀ।
ਰੱਬਾ, ਤੂੰ ਇਕ ਸੁਰਗ ਬਣਾ ਕੇ,
ਮੇਰੇ ਘਰ ਧਰ ਗਿਉਂ ਟਿਕਾ ਕੇ।

ਕਿਹੜਾ ਸੁਖ ਜੋ ਤੂੰ ਨਾ ਦਿੱਤਾ ?—
ਝੋਲ ਪਾ ਗਿਉਂ ਭਾਗ ਅਮਿੱਤਾ।
ਮੈਥੋਂ ਰਖਿਓ ਕੁਝ ਬਚਾ ਨਾ—
ਕਿਵੇਂ ਕਰਾਂ ਤੇਰਾ ਸ਼ੁਕਰਾਨਾ ?

—ਬ੍ਰਾਜ਼ੀਲ ਤੋਂ ਇਕ ਅਰਦਾਸ

ਹੇ ਰੱਬਾ, ਰੋਟੀ ਦਿੱਤੀ ਊ ਕਾਹਲੀ ਵਿਚ।
ਰਤਾ ਕੁ ਮਾਸ ਵੀ ਜੇ ਰੱਖ ਦੇਵੇਂ ਥਾਲੀ ਵਿਚ,
ਫਿਰ ਵੇਖੀਂ ਜਦ ਤੇਰਾ ਦਿੱਤਾ ਖਾਵਾਂਗਾ,
ਪਹਿਲੀ ਬੁਰਕੀ ਦਾ ਤੁਧ ਭੋਗ ਲੁਆਵਾਂਗਾ।

*—ਰਾਬਰਟ ਹੈਰਿਕ ਦੇ ਆਧਾਰ 'ਤੇ*

ਹੇ ਦੁਨੀਆਵਾਂ ਪਾਲਣਹਾਰੇ
ਜੀਆਂ ਜੀਆਂ ਨੂੰ ਰਿਜਕ ਪੁਚਾਵੇਂ।
ਬੋਟ ਚਿੜੀ ਦੇ ਚੂੰ ਚੂੰ ਕਰਦੇ
ਚੁੰਝ ਉਹਨਾਂ ਦੀ ਚੋਗਾ ਪਾਵੇਂ।
ਪਹਿਲੇ ਦਿਨ ਤੋਂ ਪਾਲਨ ਕਰ ਕੇ
ਸਾਨੂੰ ਵੀ ਪਰਵਾਨ ਚੜ੍ਹਾਵੇਂ।
ਫੇਰ ਤ੍ਰੁੱਠ ਕੇ ਲੱਖਾਂ ਖੁਸ਼ੀਆਂ
ਦਿਲ ਸਾਡੇ ਵਿਚ ਆਨ ਸਜਾਵੇਂ।

ਹੇ, ਏਡਾ ਕੁਝ ਦੇਵਣਹਾਰੇ,
ਰਤਾ ਕੁ ਹੋਰ ਵੀ ਰਹਿਮਤ ਕਰਦੇ—
ਇਸ ਦਿਲ 'ਚੋਂ ਉਪਕਾਰ ਉਪਾ ਕੇ
ਝੋਲੀ ਮੇਰੀ ਪੂਰੀ ਭਰ ਦੇ।

*—ਬਿਸ਼ਪ ਲੈਂਸਲਾਟ ਐਂਡਰੀਊਜ਼*

ਜੋ ਸੁਖ ਮੈਂ ਦਿਨ ਰਾਤ ਹੰਢਾਏ
ਸ਼ੁਕਰ ਬਜਾਨਾਂ ਉਨ੍ਹਾਂ ਲਈ।
ਜਿਨ੍ਹਾਂ ਮਾਣਨੋਂ ਰਹਿ ਗਿਆਂ ਵਾਂਵਾ
ਅਜ ਪਛਤਾਨਾਂ ਉਨ੍ਹਾਂ ਲਈ।
ਜਿਹੜਾ ਨਹੀਂ ਅਨੰਦ ਮਾਣਿਆ
ਸਭ ਤੋਂ ਉਹੀ ਸਵਾਇਆ ਸੀ।
ਪਰ ਮੈਂ ਦਾਤਾਂ ਵਿਚ ਉਲਝੇ ਨੇ
ਦੇਵਣਹਾਰ ਭੁਲਾਇਆ ਸੀ।

ਦਾਤਾ, ਫੇਰ ਜਨਮ ਜੇ ਦੇਵੀਂ
ਮੈਨੂੰ ਇਉਂ ਉਲਝਾਵੀਂ ਨਾ।
ਆਪਣੇ ਕੰਠ ਲਗਾ ਕੇ ਰੱਖੀਂ
ਦਾਤਾਂ ਨਾਲ ਭੁਲਾਵੀਂ ਨਾ।

*—ਇਕ ਸੂਫ਼ੀ ਦੁਆ*

ਪਿਆਰ ਤੇਰੇ ਨੇ ਰੂਪ ਧਾਰਿਆ,
ਵੱਸ ਗਈਆਂ ਦੁਨੀਆਵਾਂ।
ਅਰਸ਼ਾਂ ਤੋਂ ਤੇਰੇ ਸੂਰਜ ਨੇ
ਵੰਡੀਆਂ ਧੁੱਪਾਂ, ਛਾਵਾਂ।
ਬਣੇ ਠਣੇ ਤੁਧ ਪਰਬਤ ਥਾਪੇ,
ਪੱਤਣ, ਸਣ ਦਰਿਆਵਾਂ।
ਬਨਹਰ, ਸਰਵਰ, ਡੂੰਗਰ, ਖੰਡਹਰ—
ਵੰਨ ਸੁਵੰਨੀਆਂ ਥਾਵਾਂ।
ਰਾਜੇ ਰੰਕ ਮਹਾਜਨ ਸਾਜੇ,
ਸੱਥਾਂ ਅਤੇ ਸਭਾਵਾਂ।
ਵੇਕੋ ਵੇਕੀ ਕਿਰਤਾਂ ਵੰਡੀਆਂ,
ਉੱਤਮ, ਨੀਚ ਨਿਗਾਹਾਂ।
ਵੱਖੋ ਵੱਖਰੇ ਪੰਧ ਉਪੰਨੇ,
ਰਕਮ ਰਕਮ ਦੀਆਂ ਰਾਹਾਂ।
ਧਰਤੀ ਉਪਰ ਦੇਸ ਖਿਲਾਰੇ
ਦੱਸ ਦੱਸ ਨਾਲ ਦਿਸ਼ਾਵਾਂ।
ਸਾਜੇ ਮਹਿਲ, ਮਾੜੀਆਂ, ਮੰਦਰ,
ਝੁਗੀਆਂ ਅਤੇ ਸਰਾਵਾਂ।
ਸਭ ਕਾਸੇ ਦਾ ਕਾਰਣ ਹੋਇਓਂ,
ਵਸਤਾਂ ਦਾ ਸਿਰਨਾਵਾਂ।
ਵੱਖੋ ਵੱਖਰੇ ਨਾਮ ਧਾਰ ਕੇ
ਮਲ ਬੈਠੋਂ ਸਭ ਥਾਵਾਂ।

ਕਣ ਕਣ, ਜਨ ਜਨ ਤੇ ਬਰਸਾਵੇਂ
ਅਪਣੀਆਂ ਪਿਆਰ-ਨਿਗਾਹਾਂ।
ਦੇ ਸੋਝੀ ਕਿ ਮੈਂ ਵੀ ਤੁਧ ਜਿਹਾ
ਬਿੰਦਕੁ ਪਿਆਰ ਕਮਾਵਾਂ—
ਪੀੜ ਚੁਗਾਂ, ਕੋ ਸੋਗ ਸਮੇਟਾਂ,
ਕੰਮ ਕਿਸੇ ਦੇ ਆਵਾਂ। —ਜ.ਸ.ਨ.

ਕਿਉਂ ਨਾ ਲਵਾਂ ਆਸਰਾ ਰੱਬ ਦਾ ?—
ਜੋ ਹਰ ਹਾਲ ਮੁਹਾਫ਼ਿਜ਼ ਸਭ ਦਾ।
ਸਭ ਦੀ ਸਦਾ ਖ਼ਬਰ ਉਹ ਰੱਖਦਾ—
ਜਾਣੇ ਹਾਲ ਮੇਰੀ ਰਗ ਰਗ ਦਾ।
ਵੇਕੋ ਵੇਕੀ ਜੁਗਤ ਬਣਾ ਕੇ,
ਅਪਣੇ ਜਨ ਦਾ ਪਾਲਨ ਕਰਦਾ।

ਵਸਤ ਜੁ ਲਾਭਵੰਦ, ਸੁਖਦਾਈ,
ਮੁਝ ਦਰਕਾਰ ਜਾਂ ਮੁਝੇ ਸਹਾਈ,
ਹਰਦਮ ਹਰਥੇ ਹਾਜ਼ਰ ਕਰਦਾ—
ਕਿਉਂ ਨਾ ਲਵਾਂ ਆਸਰਾ ਰੱਬ ਦਾ ? —ਐਰਿਕ ਮਿਲਨਰ ਵ੍ਹਾਈਟ

ਵਾਹੁ ਵਾਹੁ ਇਸ ਜਗ ਦੇ ਖ਼ਾਲਕ
ਧੰਨ ਤੇਰੀ ਵਡਿਆਈ—
ਵੰਨ ਵੰਨਾਂ ਦੇ ਜੰਤ ਉਪਾ ਕੇ
ਦੁਨੀਆ ਤੁੱਧ ਵਸਾਈ।
ਜੈਹੇ ਜੀਅ ਉਵੇਹੀਆਂ ਤਲਬਾਂ
ਕਰਤਬ ਵੰਨ ਸੁਵੰਨੇ,
ਸਗਲੇ ਜੰਤ ਹੁਕਮ ਅਪਣੇ ਦੇ
ਧਾਗੇ ਵਿਚ ਤੂੰ ਬੰਨ੍ਹੇ।
ਬੱਗੇ ਦੇਹੁੰ ਉਨ੍ਹਾਂ ਨੂੰ ਦਿੱਤੇ,
ਕਾਲੀਆਂ ਦਿੱਤੀਆਂ ਰਾਤਾਂ,
ਸੰਧਿਆਵਾਂ, ਤਰਕਾਲਾਂ ਦਿੱਤੀਆਂ,
ਰੁੱਤਾਂ ਦੀਆਂ ਸੁਗਾਤਾਂ।







ਕਾਰ ਕਰਨ ਦੇ ਅਉਸਰ ਦਿੱਤੇ
ਸਾਰ ਲੈਣ ਦੀ ਸੋਝੀ,
ਪਿਛੋਂ ਸਭ ਮਖ਼ਲੂਕ ਉਪਾਈ
ਪਹਿਲੋਂ ਸਭ ਦੀ ਰੋਜ਼ੀ।
ਤੂੰ ਕੁਦਰਤ ਵੀ, ਤੂੰ ਕਾਦਰ ਵੀ,
ਕੀਮ ਨ ਤੇਰੀ ਪੈਂਦੀ,
ਸੋਚ ਮੇਰੀ ਸੌਗਾਤ ਤੇਰੀ ਤੇ
ਹੈਰਤ ਕਰਦੀ ਰਹਿੰਦੀ। —*ਇਕ ਸੂਫ਼ੀ ਦੁਆ*

ਕੈਸੀ ਕੁਦਰਤ ਤੇਰੀ ਸਾਹਿਬ,
ਕੈਸੀ ਕੁਦਰਤ ਤੇਰੀ ਹੈ?

ਧਰਤ ਗਗਨ ਦੋਇ ਭੀਤ ਉਠਾਏ
ਵਿਚ ਇਕ ਘਰ ਉਸਰਾਇਆ ਹੈ।
ਉਸ ਘਰ ਅੰਦਰ ਹੱਟ ਚਲਾਇਆ
ਲੋਕ ਵਿਹਾਜਣ ਆਇਆ ਹੈ।
ਤ੍ਰੈਲੋਕੀਂ ਬਾਗ਼ੀਚਾ ਤੇਰਾ,
ਫੁੱਲ ਮਹਿਕੇ ਬਿਨ ਮਾਲੀ ਵੇ,
ਘਟ ਘਟ ਬੈਠਾ ਆਪੇ ਸਿੰਚੇਂ
ਤਿਲ ਭਰ ਥਾਓਂ ਨ ਖ਼ਾਲੀ ਵੇ।
ਚਾਰੇ ਖਾਣੀ, ਭਵਨ ਚਾਰ ਦਸ,
ਲੱਖ ਚੌਰਾਸੀ ਵਾਸਾ ਵੇ,
ਤੂੰ ਆਲਮ ਵਿਚ, ਆਲਮ ਤੁਧ ਵਿਚ
ਕੈਸਾ ਅਜਬ ਤਮਾਸ਼ਾ ਵੇ।
ਨੱਟ ਬਣ ਕੇ ਤੂੰ ਬਾਜੀ ਲਾਈ
ਆਪੇ ਵੇਖਣਹਾਰਾ ਵੇ,
ਪਲਟੂ ਦਾਸ ਕਹਾਂ ਮੈਂ ਕਿਸ ਨੂੰ
ਕੈਸਾ ਯਾਰ ਹਮਾਰਾ ਵੇ! —*ਪਲਟੂ ਸਾਹਿਬ*

ਅੱਵਲ ਉਠੀ ਮੁਹੱਬਤ ਤੈਂ ਦਿਲ,
ਦੋਇਮ ਦੁਨੀ ਬਣਾਈ—
ਫੇਰ ਪਟਾਰੀ ਸ਼ਫ਼ਕਤਹਾਰੀ
ਚਾ ਹੇਠਾਂ ਉਲਟਾਈ।
ਜ਼ੱਰੇ ਜ਼ੱਰੇ ਵਿਚ ਸਮਾਇਆ
ਪਿਆਰ ਮੁਦਾਇਮ ਤੇਰਾ,
ਜੀਕਣ ਮਾਝੇ ਦੁੱਧ ਵਿਚ ਬੈਠੀ
ਮੱਖਣ ਦੀ ਥਿੰਧਿਆਈ।

*—ਇਕ ਸੂਫ਼ੀ ਰੁਬਾਈ*



# ਹਾਜ਼ਰ ਨਾਜ਼ਰ

ਕਰੀਮਾਂ ਰਹੀਮਾਂ ਅਲਾਹ ਤੂ ਗਨੀ ॥
ਹਾਜਰਾ ਹਜੂਰਿ ਦਰਿ ਪੇਸਿ ਤੂੰ ਮਨੀ ॥

— *ਤਿਲੰਗ ਨਾਮਦੇਵ ਜੀ (727:14)*

"ਅੱਜ ਦੁਪਹਿਰੇ ਰੱਬ ਦੀ ਮੌਜੂਦਗੀ ਨੇ ਮੈਨੂੰ ਇਕ ਅਤਿ ਸੁਖਦਾਈ
ਪਕੜ ਵਿਚ ਕੱਸ ਲਿਆ। ਉਸ ਵਰਗਾ ਸੁਹਾਉਣਾ
ਅਨੁਭਵ ਮੈਨੂੰ ਅੱਗੇ ਕਦੇ ਨਹੀਂ ਸੀ ਹੋਇਆ।
ਰੱਬ ਏਨਾ ਨੇੜੇ ਸੀ ਤੇ ਉਸ ਦੀ ਸੁੰਦਰਤਾ
ਇਤਨੀ ਵਿਸਮਾਦਜਨਕ ਕਿ ਮੈਨੂੰ
ਇੰਜ ਲੱਗੇ ਜਿਵੇਂ ਮੈਂ ਓੜਕ
ਦੇ ਕਿਸੇ ਆਨੰਦ ਮਈ
ਸੰਤੋਖ ਨਾਲ ਦ੍ਰੱਵ
ਉਠਾਂਗਾ।"

—ਬ੍ਰਦਰ ਲਾਰੈਂਸ

5

# ਹਾਜ਼ਰ ਨਾਜ਼ਰ

ਰੱਬ ਤੀਕ ਅਪੜਨ ਦੇ ਅਨੇਕਾਂ ਮਾਰਗ ਹਨ। ਇਹਨਾਂ ਵਿਚੋਂ ਇਕ ਉਸਦੀ ਹਾਜ਼ਰ-ਨਾਜ਼ਰਤਾ ਦਾ ਅਭਿਆਸ ਹੈ। ਇਸ ਅਭਿਆਸ ਵਿਚ ਲੱਗਾ ਅਭਿਆਸੀ ਨਿਤ ਦਿਨ ਦੀ ਕਾਰ-ਵਿਹਾਰ ਥਾਣੀਂ ਗੁਜ਼ਰਦਿਆਂ ਹੋਇਆਂ ਵੀ ਆਪਣੇ ਅੰਦਰ ਵਾਹਿਗੁਰੂ ਦੀ ਪਵਿੱਤਰ ਮੌਜੂਦਗੀ ਦਾ ਇਹਸਾਸ ਬਣਾਈ ਰਖਦਾ ਹੈ ਤੇ ਹਿਰਦੇ ਰਾਹੀਂ ਉਸ ਦੀ ਸਿਫ਼ਤ-ਸਲਾਹ ਦੇ ਉਮਾਹ ਵਿਚ ਜੁਟਿਆ ਰਹਿੰਦਾ ਹੈ।

ਹਾਜ਼ਰ-ਨਾਜ਼ਰਤਾ ਦੇ ਅਭਿਆਸ ਵਲ ਪਹਿਲਾ ਕਦਮ ਹਾਜ਼ਰ-ਨਾਜ਼ਰਤਾ ਦਾ ਵਿਸ਼ਵਾਸ ਹੈ। ਜਿਸ ਨੂੰ ਵਿਸ਼ਵਾਸ ਹੀ ਨਹੀਂ ਉਸ ਨੇ ਅਭਿਆਸ ਕੀ ਕਰਨਾ ਹੈ ? ਵਿਸ਼ਵਾਸ ਲੈ ਕੇ ਤੁਰਿਆਂ ਹਾਜ਼ਰ-ਨਾਜ਼ਰਤਾ ਦੇ ਪ੍ਰਮਾਣ ਮਿਲਣ ਲੱਗ ਪੈਂਦੇ ਹਨ। ਆਰੰਭੇ ਹੋਏ ਕੰਮਾਂ ਵਿਚ ਗ਼ੈਬ ਵਲੋਂ ਅਪੜੀ ਇਮਦਾਦ, ਸੰਭਵ ਨੁਕਸਾਨਾਂ ਦੇ ਵਾਪਰਨ ਵਿਚ ਗ਼ੈਬ ਵਲੋਂ ਵਰਤੀ ਰੁਕਾਵਟ, ਆਪਣੇ ਇਰਾਦੇ ਨਾਲੋਂ ਵਡੇਰੀ ਗ਼ੈਬ ਵਲੋਂ ਨਸੀਬ ਹੋਈ ਪ੍ਰਾਪਤੀ, ਤੇ ਇਸੇ ਪ੍ਰਕਾਰ ਦੀਆਂ ਕਈ ਤਰ੍ਹਾਂ ਦੀਆਂ ਘਟਨਾਵਾਂ ਦਾ ਬਾਰ ਬਾਰ ਹੋਈ ਤੁਰਿਆ ਜਾਣਾ ਉਸ ਦੀ ਹਾਜ਼ਰ-ਨਾਜ਼ਰਤਾ ਦੇ ਪ੍ਰਮਾਣ ਦੇਣ ਲਗਦੇ ਹਨ। ਅਜਿਹੇ ਪ੍ਰਮਾਣਾਂ ਦੀ ਲਗਾਤਾਰਤਾ ਤੋਂ ਵਾਹਿਗੁਰੂ ਦੀ ਹਾਜ਼ਰ-ਨਾਜ਼ਰਤਾ ਦਾ ਆਭਾਸ ਹੋਣ ਲਗਦਾ ਹੈ।

ਜਦੋਂ ਇਹ ਆਭਾਸ ਪੈਦਾ ਹੁੰਦਾ ਹੈ ਤਦ ਹਰ ਸਮੇਂ ਹਰ ਪਾਸੇ ਰੱਬ ਦੀਆਂ ਸਮਰਥ ਬਾਹਾਂ ਗ਼ੈਬੀ ਅੰਦਾਜ਼ ਨਾਲ ਕੰਮ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਫਿਰ ਨਿੱਕੇ ਨਿੱਕੇ ਪੱਥਰ-ਗੀਟਿਆਂ ਵਿਚੋਂ ਵੀ ਰੱਬ ਦਾ ਜ਼ਹੂਰ ਝਲਕਾਰੇ ਮਾਰਦਾ ਦਿਸਣ ਲਗਦਾ ਹੈ। ਰੱਬ ਦੀ ਧੂੜੀ ਦਾ ਇਕ ਕਿਣਕਾ ਵੀ ਮੰਦਰ ਦੀਆਂ ਮੂਰਤੀਆਂ ਤੋਂ ਵੱਧ ਪਵਿੱਤਰ ਪ੍ਰਤੀਤ ਹੋਣ ਲਗਦਾ ਹੈ। ਇਹ ਆਭਾਸ ਫਿਰ ਹਾਜ਼ਰ-ਨਾਜ਼ਰਤਾ ਦੇ ਅਭਿਆਸ ਵਿਚ ਬਦਲ ਜਾਂਦਾ ਹੈ। ਤਦੋਂ ਸੰਸਾਰਕ ਭੀੜ-ਭੜੱਕੇ ਦੇ ਰੌਲੇ-ਗੌਲੇ ਵਿਚ ਵੀ ਧਿਆਨ ਲਗਾਤਾਰ ਵਾਹਿਗੁਰੂ ਦੀ ਮੌਜੂਦਗੀ 'ਤੇ ਕੇਂਦ੍ਰਿਤ ਰਹਿਣ ਲਗਦਾ ਹੈ। ਮਨ ਦੇ ਧੁਰ ਅੰਦਰ, ਜਿਵੇਂ, ਉਸ ਦਾ ਗੁਪਤ ਮੰਦਰ ਥਾਪਿਆ ਗਿਆ ਹੋਵੇ, ਜਿੱਥੇ ਸ਼ਾਂਤ-ਚਿੱਤ ਨਮ੍ਰ ਪਿਆਰ ਨਾਲ ਉਸ ਦੀ ਮੁਸੱਲਸਲ ਆਰਾਧਨਾ ਜਾਰੀ ਰਹਿੰਦੀ ਹੈ। ਇਸ ਅਭਿਆਸ ਰਾਹੀਂ

ਉਹ ਗੁਪਤ ਵਾਹਿਗੁਰੂ ਅਵਿਰਲ ਆਪਣੇ ਨਾਲ ਵਸਦਾ ਪ੍ਰਤੀਤ ਹੋਂਦਾ ਹੈ। ਇਸ ਮਾਰਗ ਦੇ ਅਭਿਆਸੀਆਂ ਨੂੰ ਹੀ 'ਹਜ਼ੂਰੀ ਵਾਸੀ' ਆਖਦੇ ਹਨ।

ਇਹਨਾਂ ਅਭਿਆਸੀਆਂ ਵਿਚੋਂ ਇਕ ਸੰਸਾਰ-ਪ੍ਰਸਿੱਧ ਅਭਿਆਸੀ ਬ੍ਰਦਰ ਲਾਰੈਂਸ ਸੀ। ਵਿਦਿਆ ਵਲੋਂ ਊਣਾ ਇਹ ਗ਼ਰੀਬ ਆਦਮੀ ਪੈਰਿਸ ਦਾ ਵਸਨੀਕ ਸੀ। ਪਹਿਲਾਂ ਉਹ ਫ਼ੌਜ ਵਿਚ ਸਿਪਾਹੀ ਸੀ; ਫਿਰ ਉਸ ਨੇ ਕਿਸੇ ਘਰ ਵਿਚ ਰਸੋਈਏ ਦਾ ਕੰਮ ਲੈ ਲਿਆ। ਉਸ ਨੂੰ ਰੱਬ ਦੀ ਹਾਜ਼ਰ-ਨਾਜ਼ਰਤਾ ਦਾ ਵਿਸ਼ਵਾਸ ਹੋ ਗਿਆ। ਉਸ ਨੇ ਮਨ ਵਿਚ ਧਾਰ ਲਿਆ ਕਿ ਉਹ ਹਰ ਵੇਲੇ ਪੂਰਨ ਸਾਵਧਾਨੀ ਨਾਲ ਰੱਬ ਦੀ ਮੌਜੂਦਗੀ ਦਾ ਅਭਿਆਸ ਕਰੇਗਾ ਤੇ ਜੇ ਕਿਸੇ ਵੇਲੇ ਵੀ ਉਸ ਦਾ ਧਿਆਨ ਉੱਕ ਗਿਆ ਤਾਂ ਤੁਰਤ ਉਸ ਨੂੰ ਦੁਬਾਰੇ ਰੱਬ ਦੀ ਵਿਆਪਕ ਹੋਂਦ ਉਪਰ ਕੇਂਦ੍ਰਿਤ ਕਰ ਲਵੇਗਾ।

ਉਸ ਦੀ ਨਜ਼ਰ ਵਿਚ ਕੋਈ ਵੀ ਕੰਮ ਹੀਨ ਜਾਂ ਵਾਫ਼ਰ ਨਹੀਂ ਸੀ। ਰਸੋਈਘਰ ਦੇ ਮਾਮੂਲੀ ਤੋਂ ਮਾਮੂਲੀ ਕੰਮ ਵਿਚੋਂ ਵੀ ਉਹ ਉੱਚਤਮ ਅਧਿਆਤਮਕ ਅਨੁਭਵ ਪ੍ਰਾਪਤ ਕਰਨ ਲੱਗਾ। ਆਪਣੇ ਇਸ ਅਭਿਆਸ ਤੋਂ ਪ੍ਰਾਪਤ ਹੋਏ ਅਨੁਭਵਾਂ ਦਾ ਹਾਲ ਉਹ ਆਪਣੇ ਪਾਦਰੀ ਨੂੰ ਲਿਖ ਕੇ ਦੱਸਦਾ ਰਿਹਾ। ਲਾਰੈਂਸ ਦੇ ਮਰਨੋਪਰਾਂਤ ਉਸ ਪਾਦਰੀ ਨੇ ਉਹ ਸਾਰੇ ਮਰਾਸਲੇ ਇਕ ਪੁਸਤਕ ਦੀ ਸ਼ਕਲ ਵਿਚ ਛਾਪ ਦਿੱਤੇ। ਇਹ ਪੁਸਤਕ ਬੜੀ ਸਾਦਗੀ ਤੇ ਸੁੰਦਰਤਾ ਨਾਲ ਰੱਬ ਦੀ ਹਾਜ਼ਰ-ਨਾਜ਼ਰਤਾ ਵਿਚ ਵਿਚਰਨ ਦੀ ਸ਼ਾਹਦੀ ਭਰਦੀ ਹੈ।

ਐਸਾ ਆਨੰਦ ਬ੍ਰਦਰ ਲਾਰੈਂਸ ਤੋਂ ਛੁੱਟ ਹੋਰ ਵੀ ਅਨੇਕਾਂ 'ਹਜ਼ੂਰੀ ਵਾਸੀਆਂ' ਨੇ ਪ੍ਰਾਪਤ ਕੀਤਾ ਹੋਣਾ ਹੈ ਜਿਨ੍ਹਾਂ 'ਹੱਥ ਕਾਰ ਵਲ ਤੇ ਚਿੱਤ ਕਰਤਾਰ ਵਲ' ਰੱਖਣ ਦਾ ਅਭਿਆਸ ਕੀਤਾ। ਉਹਨਾਂ ਹੀ ਸ਼ਾਹਦੀ ਭਰੀ ਕਿ 'ਰੱਬ ਸ਼ਾਹ ਰਗ ਤੋਂ ਵੀ ਨੇੜੇ' ਹੈ। ਉਹੀ ਜਾਣਦੇ ਹਨ ਕਿ ਰੱਬ ਹਰ ਵੇਲੇ ਹਰਥੇ ਮੌਜੂਦ ਹੈ; ਉਹ ਆਪਣੀ ਸਿਰਜਨਾ ਵਿਚ ਵੀ ਮੌਜੂਦ ਹੈ, ਸਿਰਜਨਾ ਤੋਂ ਪਰੇ ਵੀ; ਉਥੇ ਵੀ ਜਿਥੇ ਸਾਨੂੰ ਉਸ ਦੀ ਹੋਂਦ ਦੀ ਕੋਈ ਉਮੀਦ ਨਹੀਂ ਹੋਂਦੀ। ਉਸ ਦੀ ਇਸ ਸਰਬ ਵਿਆਪਕ ਮੌਜੂਦਗੀ ਨੂੰ ਉਹ ਕੇਵਲ ਜਾਣਦੇ ਹੀ ਨਹੀਂ, ਮਾਣਦੇ ਵੀ ਹਨ, ਤੇ ਉਸੇ ਦੇ ਰੰਗ ਵਿਚ ਰੰਗੇ ਰਹਿੰਦੇ ਹਨ।

ਹਾਜ਼ਰ-ਨਾਜ਼ਰਤਾ ਦੇ ਅਭਿਆਸ ਤੋਂ ਇਕ ਪ੍ਰਕਾਰ ਦਾ ਸੁਖ ਵੀ ਪ੍ਰਾਪਤ ਹੋਂਦਾ ਹੈ ਤੇ ਇਕ ਤਰ੍ਹਾਂ ਦਾ ਭਉ ਵੀ। ਸੁਖ ਇਸ ਨਾਤੇ ਕਿ ਹਰਥੇ ਮੌਜੂਦ ਰੱਬ ਸਾਡੀ ਬਾਂਹ ਪਕੜਨ ਲਈ ਹਰਥੇ ਖਲੋਤਾ ਦਿਸਦਾ ਹੈ:

**ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥**[1]

ਇਸੇ ਵਿਸ਼ਵਾਸ ਤੇ ਅਨੁਭਵ ਸਦਕਾ ਸੰਸਾਰਕ ਭਉ ਸਾਰੇ ਮਿਟ ਜਾਂਦੇ ਹਨ। ਪਰ ਇਕ ਦੈਵੀ ਭਉ ਜਾਗਦਾ ਵੀ ਹੈ—ਇਸ ਲਈ ਕਿ ਭਾਵੇਂ ਅਸੀਂ ਸੌ ਪਰਦਿਆਂ ਪਿੱਛੇ ਲੁੱਕ ਕੇ ਵੀ ਗੁਨਾਹ

1. ਮਾਝ ਮ: ੫ (103 : 13)

ਕਰੀਏ, ਹਰਥੇ ਮੌਜੂਦ ਰੱਬ ਦੀ ਅੱਖ ਤੋਂ ਉਹਨਾਂ ਨੂੰ ਨਹੀਂ ਲੁਕਾ ਸਕਦੇ :

**ਲੂਕਿ ਕਮਾਨੋ ਸੋਈ ਤੁਮ੍ ਪੇਖਿਓ ਮੂੜ ਮੁਗਧ ਮੁਕਰਾਨੀ ॥[1]**

ਅਸੀਂ ਮੂਰਖ ਲੋਕ ਤਾਂ ਮੁਕਰਨ ਦੀ ਕੋਸ਼ਿਸ਼ ਵੀ ਕਰਦੇ ਹਾਂ। ਪਰ ਹਾਜ਼ਰ-ਨਾਜ਼ਰਤਾ ਦੇ ਅਭਿਆਸੀ ਚੇਤ-ਅਚੇਤ ਹੋਈਆਂ ਭੁੱਲਾਂ-ਚੁੱਕਾਂ ਦਾ ਤੁਰਤ ਇਕਬਾਲ ਕਰ ਕੇ ਉਸ ਪਾਸੋਂ ਸਭ ਤ੍ਰੁੱਟੀਆਂ ਬਖ਼ਸ਼ਾ ਲੈਂਦੇ ਹਨ। ਇਹੋ ਫ਼ਰਕ ਹੈ ਅਸਾਂ ਮੂਰਖਾਂ ਤੇ ਉਹਨਾਂ ਬਿਬੇਕੀਆਂ ਵਿਚ ਜਿਨ੍ਹਾਂ ਸੱਚ-ਮੁੱਚ ਉਸ ਦੀ ਹਾਜ਼ਰ-ਨਾਜ਼ਰਤਾ ਦਾ ਨੱਜ਼ਾਰਾ ਕੀਤਾ ਹੈ। ਉਹਨਾਂ ਦੀਆਂ ਆਤਮਾਵਾਂ ਹਰ ਵੇਲੇ ਇਸ ਪਾਵਨ ਤੇ ਸੁੰਦਰਤਮ ਨੱਜ਼ਾਰੇ ਨਾਲ ਸਰਸ਼ਾਰ ਹੋਈਆਂ ਰਹਿੰਦੀਆਂ ਹਨ। ਉਹ ਜਦ ਵੀ ਬੋਲਦੇ ਹਨ, ਆਪਣੇ ਅਲੌਕਿਕ ਅਨੁਭਵ ਦੀ ਬਾਤ ਪਾਉਂਦੇ ਹਨ।

ਆਓ, ਉਹਨਾਂ ਦੇ ਬਿਬੇਕਸ਼ੀਲ ਅਨੁਭਵੀ ਬੋਲਾਂ ਦੀ ਸੰਗਤ ਕਰੀਏ!

•

ਬੋਲ ਤਾਂ ਮੇਰੇ ਵਡੇ ਉਡਾਰੂ, ਚਿੰਤਨ ਰਹੇ ਹਿਠਾਹੀਂ।
ਚਿੰਤਨ ਬਾਝ ਬੋਲ ਕੋਈ ਵੀ ਅੰਬਰ ਅਪੜੇ ਨਾਹੀਂ। *—ਸ਼ੇਕਸਪੀਅਰ*

ਜੋ ਬੰਦਾ ਇਹ ਸੋਚ ਕੇ ਅਰਦਾਸ ਕਰਦਾ ਹੈ ਕਿ ਉਸ ਨੂੰ ਰੱਬ ਨਾਲੋਂ ਵਧੇਰੇ ਆਪਣੀਆਂ ਲੋੜਾਂ ਦਾ ਆਪ ਨੂੰ ਗਿਆਨ ਹੈ, ਉਹ ਅਸ਼ਰਧਕ ਹੈ। ਉਹ ਤਾਂ ਆਪਣੇ ਅਗਿਆਨ ਨੂੰ ਰੱਬ ਦੀ ਸਿਆਣਪ ਨਾਲੋਂ ਵਧੇਰੇ ਕਾਰਾਮਦ ਮੰਨੀ ਬੈਠਾ ਹੈ। *—ਐਮਰਸਨ*

ਜੋ ਕੋਈ ਰੱਬ ਦੇ ਹੁਕਮ ਵਲ ਕੰਨ ਕਰਦਾ ਹੈ, ਉਹ ਜਾਣਦਾ ਹੈ ਕਿ ਰੱਬ ਅਗਾਊਂ ਹੀ ਉਸ ਦੀਆਂ ਅਰਦਾਸਾਂ ਵਲ ਕੰਨ ਕਰੀ ਬੈਠਾ ਹੈ। *—ਹੋਮਰ*

ਅਰਦਾਸ ਲਈ ਬੋਲ ਨਾ ਲੱਭਣ ਤਾਂ ਕੋਈ ਗੱਲ ਨਹੀਂ। ਅੰਤਰਜਾਮੀ ਪਰਮਾਤਮਾ ਤੁਹਾਡੇ ਬੋਲਣ ਤੋਂ ਪਹਿਲਾਂ ਤੁਹਾਡੀ ਭਾਵਨੀ ਨੂੰ ਜਾਣ ਲੈਂਦਾ ਹੈ।

• •

---

1. ਆਸਾ ਮ: ੫ (403 : 11)

ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥
ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ॥੧॥
ਨ ਜਾਣਾ ਮੇਉ ਨ ਜਾਣਾ ਜਾਲੀ ॥
ਜਾ ਦੁਖੁ ਲਾਗੈ ਤਾ ਤੁਝੈ ਸਮਾਲੀ ॥੧॥ਰਹਾਉ॥
ਤੂ ਭਰਪੂਰਿ ਜਾਨਿਆ ਮੈ ਦੂਰਿ ॥
ਜੋ ਕਛੁ ਕਰੀ ਸੁ ਤੇਰੈ ਹਦੂਰਿ ॥
ਤੂ ਦੇਖਹਿ ਹਉ ਮੁਕਰਿ ਪਾਉ ॥
ਤੇਰੈ ਕੰਮਿ ਨ ਤੇਰੈ ਨਾਇ ॥੨॥
ਜੇਤਾ ਦੇਹਿ ਤੇਤਾ ਹਉ ਖਾਉ ॥
ਬਿਆ ਦਰੁ ਨਾਹੀ ਕੈ ਦਰਿ ਜਾਉ ॥
ਨਾਨਕੁ ਏਕ ਕਹੈ ਅਰਦਾਸਿ ॥
ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥
ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੋੁ ॥
ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋੁ ॥
ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੋੁ ॥੪॥ *—ਸਿਰੀਰਾਗੁ ਮ: ੧ (25 : 6)*

'ਹੇ ਮੇਰੇ ਸਾਹਿਬ!' ਤੂੰ ਸਿਆਣਪ ਤੇ ਚੇਤਨਾ ਦਾ ਸਮੁੰਦਰ ਹੈਂ ਤੇ ਮੈਂ ਇਸ ਸਮੁੰਦਰ ਅੰਦਰ ਤਰਦੀ ਇਕ ਮੱਛੀ ਹਾਂ—ਮੈਂ ਤੇਰਾ ਅੰਤ ਕਿਵੇਂ ਪਾ ਸਕਦੀ ਹਾਂ? ਮੈਂ ਤੇ ਜਿੱਥੇ ਵੇਖਦੀ ਹਾਂ ਉੱਥੇ ਤੂੰ ਹੀ ਤੂੰ ਨਜ਼ਰ ਆਉਂਦਾ ਹੈ। ਤੇਰੇ ਵਿਚੋਂ ਨਿਕਲਾਂ (ਭਾਵ ਤੇਰੇ ਨਾਮ ਨਾਲੋਂ ਵਿਛੜਾਂ) ਤਾਂ ਫੁੱਟ ਮਰਦੀ ਹਾਂ:

ਹਰਿ ਕਾ ਜਨੁ ਹਰਿ ਜਲ ਕਾ ਮੀਨਾ ਹਰਿ ਬਿਸਰਤ ਫੂਟਿ ਮਰੈ ॥[1]

(ਤੇਰੇ ਵਿਚ ਵੱਸਦਿਆਂ, ਭਾਵ ਤੇਰੀ ਹਜ਼ੂਰੀ ਵਿਚ ਰਹਿੰਦਿਆਂ) ਮੈਂ ਨਾ ਤਾਂ ਮਾਛੀ (ਜਮ) ਦੀ ਪਰਵਾਹ ਕਰਦੀ ਹਾਂ ਤੇ ਨਾ ਉਸ ਦੇ ਜਾਲ (ਮੌਤ) ਦੀ। ਜਦ ਵੀ ਕੋਈ ਦੁਖ ਵਾਪਰਦਾ ਹੈ ਤਾਂ ਤੈਨੂੰ ਯਾਦ ਕਰਦੀ ਹਾਂ। [ਇੱਥੇ ਮੱਛੀ ਦਾ ਦ੍ਰਿਸ਼ਟਾਂਤ[2] ਸਮਾਪਤ ਹੈ ਤੇ ਅੱਗੇ ਸਿੱਧੀ ਅਰਦਾਸ ਸ਼ੁਰੂ ਹੋਂਦੀ ਹੈ।] ਤੂੰ ਤਾਂ (ਹਰ ਥਾਂ) ਪਰਿਪੂਰਣ (ਵਿਆਪਕ) ਹੈਂ, ਪਰ ਮੈਂ ਤੈਨੂੰ ਕਿਤੇ ਦੂਰ ਜਾਣ ਲੈਂਦਾ ਹਾਂ। ਜੋ ਕੁਝ ਵੀ ਮੈਂ ਕਰਦਾ ਹਾਂ, ਤੇਰੀ ਹਾਜ਼ਰ-ਨਾਜ਼ਰਤਾ ਵਿਚ ਹੋਂਦਾ ਹੈ, ਤੇ ਤੂੰ (ਮੇਰੇ ਕੁਕਰਮਾਂ ਨੂੰ) ਵੇਖ ਰਿਹਾ

1. ਮਲਾਰ ਮ: ੪ (1263 : 16)
2. ਮੱਛੀ ਵਾਲੇ ਇਸ ਦ੍ਰਿਸ਼ਟਾਂਤ ਦੀ ਪੂਰੀ ਸਮਝ ਇਕ ਲੋਕ-ਕਹਾਣੀ ਤੋਂ ਵਧੇਰੇ ਆਉਂਦੀ ਹੈ: ਇਕ ਮੱਛੀ ਨੇ ਕੱਛੂ ਨੂੰ ਪੁੱਛਿਆ, "ਮੈਂ ਸੁਣਿਆ ਹੈ, ਇਕ ਸਾਗਰ ਹੈ ਜੋ ਸਰਬ-ਵਿਆਪਕ ਹੈ, ਸੀਤਲ ਤੇ ਸੁਖਦਾਈ ਹੈ ਤੇ ਸਭ ਦਾ ਜੀਵਨ ਆਧਾਰ ਹੈ। ਤੈਨੂੰ ਕੁਝ ਪਤਾ ਹੈ ਉਸ ਦਾ?" ਕੱਛੂ ਨੇ ਕਿਹਾ, "ਕੁੜੀਏ, ਮੈਨੂੰ ਪਤਾ ਤਾਂ ਹੈ, ਪਰ ਉਸ ਤੀਕ ਪਹੁੰਚਣ ਲਈ ਮੌਤ ਥਾਣੀਂ ਲੰਘਣਾ ਪੈਂਦਾ ਹੈ।" ਮੱਛੀ ਬੋਲੀ, "ਕੋਈ ਨਾ, ਮੈਨੂੰ ਜ਼ਰੂਰ ☛





ਹੋਂਦਾ ਹੈ; (ਫਿਰ ਵੀ) ਮੈਂ ਮੁਕਰਦਾ ਰਹਿੰਦਾ ਹਾਂ। ਨਾ ਤਾਂ ਮੈਂ ਤੇਰੇ (ਮਨ-ਭਾਉਂਦੇ) ਕੰਮ ਵਲ ਰੁਚਿਤ ਹਾਂ, ਤੇ ਨਾ ਹੀ ਤੇਰੇ ਨਾਮ (ਸਿਮਰਨ) ਵਲ। (ਇਸ ਨਾ-ਫ਼ਰਮਾਨੀ ਤੇ ਗ਼ੈਰ-ਹਾਜ਼ਰੀ ਦੇ ਬਾਵਜੂਦ) ਜਿਤਨਾ ਕੁਝ ਤੂੰ ਦੇਈ ਜਾਂਦਾ ਹੈ, ਮੈਂ ਖਾਈ ਜਾਂਦਾ ਹਾਂ। (ਹੋਰ ਕਰਾਂ ਵੀ ਕੀ ?) ਕੋਈ ਹੋਰ ਦਰਵਾਜ਼ਾ ਹੈ ਵੀ ਨਹੀਂ ਜਿਥੇ (ਖ਼ੈਰ ਲੈਣ) ਜਾ ਸਕਾਂ। (ਇਸ ਲਈ) ਨਾਨਕ ਇਕ ਅਰਦਾਸ ਕਰਦਾ ਹੈ ਕਿ (ਮੇਰੀ) ਆਤਮਾ ਤੇ ਸਰੀਰ ਆਪ ਦੇ ਪਾਸ (ਆਪ ਦੀ ਸ਼ਰਨ ਵਿਚ) ਰਹਿਣ।

ਆਪ ਹੀ (ਉਹ ਮੇਰਾ ਸਾਹਿਬ) ਨੇੜੇ ਹੈ, ਆਪ ਹੀ ਦੂਰ ਹੈ, ਆਪ ਹੀ ਨੇੜੇ ਤੇ ਦੂਰ ਦੇ ਵਿਚਾਲੇ ਹੈ। ਆਪ ਹੀ ਵੇਖਦਾ ਹੈ (ਆਪਣੀ ਕੀਤੀ ਨੂੰ, ਤੇ ਸਭ ਦੇ ਕੰਮਾਂ ਨੂੰ), ਆਪੇ ਹੀ ਸੁਣਦਾ ਹੈ (ਸਭ ਦੀਆਂ ਅਰਜ਼ੋਈਆਂ)। ਇਹ ਸਾਰਾ ਸੰਸਾਰ (ਆਪਣੀ) ਕੁਦਰਤ (ਸ਼ਕਤੀ) ਨਾਲ ਉਸ ਨੇ ਆਪ ਹੀ ਰਚਿਆ। ਜੋ ਉਸ ਨੂੰ ਭਾਵੇ, ਓਹਾ ਹੋਂਦਾ ਹੈ (ਏਹੋ ਉਸ ਦਾ ਹੁਕਮ ਹੈ ਤੇ ਇਹ) ਹੁਕਮ (ਸਦਾ ਸਾਨੂੰ) ਪਰਵਾਨ ਰਹਿੰਦਾ ਹੈ।

• •

**ਸੋ ਅੰਤਰਿ ਸੋ ਬਾਹਰਿ ਅਨੰਤ[1] ॥**
**ਘਟਿ ਘਟਿ[2] ਬਿਆਪਿ ਰਹਿਆ ਭਗਵੰਤ ॥**
**[3]ਧਰਨਿ ਮਾਹਿ ਆਕਾਸ ਪਇਆਲ[4] ॥**
**ਸਰਬ ਲੋਕ ਪੂਰਨ ਪ੍ਰਤਿਪਾਲ ॥**
**[5]ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥**
**ਜੈਸੀ ਆਗਿਆ ਤੈਸਾ ਕਰਮੁ[6] ॥**
**ਪਉਣ ਪਾਣੀ ਬੈਸੰਤਰ[7] ਮਾਹਿ ॥**
**[8]ਚਾਰਿ ਕੁੰਟ ਦਹ ਦਿਸੇ ਸਮਾਹਿ ॥**
**ਤਿਸ ਤੇ ਭਿੰਨ[9] ਨਹੀ ਕੋ ਠਾਉ[10] ॥**
**[11]ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥** *—ਗਉੜੀ ਸੁਖਮਨੀ ਮ: ੫ (293 : 18)*

**ਜਹ ਜਹ ਪੇਖਉ ਤਹ ਹਜੂਰਿ[12] ਦੂਰਿ ਕਤਹੁ[13] ਨ ਜਾਈ ॥**
**[14]ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥** *—ਧਨਾਸਰੀ ਮ: ੫ (677 : 15)*

---

☛ ਲੈ ਚੱਲ, ਮੈਂ ਸਭ ਦੁੱਖ ਸਹਿ ਲਵਾਂਗੀ।" ਤਦ ਕੱਛੂ ਨੇ ਕਿਹਾ, "ਚੰਗਾ" ਤੇ ਉਸ ਨੂੰ ਪਿੱਠ ਉਪਰ ਚੁੱਕ ਲਿਆ ਤੇ ਬਾਹਰ ਬਰੇਤੇ ਉਤੇ ਜਾ ਸੁੱਟਿਆ। ਤਦ ਮੱਛੀ ਲੱਗੀ ਤੜਫਣ। ਜਦ ਥੋੜਾ ਤੜਫ ਚੁੱਕੀ ਤਾਂ ਮੁੜ ਉਸ ਨੂੰ ਪਿੱਠ ਉਪਰ ਪਾ ਕੇ ਲਿਆ ਸਮੁੰਦਰ ਵਿਚ ਸੁੱਟਿਆ ਤੇ ਕਿਹਾ, "ਮੱਛੀਏ ਆਹ ਹਈ ਸਾਗਰ!"

1. ਬੇਅੰਤ ਵਾਹਿਗੁਰੂ। 2. ਹਰੇਕ ਸਰੀਰ ਵਿਚ। 3. ਧਰਤੀ ਵਿਚ। 4. ਪਾਤਾਲ ਵਿਚ। 5. ਜੰਗਲ ਵਿਚ, ਘਾਹ ਵਿਚ ਤੇ ਪਹਾੜਾਂ ਵਿਚ। 6. ਕੰਮ। 7. ਅਗਨੀ। 8. ਚਾਰੋਂ ਤਰਫ਼ਾਂ ਤੇ ਦਸੇ ਦਿਸ਼ਾਵਾਂ ਵਿਚ ਸਮਾਇਆ ਹੋਇਆ। 9. ਵੱਖਰਾ। 10. ਥਾਂ। 11. ਗੁਰੂ ਦੀ ਕਿਰਪਾ ਨਾਲ। 12. ਹਾਜ਼ਰ, ਮੌਜੂਦ। 13. ਕਿਧਰੇ। 14. ਸਭ ਵਿਚ ਰਮ ਰਿਹਾ ਅਥਵਾ ਵੱਸ ਰਿਹਾ ਹੈ।

ਨਾ ਮੈਂ ਸੁਣਾਂ ਬੋਲ ਪੁਰਖਾਂ ਦੇ
ਨਾ ਪਸ਼ੂਆਂ ਦੀਆਂ 'ਵਾਜ਼ਾਂ,
ਨਾ ਮੈਂ ਸਰ ਸਰ ਸੁਣਾਂ ਪਉਣ ਦੀ,
ਨਾ ਝਰਨੇ ਦੀ ਸ਼ਾਂ ਸ਼ਾਂ।
ਨਾ ਕੰਬਦੇ ਪੱਤਰਾਂ ਦੀ ਖੜ ਖੜ,
ਨਾ ਪੰਛੀ ਦੀ ਚੁਹਕਣ;
ਨਾ ਮੈਂ ਸੁਣਾ ਕੜਕ ਬਿਜਲੀ ਦੀ
ਨਾ ਬੱਦਲਾਂ ਦੀ ਗਰਜਣ।

ਇਹ ਤਾਂ ਸਾਰੇ ਕੇਵਲ ਤੇਰੀ
ਕਰਦੇ ਫਿਰਦੇ ਪੂਜਾ;
ਨਾਲੇ ਇਹ ਐਲਾਨ ਕਿ ਤੁਧ ਬਿਨ
ਹੋਰ ਨ ਕੋਈ ਦੂਜਾ।

*—ਇਕ ਸੂਫ਼ੀ ਦੁਆ*

ਪਿਆਰੇ ਫ਼ਾਦਰ!
ਚੰਗਾ ਲਗਦਾ ਏ ਇਹ ਸੁਣ ਕੇ:
ਤੂੰ ਹੈਂ ਹਰਥੇ ਹਾਜ਼ਰ ਨਾਜ਼ਰ।
..... ਬੱਸ ਇਤਨਾ ਹੀ;
ਬਾਕੀ ਆਦਰ!

*—ਇਕ ਸ੍ਰਿੱਸ ਬੱਚਾ*

ਮੱਛੀ ਪਾਣੀ ਵਿਚ ਪਿਆਸੀ—
ਇਹ ਸੁਣਿਆ ਤੇ ਹੱਸਿਆ ਮੈਂ।
ਰੱਬ ਨੂੰ ਲਭਦੇ ਤੀਰਥ-ਜਾਤੀ—
ਇਹ ਤਕਿਆ ਤੇ ਹੱਸਿਆ ਮੈਂ।

*—ਐਡਵਰਡ ਕਾਲਜ ਪੇਸ਼ਾਵਰ ਦੇ ਤਾਲਾਬ ਕਿਨਾਰੇ ਦੇ ਸ਼ਿਲਾਲੇਖ ਤੋਂ*

ਉਹ ਹਰਦਮ ਹਰਥੇ ਵਸਦਾ ਜੇ,
ਤੇ ਪਿਆਰ ਉਸੇ ਦਾ ਰਸਤਾ ਜੇ।

*—ਸੇਂਟ ਅਗਸਤੀਨ (ਹਿੱਪੋ)*

ਦਿਲ ਮੇਰੇ ਵਿਚ ਇਕ ਹਸਤੀ ਹੈ
ਇਕ ਚਾਵਲ ਦੇ ਦਾਣੇ ਜੇਡੀ;
ਚਾਵਲ ਨਹੀਂ, ਬਾਜਰੇ ਜੇਡੀ,
ਨਹੀਂ, ਨਹੀਂ, ਇਕ ਰਾਈ ਜੇਡੀ,
ਰਾਈ ਦੀ ਵੀ ਗਿਰੀ ਸਮਾਨ!
ਉਹ ਮੇਰੀ ਧਰਤੀ ਤੋਂ ਚੌੜੀ,
ਉਹ ਮੇਰੇ ਅੰਬਰ ਤੋਂ ਉੱਚੀ,
ਕੁਲ ਆਲਮ ਤੋਂ ਵੱਧ ਮੋਕਲੀ
ਸਗਲ ਵਿਸ਼ਵ ਤੋਂ ਕਿਤੇ ਮਹਾਨ!
ਮੇਰੇ ਦਿਲ ਵਿਚ ਇਕ ਹਸਤੀ ਹੈ
ਇਕ ਚਾਵਲ ਦੇ ਦਾਣੇ ਜੇਡੀ.....

*—ਛਾਂਦੋਗਜ ਉਪਨਿਸ਼ਦ ਦੇ ਇਕ ਸਲੋਕ ਦੇ ਆਧਾਰ 'ਤੇ*

ਰੋਜ਼ ਦੁਆਈਂ ਕਰੇਂਦਾ, ਪਰ ਉਨ ਕੋਈ ਜਵਾਬ ਨ ਆਵੇ—
ਫਿਰ ਇਹ ਹੋਇਆ, ਤਿਲ ਤਿਲ ਉਸ ਦੀ ਸ਼ਰਧਾ ਘਟਦੀ ਜਾਵੇ।
ਹੁਣ ਉਹ ਨਾ ਹੀ ਕਰੇ ਦੁਆਈਂ, ਨਾ ਦੋ ਜ਼ਾਨੂ ਹੋਵੇ,
ਜੇ ਸੋਚੇ ਵੀ, ਤਾਂ ਮਨ ਅੰਦਰੋਂ ਸੰਸਾ ਜਾਗ ਖਲੋਵੇ।

..... .....

ਇਕ ਰਾਤੀ ਉਹ ਕਮਰੇ ਅਪਣੇ ਵਿਚ ਸੀ ਸੁੱਤਾ ਹੋਇਆ,
ਅਚਣਚੇਤ ਉਹ ਸਾਰਾ ਕਮਰਾ ਚਾਨਣ-ਚਾਨਣ ਹੋਇਆ।
ਅੱਖੀਆਂ ਮਲ ਕੇ ਜਾਂ ਉਹ ਵੇਖੇ, ਉਸ ਚਾਨਣ ਵਿਚਕਾਹੇ,
ਇਕ ਫ਼ਿਰਿਸ਼ਤਾ ਖੜਾ ਏਸ ਵਲ ਕੁਝ ਕੁਝ ਪਿਆ ਅਲਾਏ।
ਇਨ ਸੁਣਿਆ: "ਓਏ ਭਲਿਆ ਲੋਕਾ ਕਿਉਂ ਤਜ ਗਿਓਂ ਦੁਆਈਂ?
ਅਪਣੇ ਰੱਬ ਦੇ ਨਾਲ ਗਲਾਵਣ ਕਦੇ ਚਿਤਾਰੇ ਨਾਹੀਂ?"
ਉੱਤਰ ਦਿਤਿਉਸ, "ਸੱਚ ਆਖਾਂ, ਮੈਂ ਕੀਤੀਆਂ ਬਹੁਤ ਦੁਆਈਂ,
ਕੋਈ ਵੀ, ਪਰ, ਉਹਨਾਂ 'ਚੋਂ ਖ਼ਬਰੇ ਪਹੁੰਚੀ ਨਾ ਦਰਗਾਹੀਂ।
ਜੇ ਪਹੁੰਚੀ ਤਾਂ ਓਥੋਂ ਮੈਨੂੰ ਕੋਈ ਜਵਾਬ ਨ ਆਇਆ।
ਰੱਬ ਦੀ ਇਸ ਖ਼ਾਮੋਸ਼ੀ ਨੇ ਹੀ ਦਿਲ ਮੇਰਾ ਹੈ ਢਾਹਿਆ।"

"ਝੱਲਿਆ!" ਕਿਹਾ ਫ਼ਰਿਸ਼ਤੇ ਅੱਗੋਂ, "ਤੇਰੀਆਂ ਸਗਲ ਦੁਆਈਂ
ਕੀ ਇਹ ਅਪਣੇ ਆਪ 'ਚ ਉਸ ਮਾਲਕ ਦੀ ਰਹਿਮਤ ਨਾਹੀਂ ?
ਜਿਤਨੀ ਵੇਰਾਂ ਵੀ ਤੂੰ ਉਸ ਨੂੰ ਆਖਿਆ, 'ਮੇਰੇ ਅੱਲਾ!'
ਤੈਨੂੰ ਲੱਗਿਆ ਨਹੀਂ ਕਿ ਉਹ ਸੀ ਲਾਗੇ ਤੇਰੇ ਖੱਲ੍ਹਾ ?
ਤੇਰਾ ਹਰ ਹੰਝੂ, ਹਰ ਹਾੜਾ, ਹਰ ਬਿਰਹਾ, ਹਰ ਹਾਵਾ,
ਉਸ ਦੀਆਂ ਪਿਆਰ-ਤਣਾਵਾਂ ਸਦਕੇ ਹੀ ਤਾਂ, ਝੱਲਿਆ, ਆਹਾ।
ਉਹ ਤਾਂ ਤੇਰੇ ਕੋਲ ਖੜਾ ਸੀ ਹਾਜ਼ਰ ਨਾਜ਼ਰ ਥੀ ਕੇ—
ਤੈਨੂੰ ਹੀ ਕੁਝ ਸਮਝ ਨ ਆਏ ਉਸ ਦੇ ਤੌਰ ਤਰੀਕੇ।"

..... .....

ਬੱਦਲ ਉਡ ਗਏ ਤਦੋਂ ਓਸ ਦੇ, ਉਹ ਦੋ ਜ਼ਾਨੂ ਹੋਇਆ,
ਰੱਬ ਦੀ ਹਾਜ਼ਰ-ਨਾਜ਼ਰਤਾ ਵਿਚ ਆਪਾ ਓਨ ਸਮੋਇਆ।

*—ਜਲਾਲੁੱਦੀਨ ਰੂਮੀ*

ਜਿੱਧਰ ਜਾਵਾਂ, ਤੂੰ ਹੀ, ਤੂੰ ਹੀ।
ਜਦੋਂ ਧਿਆਵਾਂ, ਤੂੰ ਹੀ, ਤੂੰ ਹੀ।
ਹੁਣ ਵੀ ਤੂੰ ਹੀ, ਤਦ ਵੀ ਤੂੰ ਹੀ।
ਹਰ ਸਾਇਤ, ਹਰ ਪਲ ਵਿਚ ਤੂੰ ਹੀ।
ਮੈਂ ਹੱਸਾਂ ਤਾਂ ਜਾਪੇਂ ਤੂੰ ਹੀ।
ਰੋਵਾਂ ਜਦੋਂ ਸਿਵਾਪੇਂ ਤੂੰ ਹੀ।
ਬੋਲਾਂ ਜਦੋਂ ਅਲਾਪੇਂ ਤੂੰ ਹੀ।
ਹੇਠ ਵੀ ਤੂੰ, ਉਪਰ ਵੀ ਤੂੰ ਹੀ।
ਇਕ ਅਪਰੰਪਰ, ਤੂੰ ਹੀ, ਤੂੰ ਹੀ।
ਹਰ ਰੁਝਾਣ ਵਿਚ,
ਹਰ ਉਡਾਨ ਵਿਚ,
ਹਰ ਜ਼ਮੀਨ ਵਿਚ,
ਹਰ ਜ਼ਮਾਨ ਵਿਚ,
ਸਦਾ ਸਲਾਮਤ, ਤੂੰ ਹੀ, ਤੂੰ ਹੀ,
ਹੇ ਸਾਹਿਬ, ਬੱਸ ਤੂੰ ਹੀ, ਤੂੰ ਹੀ।

*—ਲੇਵੀ ਯਿਜ਼ਚਕ ਦਾ ਗੀਤ*

'ਜਿੱਥੇ ਵੀ ਤੂੰ ਲਾਏ ਮਨੁੱਖਾ ਪੈਰ ਨਿਸ਼ਾਨ,
ਓਥੇ ਓਥੇ ਮੈਂ ਹਾਂ, ਜੇ ਤੂੰ ਸਕੇਂ ਪਛਾਣ।'

—ਤਾਲਮੂਦ ਵਿਚੋਂ

ਤੂੰ ਹੈਂ, ਹੈਂ ਤੂੰ!

ਕੰਨ ਦੇ ਸ੍ਰੋਤ, ਨੱਜ਼ਾਰੇ ਅੱਖ ਦੇ
ਤੇਰੇ ਤੀਕ ਅਪੜ ਨਾ ਸਕਦੇ।
ਨਾ 'ਕਿਵ ?' ਨਾ 'ਕਿਉਂ ?' ਨਾ ਹੀ 'ਕਿੱਥੇ ?'
ਤੈਨੂੰ ਲਭ ਸਕਦੇ ਤੂੰ ਜਿੱਥੇ।
ਐਪਰ, ਹੈਂ ਤੂੰ, ਹੈਂ ਤੂੰ, ਹੈਂ ਤੂੰ!

ਤੂੰ ਸਭ ਅਪਣੇ ਮਰਮ ਲੁਕਾਏ—
ਤੇਰਾ ਹਾਥ ਨ ਕੋਈ ਪਾਏ।
ਤੂੰ ਹਰ ਇਕ ਚਿੰਤਨ ਤੋਂ ਅੱਗੇ,
ਭੇਤ ਤੇਰਾ ਕੀਕਣ ਕੋ ਲੱਭੇ ?
ਫਿਰ ਵੀ ਹੈਂ ਤੂੰ, ਹੈਂ ਤੂੰ, ਹੈਂ ਤੂੰ।

—ਇਕ ਯਹੂਦੀ ਅਰਦਾਸ

ਹੁਣ ਕਿਸ ਥੀਂ ਆਪ ਛੁਪਾਈਦਾ ?

ਕਿਤੇ ਸੁੰਨਤ ਫ਼ਰਜ਼ ਵਸੇਂਦੇ ਹੋ,
ਕਿਤੇ ਮੁੱਲਾਂ ਬਾਂਗ ਬੋਲੇਂਦੇ ਹੋ,
ਕਿਤੇ ਰਾਮ ਦੁਹਾਈ ਦੇਂਦੇ ਹੋ,
ਕਿਤੇ ਮੱਥੇ ਤਿਲਕ ਲਗਾਈਦਾ।

ਕਿਤੇ ਚੋਰ ਹੋ, ਕਿਧਰੇ ਕਾਜ਼ੀ ਹੋ,
ਕਿਤੇ ਮਿੰਬਰ ਤੇ ਬਹਿ ਵਾ'ਜ਼ੀ ਹੋ,
ਕਿਤੇ ਤੇਗ਼ ਬਹਾਦਰ ਗ਼ਾਜ਼ੀ ਹੋ,
ਆਪੇ ਪਰ ਕਟਕ ਚੜ੍ਹਾਈਦਾ।





ਤੁਸੀਂ ਸਭਨੀਂ ਭੇਸੀਂ ਥੀਂਦੇ ਹੋ,
ਮਦ ਆਪੇ, ਆਪੇ ਪੀਂਦੇ ਹੋ,
ਮੈਨੂੰ ਹਰ ਜਾ ਤੁਸੀਂ ਦਿਸੀਂਦੇ ਹੋ,
ਆਪੇ ਕੋ ਆਪ ਚੁਕਾਈਦਾ।

ਜੋ ਢੂੰਢ ਤੁਸਾਡੀ ਕਰਦਾ ਹੈ,
ਮੋਇਆਂ ਤੋਂ ਅੱਗੇ ਮਰਦਾ ਹੈ;
ਮੋਇਆਂ ਭੀ ਤੈਥੋਂ ਡਰਦਾ ਹੈ,
ਮਤ ਮੋਇਆਂ ਮੋੜ ਮੁਕਾਈਦਾ।

'ਮੈਂ' ਮੇਰੀ ਹੈ ਯਾ ਤੇਰੀ ਹੈ,
ਇਹ ਅੰਤ ਭਸਮ ਦੀ ਢੇਰੀ ਹੈ,
ਇਹ ਢੇਰੀ ਪੀਆ ਨੇ ਘੇਰੀ ਹੈ,
ਢੇਰੀ ਨੂੰ ਨਾਚ ਨਚਾਈਦਾ।

ਬੁਲ੍ਹਾ, ਮੈਂ ਸ਼ਹੁ ਦਾ ਮਾਇਲ ਹਾਂ,
ਝਬ ਕਰੋ ਇਨਾਇਤ, ਸਾਇਲ ਹਾਂ;
ਇਹ ਸਾਇਲ ਕੀ ? ਮੈਂ ਘਾਇਲ ਹਾਂ,
ਘਾਇਲ ਤੋਂ ਆਪ ਛੁਪਾਈਦਾ ?

ਹੁਣ ਕਿਸ ਥੀਂ ਆਪ ਛੁਪਾਈਦਾ ?

*—ਸਈਅਦ ਬੁਲ੍ਹੇ ਸ਼ਾਹ*

ਨੈਣੀਂ ਤਕ ਲੈ, ਸਾਈਂ ਤੇਰੇ ਹਜ਼ੂਰ!
ਅੱਗੇ, ਪਿੱਛੇ, ਸੱਜੇ, ਖੱਬੇ, ਹਰ ਪਾਸੇ ਭਰਪੂਰ।
ਗਿਆਨ ਗੁਰੂ ਦਾ ਨਾ ਜਿਸ ਪੱਲੇ, ਸੋਈ ਸਮਝੇ ਦੂਰ।
ਸੁਰਗ, ਮਾਤ, ਪਾਤਾਲ, ਜ਼ਿਮੀਂ ਵਿਚ, ਹਰਥੇ ਉਸ ਦਾ ਨੂਰ।
ਜੋਗ, ਜੱਗ, ਤੀਰਥ, ਬ੍ਰਤ ਰਾਹੀਂ, ਜੋ ਲੱਧਾ ਸੋ ਕੂੜ।
ਚਰਨਦਾਸ ਗੁਰੂ ਸਹਿਜੋ ਦਿੱਤਾ ਜੋ ਸਭਨਾਂ ਦਾ ਮੂਲ।

*—ਸਹਜੋ ਬਾਈ*



ਅਸਲੀਅਤਾਂ ਨੂੰ ਰੋਸ਼ਨ ਕਰਦਾ 'ਏ ਨੂਰ ਤੇਰਾ।
ਵਸਤਾਂ 'ਚ ਲਿਸ਼ਕਦਾ ਏ ਜ਼ਾਹਰ ਜ਼ਹੂਰ ਤੇਰਾ।
ਤੇਰੀ ਹੀ ਹੈ ਨੁਮਾਇਸ਼, ਕੀ ਗ਼ੈਬ, ਕੀ ਸ਼ਹਾਦਤ,
ਏਥੇ ਸ਼ਹੂਦ[1] ਤੇਰਾ, ਓਥੇ ਜ਼ਹੂਰ ਤੇਰਾ।

—ਖ਼੍ਵਾਜਾ ਮੀਰ ਦਰਦ

ਕੰਨ ਲਗਾ ਕੇ ਨਾਲ ਜ਼ਿਮੀਂ ਦੇ
ਸੁਣੋ ਕਿ ਰੌਲੇ ਕਹੇ ਚੁਗਿਰਦੇ!
ਅਤਿ ਚਿੰਤਤ ਬੇਚੈਨ ਪੈਰ ਕੁਝ,
ਕਦਮ ਕੋਈ ਜੋ ਤ੍ਰਾਹੇ ਫਿਰਦੇ।
ਕੁਝ ਬਾਗ਼ੀ, ਜਿਨ ਨੀਂਦ ਤਿਆਗੀ
ਇਕ ਪਗ ਤੁਰੇ, ਹੋਏ ਦਰਮਾਂਦੇ।
ਪਰ ਕੋ ਐਸੇ ਕਦਮ ਨ ਕਿਧਰੇ
ਹੋਵਣ ਜਿਹੜੇ ਆਸ ਜਗਾਂਦੇ।

.....

ਮੁੜ ਕੇ ਭੋਇੰ ਨਾਲ ਕੰਨ ਜੋੜੋ,
ਰੋਕੋ ਸੁਆਸ, ਧਿਆਨ ਲਗਾਓ;
ਮੀਟੋ ਅੱਖੀਆਂ, ਤਜੋ ਵਿਚਾਰਾਂ,
ਦਿਲ ਦੇ ਅੰਦਰ ਪਿਆਰ ਜਗਾਓ।
ਰੱਬ ਤੁਰਿਆ ਆਉਂਦਾ ਜੇ, ਵੇਖੋ,
ਮਹਿਕ ਪਈਆਂ ਜੇ ਸਗਲ ਫ਼ਿਜ਼ਾਵਾਂ;
ਉਸ ਦੇ ਕਦਮਾਂ ਨਾਲ, ਅਸਾਡੇ
ਝੁਲ ਪਈਆਂ ਨੀ ਸੁਖਦ ਹਵਾਵਾਂ।

.....

1. ਗਵਾਹੀ।

ਸਮਾ ਸੁਹਾਵਾ ਹੋਵੇ ਤਾਂ ਉਹ
ਭਾਵੇਂ ਬੈਠ ਪਸਿੱਤੇ ਜਾਵੇ,
ਔਖੇ ਸਮੇ, ਦੌੜ ਕੇ ਕਿਤਿਓਂ
ਸਾਡੇ ਦਰਦ ਚੁਗਣ ਆ ਜਾਵੇ।

*—ਬ੍ਰਾਜ਼ੀਲ ਦਾ ਇਕ ਮੰਗਲ-ਗਾਨ*

ਸੱਦੀਏ, ਭਾਵੇਂ ਨਾਹਿੰ ਬੁਲਾਈਏ,
ਰੱਬ ਨੂੰ ਹਾਜ਼ਰ ਨਾਜ਼ਰ ਪਾਈਏ।

*—ਕਾਰਲ ਗੁਸਟਾਫ਼ ਯੁੰਗ*

ਪੂਰਨ ਬ੍ਰਹਮ ਵਸੇ ਤਨ ਅੰਦਰ
ਬਨ ਤੀਰਥ ਕਿਉਂ ਖੋਜਹੁ ਭਾਈ?
ਕੀਟ-ਪਤੰਗ 'ਚ ਵੀ ਪਰਿਪੂਰਣ
ਤਿਲ ਭਰ ਵੀ ਨਾ ਕਿਤੇ ਜੁਦਾਈ।
ਦਿੱਤੇ ਨੈਣ ਉਨ ਵੇਖਣ ਨੂੰ
ਤਕੋ ਤਾਂ, ਪਲਟੂ, ਦਏ ਦਿਖਾਈ।
ਢੂੰਢ ਰਿਹਾ ਅੰਨ੍ਹਾ ਗ੍ਰੰਥਾਂ ਵਿਚ,
ਲੁਕਿਆ ਰਾਮ ਨ ਕਾਗ਼ਜ਼ ਮਾਹੀਂ।

*—ਪਲਟੂ ਸਾਹਿਬ*

ਸ਼ੌਰ-ਸ਼ਹਿਰ ਤੇ ਰਹਿਮਤ ਵੱਸੇ
ਜਿੱਥੇ ਬਾਹੂ ਜਾਲੇ ਹੂ।
ਬਾਗ਼ਬਾਨਾਂ ਦੇ ਬੂਟੇ ਵਾਂਙੂੰ
ਤਾਲਬ ਨਿੱਤ ਸਮਾਲੇ ਹੂ।
ਨਾਲ ਨੱਜ਼ਾਰੇ ਰਹਿਮਤ ਵਾਲੇ
ਖੜਾ ਹੁਜ਼ੂਰੋਂ ਪਾਲੇ ਹੂ।
ਨਾਮ ਫ਼ਕੀਰ ਤਿਨ੍ਹਾਂ ਦਾ ਬਾਹੂ
ਜਿਹੜਾ ਘਰ ਵਿਚ ਯਾਰ ਦਿਖਾਲੇ ਹੂ।

*—ਸੁਲਤਾਨ ਬਾਹੂ*

ਮੁਖ ਉਸਦਾ ਇਕ ਜੋਤਿ ਹੈ, ਘੁੰਘਟ ਹੈ ਸੰਸਾਰ।
ਘੁੰਘਟ ਵਿਚ ਉਹ ਛੁਪ ਗਿਆ ਮੁਖ ਤੇ ਆਂਚਲ ਡਾਰ! —*ਬੁਲ੍ਹੇ ਸ਼ਾਹ*

'ਹਰਾ ਸਮੁੰਦਰ, ਗੋਪੀ ਚੰਦਰ, ਮੱਛੀਏ ਕਿਤਨਾ ਪਾਣੀ?'
'ਜਿੱਥੋਂ ਤੀਕ ਅਸਾਡੀ ਤਾਰੀ, ਜਦ ਤੀਕਰ ਜ਼ਿੰਦਗਾਨੀ!'

'ਹਰਾ ਸਮੁੰਦਰ, ਗੋਪੀ ਚੰਦਰ, ਮੱਛੀਏ ਸਰਵਰ ਕੈਸਾ?'
'ਅੰਦਰ ਸਰਵਰ, ਬਾਹਰ ਸਰਵਰ, ਕੋਇ ਨ ਸਰਵਰ ਜੈਸਾ।'

'ਹਰਾ ਸਮੁੰਦਰ, ਗੋਪੀ ਚੰਦਰ, ਮੱਛੀਏ ਭਉਜਲ ਖਾਰਾ?'
ਕੋਇ ਨ ਸਾਨੂੰ ਇਸ ਤੋਂ ਮਿੱਠਾ ਕੋਇ ਨ ਇਸ ਤੋਂ ਪਿਆਰਾ।'

'ਹਰਾ ਸਮੁੰਦਰ, ਗੋਪੀ ਚੰਦਰ, ਮੱਛੀਏ, ਬਰ ਕੀ ਇਸ ਦਾ?'
'ਜਿੱਥੋਂ ਤੀਕ ਨਜ਼ਰ ਦਾ ਪਹਿਰਾ, ਸਾਹਿਲ-ਸਿਰਾ ਨ ਦਿਸਦਾ।'

'ਹਰਾ ਸਮੁੰਦਰ, ਗੋਪੀ ਚੰਦਰ, ਮੱਛੀਏ ਤੂੰ ਕਿਵ ਤਰਦੀ?'
'ਸਾਨੂੰ ਕੈੜ ਨ ਕਸਬ ਕਿਸੇ ਦੀ, ਖ਼ਬਰ ਨ ਕਿਸੇ ਹੁਨਰ ਦੀ।'

'ਹਰਾ ਸਮੁੰਦਰ, ਗੋਪੀ ਚੰਦਰ, ਕਿਵ ਭਟਕੇਂ ਅਸਗਾਹੀਂ?'
'ਨੇਹੁੰ ਲਗਾ ਕੇ ਨਾਲ ਸਰਾਂ ਦੇ, ਹੁੱਜਤ ਵਾਜਬ ਨਾਹੀਂ।'

'ਹਰਾ ਸਮੁੰਦਰ, ਗੋਪੀ ਚੰਦਰ, ਮੱਛੀਏ ਸਹਿਮ ਨ ਲਗਦਾ?'
'ਸਹਿਮ ਕਿਵੇਹਾ? ਨਿਰਭਉ ਸਾਗਰ ਅੰਦਰ ਬਾਹਰ ਵਗਦਾ।'

'ਹਰਾ ਸਮੁੰਦਰ, ਗੋਪੀ ਚੰਦਰ, ਮਾਣ ਤੇਰਾ ਕਿਸ ਘਰ ਤੇ?'
'ਆਰ ਨ ਪਾਰ, ਸ਼ੁਮਾਰ ਨ ਜਿਸਦਾ, ਜਿਤ ਜਾਵਾਂ ਤਿਤ ਵਰਤੇ!'

—*ਜ.ਸ.ਨ.*

ਕਿਸੇ ਕੋਹ-ਤੂਰ ਤੇ ਡਿੱਠਾ, ਕਿਸੇ ਸੂਲੀ ਤੇ ਚੜ੍ਹ ਪਾਇਆ।
ਕਿਸੇ ਨੂੰ ਬਨਾਂ ਵਿਚ ਮਿਲਿਆ, ਕਿਸੇ ਪਰਬਤ ਸਿਖਰ ਪਾਇਆ।

ਕਿਸੇ ਰੁੱਖਾਂ ਦੀ ਛਾਵੇਂ ਤੇ ਕਿਸੇ ਨੂੰ ਕੰਦਰਾਂ ਅੰਦਰ,
ਕਿਸੇ ਨੂੰ ਮਸਜਦੀਂ ਮਿਲਿਆ, ਕਿਸੇ ਨੂੰ ਮੰਦਰਾਂ ਅੰਦਰ।

ਕਿਸੇ ਨੇ ਰਾਹ ਵਿਚ ਤੱਕਿਆ, ਕਿਸੇ ਉਦਿਆਨ ਵਿਚ ਮਿਲਿਆ,
ਕਿਸੇ ਮਾਰੂਥਲੀਂ ਲੱਧਾ, ਕਿਸੇ ਸ਼ਮਸ਼ਾਨ ਵਿਚ ਮਿਲਿਆ।

ਕਿਸੇ ਨੇ ਰਾਗ ਵਿਚ ਸੁਣਿਆ, ਕਿਸੇ ਨੇ ਰੰਗ ਵਿਚ ਡਿੱਠਾ।
ਕਿਸੇ ਨੂੰ ਸੁਆਦ ਬਣ ਮਿਲਿਆ, ਕਿਸੇ ਨੇ ਗੰਧ ਵਿਚ ਡਿੱਠਾ।

ਕਿਸੇ ਤੋਂ ਲੈ ਗਿਆ ਭੇਟਾ, ਕਿਸੇ ਨੂੰ ਦੇ ਗਿਆ ਤੋਸਾ,
ਕਿਸੇ ਨੂੰ ਕਰ ਗਿਆ ਮਹਿਰਮ, ਕਿਸੇ ਦਾ ਲੈ ਗਿਆ ਬੋਸਾ।

ਮੈਂ ਉਸ ਖ਼ਾਤਰ ਹਨੇਰੇ ਵਿਚ ਚੌਮੁਖੀਆ ਜਗਾਇਆ ਜਦ,
ਉਹ ਮੇਰੇ ਹੀ ਸੁਆਸਾਂ 'ਚੋਂ, ਮੇਰੇ ਤੇ ਮੁਸਕ੍ਰਾਇਆ ਤਦ।

—ਅਨਾਮ

# ਪੂਰਨ ਪ੍ਰੀਤ ਕੀ ਰੀਤ ਸੰਭਾਰੇ



ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ॥
ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ॥
*— ਗੂਜਰੀ ਵਾਰ ਮ: ੫ (520:1)*

ਪਿਆਰ ਤਾਂ ਰੱਬ ਦਾ ਪ੍ਰਤਿਬਿੰਬ ਹੈ—ਉਹ ਵੀ ਕੋਈ ਨਿਰਜਿੰਦ ਬਿੰਬ ਨਹੀਂ; ਇਹ ਤਾਂ ਸਗੋਂ ਉਸ ਦੇ ਦੈਵੀ ਸੁਭਾਅ ਦਾ ਜੀਵੰਤ ਸਾਰ ਹੈ ਜਿਸ ਵਿਚੋਂ ਉਸ ਦੀ ਉਦਾਰਤਾ ਲਿਸ਼ਕਾਰੇ ਮਾਰਦੀ ਹੈ।

*—ਮਾਰਟਿਨ ਲੂਥਰ*

6

# ਪੂਰਨ ਪ੍ਰੀਤ ਕੀ ਰੀਤ ਸੰਭਾਰੇ

ਨਾ ਤਾਂ ਰੱਬ ਕੋਈ ਸਿੱਧਾਂਤ ਹੈ, ਨਾ ਹੀ ਪਿਆਰ ਕੋਈ ਫ਼ਲਸਫ਼ਾ ਹੈ। ਰੱਬ ਤਾਂ ਪਿਆਰ ਦੀ ਸ਼ਕਤੀ ਹੈ—ਜੀਊਂਦੀ ਜਾਗਦੀ, ਮੋਕਲੇ ਇਰਾਦੇ ਦੀ ਮਾਲਕ, ਸਭ ਨੂੰ ਸਾਂਭਦੀ, ਸੰਭਾਲਦੀ, ਉਬਾਰਦੀ। ਜਿਵੇਂ ਜਲ ਬੇਵੱਸ ਹੋ ਕੇ ਚਸ਼ਮੇ ਥਾਣੀਂ ਫੁੱਟਦਾ ਹੈ, ਉਵੇਂ ਪਿਆਰ ਰੱਬ ਦੀ ਪਾਵਨ ਹੋਂਦ 'ਚੋਂ ਫੁੱਟਦਾ ਹੈ। ਇਹ ਤਾਂ, ਸਮਝੋ, ਉਸ ਦੇ ਦੈਵੀ ਸੁਭਾਅ ਦੀ ਇਕ ਅਤਿ ਸੁੰਦਰ ਮਜਬੂਰੀ ਹੈ।

ਰੱਬ ਦੀ ਤਾਂ ਬੋਲੀ ਹੀ ਅਨੰਤ ਪਿਆਰ ਹੈ।[1] ਇਸੇ ਬੋਲੀ ਵਿਚ ਉਹ ਸਾਡੇ ਨਾਲ ਗੁਫ਼ਤਗੂ ਕਰਦਾ ਹੈ; ਤੇ ਇਸੇ ਬੋਲੀ ਰਾਹੀਂ ਹੀ ਅਸੀਂ ਉਸ ਨਾਲ ਹਮਕਲਾਮ ਹੋ ਸਕਦੇ ਹਾਂ। ਪਦਾਰਥਾਂ ਵਿਚੋਂ ਉਸ ਨੂੰ ਨਹੀਂ ਪਾਇਆ ਜਾ ਸਕਦਾ। ਨਾ ਹੀ ਵਿਚਾਰਾਂ ਵਿਚੋਂ। ਕਰਮਾਂ ਰਾਹੀਂ ਵੀ ਉਸ ਤੀਕ ਅਪੜਿਆ ਨਹੀਂ ਜਾ ਸਕਦਾ। ਨਾ ਹੀ ਇਲਮ ਰਾਹੀਂ। ਪੁਸਤਕਾਂ ਉਸ ਤੀਕ ਅਪੜਾ ਨਹੀਂ ਸਕਦੀਆਂ। ਸੱਖਣੇ ਸਿਜਦੇ ਉਸ ਨਾਲ ਜੋੜ ਨਹੀਂ ਸਕਦੇ। ਸੱਚ ਪੁੱਛੋ ਤਾਂ ਰੱਬ ਨੂੰ ਖੋਜਿਆ ਜਾ ਹੀ ਨਹੀਂ ਸਕਦਾ; ਉਸ ਨੂੰ ਤਾਂ ਪਿਆਰ ਹੀ ਕੀਤਾ ਜਾ ਸਕਦਾ ਹੈ।

ਉਹ ਤਾਂ ਆਪ ਸੁਧਾ ਪਿਆਰ ਹੈ—'ਪ੍ਰੀਤਿ ਪ੍ਰੇਮ ਪਰਮੇਸੁਰੁ'[2]! ਏਥੇ, ਓਥੇ, ਹਰਥੇ ਪਿਆਰ ਹੋ ਕੇ ਪਸਰਿਆ ਪਿਆ ਹੈ।[3] ਹਰ ਮੂਰਤਿ, ਹਰ ਮੰਦਰ ਕੇਵਲ ਉਸ ਦੇ ਚਿੰਨ੍ਹ ਮਾਤ੍ਰ ਹੈ। ਉਹ ਤਾਂ ਕੇਵਲ ਪਿਆਰ ਨਾਲ ਹੀ ਪੂਜਿਆ ਜਾ ਸਕਦਾ ਹੈ। ਰੂਪ ਤਾਂ ਸਾਰੇ ਲੱਗ-ਲਿਬੇੜ ਹਨ। ਮੰਦਰ, ਗਿਰਜੇ, ਗੁਰਦੁਆਰੇ, ਧਰਮ ਪੁਸਤਕਾਂ, ਦੇਗ਼ਾਂ, ਪ੍ਰਸਾਦਿ, ਕੀਰਤਨ, ਇਹ ਸਭ ਪਿਆਰ ਦੀ ਪਰਿਕਰਮਾ ਕਰਦੇ ਹਨ। ਇਹਨਾਂ ਵਿਚੋਂ ਕੋਈ ਵਸਤੂ ਰੱਬ ਨਹੀਂ, ਕੇਵਲ ਪਿਆਰ ਰੱਬ ਹੈ। ਏਹੋ ਹਰ ਪ੍ਰਕਾਰ ਦੀ ਮੁਕਤੀ ਦਾ ਸਾਧਨ ਹੈ।

ਪਿਆਰ ਵਿਚ ਕੋਈ ਸੰਪ੍ਰਦਾਵਾਂ ਨਹੀਂ ਹੁੰਦੀਆਂ, ਪੰਥ ਨਹੀਂ ਹੁੰਦੇ, ਫ਼ਿਰਕੇ ਨਹੀਂ ਹੁੰਦੇ। ਜੋ

---

1. ਭਾਖਿਆ ਭਾਉ ਅਪਾਰੁ ॥ —ਜਪੁ (2 : 3)
2. ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ ਕਰਮੀ ਮਿਲੈ ਵਡਾਈ ॥ —ਪ੍ਰਭਾਤੀ ਮ: ੧ (1330 : 12)
3. ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥ —ਜਾਪੁ ਸਾਹਿਬ (80)

ਰੱਬ ਦਾ ਹੋਣਾ ਲੋਚਦੇ ਹਨ, ਉਹ ਪਿਆਰ ਦਾ ਹੋ ਕੇ ਰਹਿੰਦੇ ਹਨ। ਪਿਆਰ ਤੋਂ ਸਿਵਾ ਹੋਰ ਕਾਸੇ ਦਾ ਵੀ ਨਹੀਂ। ਇਹ ਕੇਵਲ ਪਿਆਰ ਹੀ ਹੈ ਜਿਸ ਪਾਸ ਹਰ ਕਿਸੇ ਨੂੰ ਆਪਣੇ ਕਲਾਵੇ ਵਿਚ ਲੈ ਸਕਣ ਦੀ ਜਾਚ ਹੈ। ਏਹੋ ਜੋੜਦਾ ਹੈ, ਕਦੇ ਵਿਤਕਰੇ ਨਹੀਂ ਵਰਤਾਉਂਦਾ। ਇਹ ਸੰਜੋਗ ਵਿਚ ਵਿਗਸਦਾ ਤੇ ਵਿਜੋਗ ਉਪਰ ਪੁਲ ਬੰਨ੍ਹਦਾ ਹੈ। ਪਿਆਰ ਹੀ ਧਰਮ ਦਾ ਓੜਕ ਹੈ। ਇਸ ਦਾ ਦੀਦਾਰ ਹੀ ਰੱਬ ਦਾ ਦੀਦਾਰ ਹੈ। ਭਗਤੀ ਇਸੇ ਦਾ ਮੋਕਲਾ ਮਾਰਗ ਹੈ।

ਰੱਬ ਦਾ ਪਿਆਰ ਸਾਨੂੰ ਵੰਨ-ਸੁਵੰਨੇ ਰੂਪ ਧਾਰ ਕੇ ਮਿਲਦਾ ਹੈ—ਦਾਤਾਂ ਹੋ ਕੇ, ਬਖ਼ਸ਼ਿਸ਼ ਹੋ ਕੇ, ਕਰਮ ਹੋ ਕੇ, ਰਹਿਮ ਹੋ ਕੇ, ਖਿਮਾ ਹੋ ਕੇ, ਬਖ਼ਸ਼ਿੰਦਗੀ ਹੋ ਕੇ, ਪ੍ਰਤਿਪਾਲਨਾ ਹੋ ਕੇ। ਕੇਵਲ ਪਿਆਰ ਹੈ ਜੋ ਕਦੇ ਖੁਣਸ ਨਹੀਂ ਖਾਂਦਾ, ਵੇਖ ਕੇ ਅਣਡਿੱਠ ਕਰਦਾ ਹੈ, ਖਿਮਾ ਦਾ ਪ੍ਰਸਾਦ ਵਰਤਾਂਦਾ ਹੈ। ਇਹ ਝਗੜੇ ਨਿਪਟਾਂਦਾ, ਪਾਟੇ ਦਿਲਾਂ ਨੂੰ ਜੋੜਦਾ ਤੇ ਦਰਗਾਹ ਵਿਚ ਸਾਡੇ ਲਈ ਵਿਚੋਲਗੀ ਕਰਦਾ ਹੈ। ਏਹੋ ਆਪਣੀਆਂ ਸੁਹਿਰਦ ਬਾਹਾਂ ਵਿਚ ਸਭ ਨੂੰ ਸੰਭਾਲੀ ਫਿਰਦਾ ਹੈ। ਪਰਮ ਹਕੀਕਤ ਦੇ ਮੰਦਰ ਵਿਚ ਇਹੋ ਸਾਨੂੰ ਪੂਜਾ ਕਰਨ ਲਿਜਾ ਸਕਦਾ ਹੈ।

ਰੱਬ ਦਾ ਪਿਆਰ ਤਾਂ ਉਸ ਦੇ ਦੈਵੀ ਸੁਭਾ ਦਾ ਮੀਰੀ ਗੁਣ ਹੈ ਜਿਸ ਦੀ ਮਜਬੂਰੀ ਸਦਕਾ ਉਹ ਆਪਣੇ ਜੀਆਂ ਦੀ ਸੁਣਨ ਤੇ ਉਹਨਾਂ ਨਾਲ ਹਮਕਲਾਮ ਹੋਣ ਲਈ ਹਮੇਸ਼ਾ ਤਤਪਰ ਰਹਿੰਦਾ ਹੈ। ਇਹ ਕੋਈ ਭਾਵੁਕਤਾ ਨਹੀਂ, ਉਸ ਦੀ ਸੋਚੀ ਸਮਝੀ ਇਰਾਦੀ ਮੁਹੱਬਤ ਹੈ ਜਿਸ ਦੀਆਂ ਜੜ੍ਹਾਂ ਉਸ ਦੇ ਸੱਤ ਵਿਚ ਹਨ, ਫੁੱਲ ਉਸ ਦਾ ਸੁਹਾਣ ਹਨ ਤੇ ਫਲ ਕਰੁਣਾ ਲੁਟਾਉਣ ਦਾ ਚਾਓ ਹੈ।

ਉਹ ਨਿਰਾ ਨਿਰਵੈਰ ਹੈ; ਕਦੇ ਨਫ਼ਰਤ ਨਹੀਂ ਕਰਦਾ, ਕ੍ਰੋਧ ਨਹੀਂ ਕਰਦਾ, ਬਦਲਾ ਨਹੀਂ ਮੰਗਦਾ, ਕਹਿਰ ਨਹੀਂ ਵਰਤਾਂਦਾ। ਉਹ ਤੇ ਮਿਹਰਵਾਨ ਹੈ—ਕਿਰਪਾ ਸਿੰਧੁ ਤੇ ਕਰੁਣਾ ਨਿਧਾਨ—ਜੋ ਅਤਿ ਕੋਮਲ ਸਾਵਧਾਨੀ ਨਾਲ ਸਾਰੀ ਸਿਰਜਨਾ ਦੀ ਚਿੰਤਾ ਰਖਦਾ ਤੇ ਉਸ ਦੀ ਸੰਭਾਲ ਕਰਦਾ ਹੈ।

ਐਸਾ ਪਿਆਰਵਾਨ ਰੱਬ ਆਪਣੇ ਜੀਆਂ ਵਲੋਂ ਕਦੇ ਨਿਰਮੋਹੀ ਨਹੀਂ ਥੀਂਦਾ; ਆਪਣੀ ਰਹਿਮਤ ਵਿਚ ਕਦੇ ਕੋਤਾਹੀ ਨਹੀਂ ਕਰਦਾ। ਉਹ ਅਨੰਤ ਪਿਆਰ ਹੋ ਕੇ ਸਾਡੇ ਹਰ ਪਿਆਰ ਦਾ ਹੁੰਗਾਰਾ ਭਰਦਾ ਹੈ। ਕੇਵਲ ਪਿਆਰਵਾਨ ਦ੍ਰਿਸ਼ਟੀ ਨੂੰ ਹੀ ਉਸ ਦਾ ਦੀਦਾਰ ਨਸੀਬ ਹੁੰਦਾ ਹੈ। ਪਿਆਰ ਵਿਚ ਭਿੱਜੇ ਮਨੁੱਖ ਦੀ ਦ੍ਰਿਸ਼ਟੀ ਦੈਵੀ ਨਦਰ ਹੋ ਨਿਬੜਦੀ ਹੈ। ਇਹ ਕੇਵਲ ਪਿਆਰ ਦੀ ਸਲਤਨਤ ਹੀ ਹੈ ਜਿਸ ਵਿਚ ਰੱਬਤਾ ਤੇ ਮਨੁੱਖਤਾ ਗਲੇ ਮਿਲਦੇ ਹਨ।

ਆਓ, ਜ਼ਰਾ ਇਸ ਪਿਆਰ ਦੇ ਦੀਦਾਰ ਕਰੀਏ!





ਜ਼ਿੰਦਗੀ ਦੀ ਸਭ ਤੋਂ ਵੱਡੀ ਖ਼ੁਸ਼ੀ ਏਹੋ ਹੈ ਕਿ ਕੋਈ ਸਾਨੂੰ ਪਿਆਰ ਕਰਦਾ ਹੈ; ਜਿਹੋ ਜਹੇ ਹਾਂ ਉਹੋ ਜਹੇ ਕਬੂਲ ਕੇ ਵੀ ਸਾਨੂੰ ਪਿਆਰ ਕਰਦਾ ਹੈ; ਨਹੀਂ, ਸਗੋਂ ਅਸੀਂ ਜਿਹੋ ਜਹੇ ਵੀ ਹਾਂ, ਉਸ ਦੇ ਬਾਵਜੂਦ ਵੀ ਸਾਨੂੰ ਪਿਆਰ ਕਰਦਾ ਹੈ।

*—ਵਿਕਟਰ ਹਿਊਗੋ*

• •

**ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥**
**ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥**
**ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥**
**ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ ॥**
**ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ ॥**
**ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ ॥੧॥**

*—ਸੂਹੀ ਛੰਤ ਮ: ੫ (784 : 12)*

ਮੇਰਾ ਪ੍ਰੀਤਮ, ਮੇਰਾ ਮਾਲਕ, ਮੇਰਾ ਹਰਿ (ਕਿਤਨੇ) ਮਿੱਠੇ ਬੋਲਾਂ ਵਾਲਾ ਹੈ! ਮੈਂ ਪਰਤਾਵਾ ਕਰ ਕਰ ਥੱਕ ਲੱਥੀ ਹਾਂ, ਉਹ ਕਦੇ ਕੌੜਾ ਬੋਲਦਾ ਹੀ ਨਹੀਂ। (ਬੋਲੇ ਵੀ ਕਿਵੇਂ ?) ਉਹ ਸਾਡੇ ਐਬ ਵੀ ਯਾਦ ਨਹੀਂ ਰਖਦਾ। ਉਹ ਤਾਂ ਆਪਣੇ ਸੁਭਾਅ ਵਲੋਂ ਹੀ ਗਿਰਿਆਂ ਹੋਇਆਂ (ਮਲੀਨ ਬੁੱਧਾਂ) ਨੂੰ ਪਵਿੱਤਰ ਕਰਨ ਵਾਲਾ ਦਸੀਦਾ ਹੈ। (ਨਿਆਂਕਾਰ ਇਤਨਾ ਹੈ ਕਿ) ਕਿਸੇ ਦੀ ਰਤਾ ਜਿੰਨੀ ਮਿਹਨਤ ਵੀ ਗਵਾਂਦਾ ਨਹੀਂ (ਅਥਵਾ ਅਵਾਈਂ ਨਹੀਂ ਜਾਣ ਦੇਂਦਾ)। ਹਰਿਕ ਅੰਦਰ, ਹਰ ਥਾਂ ਉਹ ਵਸਦਾ ਹੈ—ਨੇੜੇ ਤੋਂ ਨੇੜੇ ਹੋ ਕੇ। ਮੈਂ ਨਾਨਕ ਦਾਸ ਸਦਾ ਉਸੇ ਦੀ ਸ਼ਰਨ ਵਿਚ ਰਹਿੰਦਾ ਹਾਂ ਜੋ ਮੇਰਾ ਪ੍ਰੀਤਮ ਅੰਮ੍ਰਿਤ (ਵਰਗਾ ਮਿੱਠਾ) ਹੈ।

• •

**ਆਪੇ ਮੇਲੇ ਆਪਿ ਮਿਲਾਏ ॥**
**ਆਪਣਾ ਪਿਆਰੁ ਆਪੇ ਲਾਏ ॥**
**ਪ੍ਰੇਮ ਕੀ ਸਾਰ[1] ਸੋਈ ਜਾਣੈ ਜਿਸ ਨੋ ਨਦਰਿ ਤੁਮਾਰੀ ਜੀਉ ॥**

*—ਮਾਰੂ ਮ: ੩ (1016 : 6)*

**ਇਹੁ ਪਿਰਮ [2]ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥**

*—ਰਾਮਕਲੀ ਵਾਰ ਮ: ੩ (947 : 16)*

---

1. ਕਦਰ। 2. ਪ੍ਰੇਮ ਦਾ ਪਿਆਲਾ।

ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨ ਆਖੋ ਕੋਈ।
ਰਾਂਝਾ ਮੈਂ ਵਿਚ, ਮੈਂ ਰਾਂਝੇ ਵਿਚ, ਗ਼ੈਰ ਖ਼ਿਆਲ ਨ ਕੋਈ।
ਮੈਂ ਨਾਹੀਂ ਉਹ ਆਪ ਹੀ ਅਪਣੀ ਆਪ ਕਰੇ ਦਿਲਜੋਈ।
ਜੋ ਕੁਝ ਸਾਡੇ ਅੰਦਰ ਵੱਸੇ, ਜ਼ਾਤ ਅਸਾਡੀ ਸੋਈ।
ਜਿਸ ਦੇ ਨਾਲ ਮੈਂ ਨੇਹੁੰ ਲਗਾਇਆ ਓਹੋ ਜੈਸੀ ਹੋਈ।
ਚਿੱਟੀ ਚਾਦਰ ਲਾਹ ਸੁਟ ਕੁੜੀਏ, ਪਹਿਨ ਫ਼ਕੀਰਾਂ ਲੋਈ।
ਚਿੱਟੀ ਚਾਦਰ ਦਾਗ਼ ਲਗੇਸੀ, ਲੋਈ ਦਾਗ਼ ਨ ਕੋਈ।
ਤਖ਼ਤ ਹਜ਼ਾਰੇ ਲੈ ਚਲ ਬੁਲ੍ਹਿਆ, ਸਿਆਲੀਂ ਮਿਲੇ ਨ ਢੋਈ।
ਰਾਂਝਾ ਰਾਂਝਾ ਕਰਦੀ ਹੁਣ ਮੈਂ ਆਪੇ ਰਾਂਝਾ ਹੋਈ। —*ਬੁਲ੍ਹੇ ਸ਼ਾਹ*

ਸੁਤੈ-ਸਿੱਧ ਇਸ ਦਿਲ 'ਚੋਂ ਨਿਕਲੇ
ਤੇ ਉਨ ਸਭ ਜੀਆਂ ਤਕ ਅਪੜੇ
(ਜੋ ਬੈਠੇ ਹਨ ਮੇਰੇ ਗਿਰਦੇ
ਯਾਂ ਜੋ ਚੱਕਰ ਲਾਂਦੇ ਫਿਰਦੇ
ਪਿੰਡ ਮੇਰੇ ਯਾਂ ਸ਼ਹਿਰ ਅਸਾਡੇ
ਦੇਸ ਮੇਰੇ ਯਾਂ ਦੂਰ ਦੁਰਾਡੇ
ਦੁਨੀਆ ਭਰ ਦੀ ਆਦਮਤਾ ਦੇ
ਜੀਵੰਦੜੀ, ਤੇ ਹੋ ਗੁਜ਼ਰੀ ਦੇ)
ਇਕ ਪੈਗ਼ਾਮ ਮੁਹੱਬਤ ਵਾਲਾ,
ਸ਼ਫ਼ਕਤ, ਕਰਮ, ਇਨਾਇਤ ਵਾਲਾ
ਦਿਲ ਮੇਰੇ ਵਿਚ ਵਸਦੇ ਰੱਬ ਦਾ,
ਭਲਾ ਸਦਾ ਜੋ ਚਾਹੇ ਸਭ ਦਾ।

ਪਹੁੰਚੇ ਇਹ ਸਭਨਾਹਾਂ ਜੀਆਂ,
ਪਹੁੰਚੇ ਪੁੱਤਾਂ, ਪਹੁੰਚੇ ਧੀਆਂ।
ਪਹੁੰਚੇ ਬੁਢਿਆਂ, ਨਢਿਆਂ, ਛੁਹਰਾਂ,
ਪਹੁੰਚੇ ਤਕੜਿਆਂ ਤੇ ਕਮਜ਼ੋਰਾਂ।

ਪਹੁੰਚੇ ਅਪਣਿਆਂ ਅਤੇ ਪਰਾਇਆਂ,
ਗੁਜ਼ਰ ਗਿਆਂ ਤੇ ਅਜੇ ਨ ਆਇਆਂ।
ਤ੍ਰੈਲੋਕੀ ਵਿਚ ਵਸਦੇ ਜੀਆਂ,
ਪੀੜਾਂ ਚੁਗ ਲਏ ਸਭਨਾਂ ਦੀਆਂ।
ਸਭਨਾਂ ਦੀਆਂ ਬੰਨ੍ਹਾਵੇ ਆਸਾਂ,
ਹਰ ਕਸ ਨੂੰ ਦੇਵੇ ਧਰਵਾਸਾਂ।
ਮੇਘ ਵਾਂਗਰਾਂ ਵਰ੍ਹਦਾ ਜਾਵੇ,
ਸਭ 'ਤੇ ਰੱਬ ਦਾ ਪਿਆਰ ਲੁਟਾਵੇ।

*—ਇਕ ਭਾਰਤੀ ਪ੍ਰਾਰਥਨਾ ਦੇ ਆਧਾਰ 'ਤੇ*

ਜਿਉਂ ਆਰਾਮ ਬਿਰਛ ਦੀਆਂ ਛਾਵਾਂ
ਪਾਂਧੀ ਨੂੰ ਪਹੁੰਚਾਇਆ ਹੈ।
ਉਵੇਂ ਇਨਾਇਤ ਤੇਰੀ ਰੱਬਾ
ਮੈਂ ਪੂਰ ਕੀਤੀ ਛਾਇਆ ਹੈ।
ਮੇਰਾ ਸਫ਼ਰ ਜਦੋਂ ਮੁਕ ਜਾਵੇ
ਮੈਨੂੰ ਘਰੇ ਪੁਚਾ ਦੇਵੀਂ—
ਜੋ ਘਰ ਮੈਂ ਰਹਿਮਤ ਤੇਰੀ ਦੇ
ਬੂਹੇ ਅੱਗੇ ਪਾਇਆ ਹੈ।

*—ਇਕ ਸੂਫ਼ੀ ਦੁਆ*

ਹੇ ਮਾਲਕ, ਤੂੰ ਪਿਆਰ ਨਿਰਾਲਮ
ਸੰਗ ਜੀਆਂ ਦੇ ਵੱਸੇਂ, ਕਿਤੇ ਨ ਨੱਸੇਂ।
ਅੱਖ ਸਾਡੀ ਦਾ ਹੰਝੂ ਥੀਵੇਂ
ਸੱਥ ਸਾਡੀ ਵਿਚ ਹੱਸੇਂ, ਦਿਲ ਦੀਆਂ ਦੱਸੇਂ।
ਮੰਗੀਏ ਪਿੱਛੋਂ, ਦੇਵੇਂ ਪਹਿਲਾਂ,
ਦੇ ਕੇ ਮੂਲ ਨ ਖੱਸੇਂ, ਨਾ ਹੱਥ ਕੱਸੇਂ।
ਪਿਆਰ ਲੁਟਾ ਕੇ ਖੀਵਾ ਥੀਵੇਂ,
ਰੰਗ ਆਪਣੇ ਰੱਸੇਂ, ਚੌਗੁਣ ਲੱਸੇਂ।

*—ਇਕ ਅਨਾਮ ਪੰਜਾਬੀ ਛਿਓਂਫ*



ਬੁੱਧੀ ਦਾ ਜੇ ਬੂਹਾ ਖੋਲ੍ਹਾਂ, ਗਿਆਨ ਵਿਹਾਜਾਂ ਸਭ ਤੋਂ।
ਜੇਕਰ ਖੋਲ੍ਹਾਂ ਦਿਲ ਦੀ ਤਾਕੀ, ਪਿਆਰ ਵਿਸਾਹਾਂ ਰੱਬ ਤੋਂ।
'ਰੱਬਾ ਖ਼ੈਰ ਹੋਏ ਸਦ ਤੇਰੀ!' ਇਹੋ ਅਲਾਵਾਂ ਲਬ ਤੋਂ।

*—ਇਕ ਸੂਫ਼ੀ ਦੁਆ*

ਅਨੀ, ਮੈਥੋਂ ਹਰੀ ਬਿਨ ਰਿਹਾ ਨ ਜਾਏ।
ਸੱਸ ਲੜੇ, ਤੇ ਨਣਦ ਨਿਹੋਰੇ, ਦੇਵਰ ਤਿਊੜੀ ਪਾਏ।
ਪਤੀ ਮੇਰੇ ਨੇ ਤਾਕ ਭੇੜ ਕੇ ਤਾਲਾ ਦਿੱਤਾ ਲਾਏ।
ਪੂਰਬ ਜਨਮ ਦੀ ਪ੍ਰੀਤ ਅਸਾਡੀ ਕਿੱਥੇ ਸਕਾਂ ਲੁਕਾਇ?
ਮੀਰਾ ਨੂੰ ਪ੍ਰਭੂ ਗਿਰਧਰ ਬਾਝੋਂ ਦੂਆ ਨ ਕੋਈ ਸੁਖਾਏ!

*—ਮੀਰਾ ਬਾਈ*

ਪ੍ਰੀਤਮ, ਲਗੇਂ ਪ੍ਰਾਣ ਤੋਂ ਪਿਆਰਾ।
ਤੁਧ ਦਰਸ਼ਨ ਤੋਂ ਜਿਨ ਸੁਖ ਲੱਧਾ, ਸੋ ਅਤਿ ਭਾਗਾਂ ਵਾਰਾ।
ਤੂੰ ਮੇਰਾ ਜੀਵਨ-ਧਨ ਸਰਬਸ, ਮੁਝ ਅੱਖੀਆਂ ਦਾ ਤਾਰਾ।
ਪਲ ਭਰ ਤੈਨੂੰ ਜੇ ਨਾ ਵੇਖਾਂ, ਹੋਵੇ ਜਗ ਅੰਧਿਆਰਾ।
ਨਾਰਾਇਣ ਅਸੀਂ ਦੋਵੇਂ ਇਕੋ, ਭੁੱਲ ਨ ਮਹਿਕੋਂ ਨਿਆਰਾ।

*—ਨਾਰਾਇਣ ਸੁਆਮੀ*

ਸਜਰਾ ਇਕ ਦਿਨ ਹੋਰ ਮੇਰੇ ਲਈ ਆਇਆ ਹੈ।
ਮੈਂ, ਪਰ, ਡਰਦਿਆਂ ਇਸ ਵਿਚ ਕਦਮ ਟਿਕਾਇਆ ਹੈ।
ਖ਼ਬਰੇ ਕੀ ਬੁੱਕਲ ਵਿਚ ਪਾ ਕੇ ਆਂਦਾ ਇਨ?—
ਸੰਸਾ ਅਸਲੋਂ ਇਹ ਮੇਰੇ ਮਨ ਛਾਇਆ ਹੈ।
ਨਾ ਜਾਣਾਂ ਕੀ ਆਸ ਮੇਰੇ ਤੋਂ ਰਖਦਾ ਹੈ,
ਨਾ ਮੈਂ ਇਨ ਸਾਂਭਣ ਦਾ ਜੋਗ ਕਮਾਇਆ ਹੈ।
ਕਿਸ ਭਰਵਾਸੇ ਨਾਲ ਮਿਲਾਂ ਮੈਂ ਇਸ ਤਾਈਂ?—
ਰੱਬਾ, ਦੱਸ, ਇਹ ਕੈਸੇ ਭਾਗ ਲਿਆਇਆ ਹੈ?

..... .....

ਬੱਚੇ, ਇਹ ਮੈਂ ਖ਼ਾਸ ਤੇਰੇ ਲਈ ਘਲਿਆ ਹੈ,
ਮੈਂ ਇਹ ਤੇਰੀਆਂ ਖ਼ੁਸ਼ੀਆਂ ਹਿੱਤ ਚੜ੍ਹਾਇਆ ਹੈ।
ਚਿੱਤ ਵਿਚ ਲੈ ਕੇ ਸਿਦਕ ਏਸ ਵਿਚ ਦਾਖ਼ਲ ਹੋ,
ਵੇਖ ਕਿ ਰਹਿਮਤ ਕੇਡੀ ਧੁਰੋਂ ਲਿਆਇਆ ਹੈ।
ਆਪਾ ਇਸ ਨੂੰ ਅਰਪ ਕੇ ਇਸ ਤੋਂ ਫ਼ੈਜ਼ ਉਠਾ,
ਖਿਮਾ, ਸਖ਼ਾਵਤ, ਇਸ਼ਕ ਲੁਟਾਂਦਾ ਆਇਆ ਹੈ।
ਇਸ ਨੂੰ ਏਕਣ ਸਾਂਭ ਕਿ ਜੀਕਣ ਬਾਲ ਕੋਈ
ਸਾਂਭੇ ਨਵਾਂ ਖਿਡੌਣਾ ਜੋ ਉਨ ਭਾਇਆ ਹੈ।

*—ਮਿਰਟਨ ਹਾਲ (ਨਾਈਜੀਰੀਆ)*


ਹੇ ਮਾਲਕ! ਮੈਂ ਪੰਧ ਕੁਹਥਰੇ ਢੱਠਾ ਪਿਆ ਅਪੁੱਠਾ—
ਭੁੱਖਾ-ਭਾਣਾ, ਥੱਕਿਆ-ਮਾਂਦਾ, ਦੁੱਖਾਂ-ਦਰਦਾਂ ਮੁੱਠਾ।
ਤੁਧ ਬਿਨ ਇਸ ਕਰਮਾਂ ਮਾਰੇ ਨੂੰ ਦੂਜਾ ਕਉਣ ਸੰਭਾਲੇ ?—
ਮੈਂ ਹੀ ਤੈਥੋਂ ਕੰਡ ਵਲਾਈ, ਤੂੰ ਕਦ ਮੈਥੋਂ ਰੁੱਠਾ ?

*—ਇਕ ਫ਼ਰੈਂਚ ਕੈਨੇਡੀਅਨ ਅਰਦਾਸ*

ਕਫ਼ਨ ਸਿਰ ਬੰਨ੍ਹ ਕੇ ਕਰੇ ਉਹ ਆਸ਼ਕੀ,
ਇਸ਼ਕ ਜੋ ਕਰੇ ਉਹ ਕਿਵੇਂ ਸੋਵੇ ?
ਅਗਨ ਬਿਨ ਚਿਤਾ ਉਹ ਆਪਣੀ ਬਾਲ ਕੇ
ਜੀਂਦਿਆਂ ਜੀ ਫਿਰ ਸਤੀ ਹੋਵੇ।
ਭੁੱਖ ਤੇ ਪਿਆਸ, ਜਗ-ਆਸ ਵੀ ਛੋੜ ਕੇ
ਆਪਣੇ ਆਪ ਨੂੰ ਆਪ ਖੋਵੇ,
ਦਾਸ ਪਲਟੂ ਕਹੇ ਇਸ਼ਕ ਰਣ-ਖੇਤ ਵਿਚ
ਦੇ ਦਏ ਸੀਸ ਪਰ ਨਹੀਂ ਰੋਵੇ। *—ਪਲਟੂ ਸਾਹਿਬ*

ਦਿਲ ਦਰੀਆ ਸਮੁੰਦਰੋਂ ਡੂੰਘੇ ਕਉਣ ਦਿਲਾਂ ਦੀਆਂ ਜਾਣੇ ਹੂ ?
ਵਿਚੇ ਬੇੜੇ, ਵਿਚੇ ਝੇੜੇ, ਵਿਚੇ ਵੰਝ ਮੋਹਾਣੇ ਹੂ।
ਚੌਦਾਂ ਤਬਕ ਦਿਲੇ ਦੇ ਅੰਦਰ (ਜਿੱਥੇ) ਇਸ਼ਕ ਤੰਬੂ ਵੰਵ ਤਾਣੇ ਹੂ।
(ਜੋ) ਦਿਲ ਦਾ ਮਹਿਰਮ ਹੋਵੇ ਬਾਹੂ ਸੋਈ ਰੱਬ ਪਛਾਣੇ ਹੂ।

*—ਸੁਲਤਾਨ ਬਾਹੂ*



ਅਪਣੀ ਖ਼ਾਮੋਸ਼ੀ ਦੀਆਂ ਤ੍ਰੇਲਾਂ
ਉਤਰਨ ਦੇ ਮੇਰੇ ਕਰਮਾਂ ਤੇ
ਜਦ ਤਕ ਮੇਰੀ ਤੜਫਣ ਹੋਏ ਨ ਸ਼ਾਂਤ!

ਅਪਣੇ ਫ਼ੈਜ਼ ਰੰਗੀਆਂ ਕਿਰਨਾਂ
ਉਤਰਨ ਦੇ ਸੀਨੇ ਵਿਚ ਮੇਰੇ
ਤੇ ਲਿਸ਼ਕਾ ਦੇ ਮੇਰੀ ਤਿਮਰ ਏਕਾਂਤ।

ਚੁਗ ਲੈ ਮੇਰੀ ਕਾਇਆ ਵਿਚੋਂ,
ਸਭ ਅਕੜੇਵੇਂ, ਸਗਲ ਤਨਾਓ,
ਘੋਲ ਦੇ ਇਸ ਵਿਚ ਫਿਰ ਆਪਣੀ ਮੁਸਕਾਣ।

ਪਾ ਇਸ ਨੂੰ ਟਕਸਾਲ ਆਪਣੀ
ਤਾਂ ਜੋ ਢਲੇ ਏਸ ਵਿਚ ਸਹਿਜੇ
ਤੁਝ ਮੁਦ੍ਰਾ ਦਾ ਕੋਮਲ ਸੱਤ-ਸੁਹਾਣ।

ਅਪਣੇ ਪਿਰਮ ਦੀਆਂ ਨਵ-ਝੜੀਆਂ
ਬਰਸਣ ਦੇ ਰੂਹ ਮੇਰੀ ਉਤੇ,
ਧੋ ਕੇ ਕਰਦੇ ਸੁੱਛ ਮੇਰਾ ਅਸਮਾਨ!

*—ਜ.ਸ.ਨ.*

ਸੁਧਾ ਪਿਆਰ ਤੇਰੇ ਬੋਲ, ਵੇ ਮਿਤ੍ਰਾ,
ਸੁਧਾ ਪਿਆਰ ਤੇਰੇ ਬੋਲ,
ਰਸ ਅਣਮਿੱਤਾ ਤਨ ਮੇਰੇ ਵਿਚ
ਨਿਸ ਦਿਨ ਵੰਢੇ ਘੋਲ, ਵੇ ਮਿਤ੍ਰਾ,
ਸੁਧਾ ਪਿਆਰ ਤੇਰੇ ਬੋਲ।

ਕਦੇ ਬੋਲਿਓਂ ਅੰਮਾ ਬਣ ਕੇ, ਘੁੱਟ ਕਲੇਜੇ ਲਾ ਕੇ,
ਕਦੇ ਬੋਲਿਓਂ ਬਾਬੁਲ ਹੋ ਕੇ, ਉਂਗਲੀ ਹੱਥ ਫੜਾ ਕੇ।
ਵੀਰਾਂ ਵਾਂਗਰ ਕਦੇ ਬੋਲਿਓਂ ਮੋਢੇ ਹੱਥ ਧਰੇਂਦਾ,
ਬੁਕਿਓਂ ਕਦੇ ਭੈਣ ਦੇ ਬੈਣੀਂ, ਅਨਿਕ ਅਸੀਸਾਂ ਦੇਂਦਾ।
ਕਦੇ ਬੋਲਿਓਂ ਬਾਲਕ ਥੀ ਕੇ ਵਾਕ ਤੋਤਲੇ ਬੋਲ, ਵੇ ਮਿਤ੍ਰਾ।

ਕਦੇ ਬੋਲਿਓਂ ਮੁਰਸ਼ਦ ਬਣ ਕੇ, ਉੱਚੇ ਤਕੀਏ ਬਹਿ ਕੇ,
ਮਿੱਤਰ ਥੀ ਕੇ ਕਦੇ ਬੋਲਿਓਂ ਮਸਨਦ ਉੱਤੋਂ ਲਹਿ ਕੇ।
ਬੁਕਿਓਂ ਕਦੇ ਧਿਆਣੀ ਬਣ ਕੇ, ਕਲੀ ਵਾਂਗ ਮੁਸਕਾ ਕੇ,
ਸਜਨੀ ਹੋ ਕੇ ਕਦੇ ਬੋਲਿਓਂ, ਸੇਜ ਰਾਂਗਲੀ ਡਾਹ ਕੇ।
ਕਦੇ ਤੇਰੀ ਅਸ਼ਨਾਈ ਬੋਲੀ ਕਰਦੀ ਲੱਖ ਕਲੋਲ, ਵੇ ਮਿਤ੍ਰਾ।

ਅੱਜ ਬੋਲਿਓਂ ਆਪ ਵੇ ਮਿਤ੍ਰਾ, ਦਿਲ ਦੀਆਂ ਵਿਰਲਾਂ ਥਾਣੀਂ—
ਮੇਘਲ ਹੋ ਕੇ ਐਸਾ ਵੱਸਿਓਂ, ਭਿੰਨੀ ਜਿੰਦ ਨਿਮਾਣੀ।
ਲੂੰ ਲੂੰ ਮੇਰਾ ਹਰਿਆ ਹੋਇਆ, ਰੂਆਂ ਰੂਆਂ ਹੁਲਸਾਇਆ,
ਅੰਦਰ ਵੇਖਾਂ, ਬਾਹਰ ਵੇਖਾਂ, ਹੜ੍ਹ ਪਿਆਰਾਂ ਦਾ ਆਇਆ।
ਇਸ ਹੜ੍ਹ ਸਗਲੇ ਹੜ੍ਹ ਗਏ ਮੇਰੇ ਮੋਹ-ਮਮਤਾ ਦੇ ਬੋਹਲ, ਵੇ ਮਿਤ੍ਰਾ,
ਸੁਧਾ ਪਿਆਰ ਤੇਰੇ ਬੋਲ!

—ਜ.ਸ.ਨ.

ਅਦਲ ਕਰੇਂ ਤਾਂ ਜਾ ਨਹੀਂ ਕੋਈ,
ਫ਼ਜ਼ਲ ਕਰੇਂ ਤਾਂ ਬੇੜਾ ਪਾਰ। —ਇਕ ਸੂਫ਼ੀ ਅਰਦਾਸ

ਮੈਂ ਤਾਂ ਰੱਬਾ ਅਦਲ ਤੇਰੇ ਤੋਂ ਡਰਦਾ।
ਅਪਣੀ ਬਦਫ਼ੇਲੀ ਦਾ ਮੁੱਠਾ, 'ਮੌਲਾ! ਮੌਲਾ!' ਕਰਦਾ।

ਤੂੰ ਤਾਂ ਸਦ ਬਖ਼ਸ਼ੰਦ ਸੁਣੀਂਦਾ, ਮੇਰਾ ਵੀ ਭਰਵਾਸਾ,
ਪਰ ਮੈਂ ਗੁਨਾਹਾਂ ਦੇ ਪਛਤਾਵੋਂ ਆਪੇ ਜਾਵਾਂ ਮਰਦਾ।

ਤੂੰ ਤਾਂ ਕਰੇਂ ਮੁਆਫ਼ ਗੁਨਾਹ ਵੀ, ਮੰਗੇਂ ਨਹੀਂ ਤਲਾਫ਼ੀ,
ਪਰ ਮੈਂ ਕਿਹੜੇ ਮੂੰਹ ਤੁਧ ਅੱਗੇ ਅਰਜ਼ ਉਫ਼ਵ ਦੀ ਕਰਦਾ?

ਤੇਰੀ ਆਲੀ ਪਾਕ ਇਨਾਇਤ ਸਭ ਤੇ ਰਹਿਮਤ ਕਰਦੀ,
ਅਪਣੇ ਅਮਲਾਂ ਕਾਰਣ ਮੈਥੋਂ ਮੰਗਣ ਵੀ ਨ ਸਰਦਾ।

ਤੂੰ ਤਾਂ ਆ ਗਿਓਂ ਛਪਰੀ ਮੇਰੀ ਸਗਲ ਹਿਜਾਬ ਉਠਾ ਕੇ,
ਮੈਥੋਂ ਹੀ ਪਰ ਗਿਆ ਨ ਚੁਕਿਆ ਮੇਰੀ 'ਮੈਂ' ਦਾ ਪਰਦਾ।

ਤੇਰੀ ਲਾ ਮਹਿਦੂਦ ਮੁਹੱਬਤ ਬਿਨਾ ਸ਼ਰਤ ਦੇ ਵਰਤੀ,
ਪਰ ਮੈਂ ਅਪਣੀ ਗੰਢ ਨ ਖੋਲੀ ਕੀਕਣ ਝੋਲੀ ਭਰਦਾ ?

ਰਾਤ ਜਦੋਂ, ਪਰ, ਗੰਢ ਖੋਲ, ਮੈਂ ਨਜ਼ਰ ਉਹਦੇ ਵਿਚ ਮਾਰੀ,
ਤੂੰ ਓਥੇ ਵਿਚ ਬੈਠਾ ਮੈਨੂੰ 'ਝਾਤ !' ਪਿਆ ਸੈਂ ਕਰਦਾ।

—*ਅਲੀ ਹੈਦਰ*




ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ ॥
ਖੋਲ੍ਹਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ ॥

*— ਜੈਤਸਰੀ ਮ: ੫ (703:12)*



ਪਿਆਰ ਤਾਂ ਕੁਦਰਤ ਦਾ ਦੂਜਾ ਸੂਰਜ ਹੈ। ਜਿਸ ਦਿਲ ’ਤੇ ਇਹ
ਉੱਗ ਖਲੋਵੇ, ਉਸ ਦੀਆਂ ਸਗਲ ਦਿਸ਼ਾਵਾਂ ਲਿਸ਼ਕ
ਉਠਦੀਆਂ ਹਨ। ਹੇ ਮੇਰੇ ਦੂਜੇ ਸੂਰਜ, ਮੇਰੇ ਦਿਲ
ਦੀਆਂ ਹਨੇਰੀਆਂ ਨੁਕਰਾਂ ਕਦ ਤੋਂ
ਤੇਰਾ ਉਗਣ ਉਡੀਕ
ਰਹੀਆਂ।

7

# ਦਰਸਨ ਪਿਆਸੀ ਦਿਨਸੁ ਰਾਤਿ

ਸੱਚੇ ਅਧਿਆਤਮਵਾਦ ਦਾ ਇਕ ਪ੍ਰਮੁੱਖ ਲੱਛਣ ਇਹ ਹੈ ਕਿ ਇਹ ਕੋਈ ਸਿੱਧਾਂਤ ਨਹੀਂ ਘੜਦਾ, ਕੋਈ ਦਰਸ਼ਨ ਨਹੀਂ ਸਿਰਜਦਾ। ਇਹ ਤਾਂ ਪ੍ਰਭੂ-ਦਰਸ਼ਨ ਦੀ ਅਭਿਲਾਖਾ ਨਾਲ ਲਬਰੇਜ਼ ਹੋਇਆ, ਕਿਸੇ ਉੱਦਾਤ ਪਿਆਰ ਦੀ ਅਤਿ ਤੀਬਰ ਤੜਪ ਹੰਢਾਉਂਦਾ ਦਿਸਦਾ ਹੈ। ਇਸ ਸੰਦਰਭ ਵਿਚ 'ਪਿਆਰ' ਤੋਂ ਮੁਰਾਦ ਉਸ ਦੇ ਅਤਿ ਗੰਭੀਰ, ਕਾਮਲ, ਪਰਿਪੂਰਣ ਰੂਪ ਤੋਂ ਹੋਂਦੀ ਹੈ ਜਿਸ ਵਿਚ ਆਪਾ ਕਿਸੇ ਜੀਵੰਤ ਅਭਿਲਾਖਾ ਦੀਆਂ ਸੰਭਾਵਨਾਵਾਂ ਦੇ ਧੁਰ ਸਿਖਰ ਤੋਂ ਆਪਣੇ ਸ੍ਰੋਤ ਨਾਲ ਜੁੜਨ ਦੀ ਤੀਬਰਤਮ ਤੇ ਗੰਭੀਰਤਮ ਤੜਫਣੀ ਹੰਢਾ ਰਿਹਾ ਹੁੰਦਾ ਹੈ। ਇਸ ਅਵਸਥਾ ਦੇ ਪ੍ਰਗਟਾਵੇ ਲਈ ਸੁੰਦਰ ਤੋਂ ਸੁੰਦਰ ਤੇ ਸੂਖਮ ਤੋਂ ਸੂਖਮ ਸ਼ਬਦ-ਚੋਣ ਵੀ ਅਤਿ ਨਿਗੂਣੀ ਲਗਦੀ ਹੈ।

ਐਸੀ ਅਵਸਥਾ ਵਿਚ ਵਿਚਰਦੀ ਆਤਮਾ ਸੱਚ-ਮੁੱਚ ਪਿਆਰ ਨਾਲ ਡੰਗੀ ਹੋਈ ਹੋਂਦੀ ਹੈ ਤੇ ਉਸ ਨੂੰ ਸਿਵਾਏ ਆਪਣੇ ਦੈਵੀ ਮਹਿਬੂਬ ਦੇ ਕੁਝ ਵੀ ਦਰਕਾਰ ਨਹੀਂ ਹੁੰਦਾ। ਪ੍ਰਸਿੱਧ ਸੂਫ਼ੀ ਅਲ਼ਗ਼ਜ਼ਾਲੀ ਕਹਿੰਦਾ ਹੈ ਕਿ ਇਹੋ ਜਿਹਾ ਡੰਗਿਆ ਹੋਇਆ ਸਾਧਕ ਆਪਣੀ ਆਤਮਾ ਵਿਚੋਂ ਉਤੇਜਨਾ ਵਾਲੀਆਂ ਸਮਸਤ ਕਾਮਨਾਵਾਂ, ਸਾਰੀਆਂ ਮੰਦ ਵਾਸ਼ਨਾਵਾਂ ਤੇ ਸਗਲੇ ਆਚਰਣਕ ਔਗਣਾਂ ਨੂੰ ਜੜ੍ਹੋਂ ਪੁੱਟ ਕੇ ਹਿਰਦੇ ਨੂੰ ਹਰ ਉਸ ਵਸਤ ਦੇ ਵਿਚਾਰ ਤੋਂ ਖ਼ਾਲੀ ਕਰ ਲੈਂਦਾ ਹੈ ਜੋ ਰੱਬ ਨਹੀਂ ਹੋਂਦੀ। ਫਿਰ ਉਹ ਆਪਣੇ ਆਪ ਨੂੰ ਆਪਣੇ ਰੱਬ, ਕੇਵਲ ਆਪਣੇ ਰੱਬ ਦੇ ਪਿਆਰ ਤੇ ਉਸ ਦੀ ਪਿਆਰੀ ਯਾਦ ਦੀ ਤੀਬਰਤਾ ਵਿਚ ਅਵਿਰਲ ਜੋੜ ਲੈਂਦਾ ਹੈ।

ਉਸ ਦਾ ਪਿਆਰ ਹੀ ਉਸ ਦੀ ਜ਼ਿੰਦਗੀ ਹੋ ਜਾਂਦਾ ਹੈ—ਇਸ ਬਿਨਾਂ ਉਸ ਨੂੰ ਜੀਵਨ ਨਿਰਾ ਬੇ-ਮਤਲਬ ਤੇ ਮੌਤ ਨਾਲੋਂ ਵੀ ਬਦਤਰ ਲਗਣ ਲਗਦਾ ਹੈ। ਐਸੀਆਂ ਆਤਮਾਵਾਂ ਲਈ ਉਹਨਾਂ ਦਾ ਪਿਆਰ ਹੀ ਉਹਨਾਂ ਦੀ ਜੀਵਨ-ਰੌ ਹੋ ਜਾਂਦਾ ਹੈ ਤੇ ਆਪਣੇ ਮਹਿਬੂਬ ਦਾ ਵਸਾਲ ਉਹਨਾਂ ਦੀ ਉੱਚਤਮ ਆਕਾਂਖਿਆ। ਇਸ ਤੋਂ ਛੁੱਟ ਉਹਨਾਂ ਨੂੰ ਨਾ ਕੋਈ ਦੁਨੀਆ ਦੀ ਵਸਤ ਦਰਕਾਰ ਹੋਂਦੀ ਹੈ ਨਾ ਆਖ਼ਰਤ ਦੀ। ਉਹ ਤਾਂ ਬਰਮਲਾ ਕਹਿੰਦੇ ਫਿਰਦੇ ਹਨ:





**ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥**[1]

ਐਸੀ ਵਿਲਕਣੀ ਦੀ ਗੂੰਜ ਪੂਰਬ ਤੇ ਪੱਛਮ ਦੇ ਬੇਅੰਤ ਪਿਆਰ-ਡੰਗੇ ਆਤਮ-ਸਾਧਕਾਂ ਦੇ ਮੂੰਹੋਂ ਸੁਣਾਈ ਦੇਂਦੀ ਆਈ ਹੈ। ਬਸਰੇ ਦੀ ਸੂਫ਼ੀ ਸਾਧਿਕਾ ਰਾਬਿਆ ਨੇ ਕਿਹਾ ਸੀ, "ਹੇ ਮਾਲਕ! ਜੋ ਕੁਝ ਤੂੰ ਮੈਨੂੰ ਇਸ ਲੋਕ ਵਿਚ ਦੇਣਾ ਹੈ ਉਹ ਆਪਣੇ ਵੈਰੀਆਂ ਨੂੰ ਦੇ ਦੇ; ਤੇ ਜੋ ਪਰਲੋਕ ਵਿਚ ਦੇਣਾ ਹੈ, ਉਹ ਆਪਣੇ ਮਿੱਤ੍ਰਾਂ ਨੂੰ ਦੇ ਦੇ। ਮੇਰੇ ਲਈ ਤਾਂ ਬੱਸ ਇਕ ਤੂੰ ਹੀ ਕਾਫ਼ੀ ਹੈਂ।" ਇਸੇ ਤਰ੍ਹਾਂ ਜੇਨੋਆ ਦੀ ਸੇਂਟ ਕੈਥੇਰੀਨ ਦੇ ਸ਼ਬਦ ਹਨ, "ਹੇ ਮੇਰੇ ਮਧੁਰਤਮ ਮਹਿਬੂਬ, ਤੈਥੋਂ ਸਿਵਾ ਮੈਨੂੰ ਤੇਰੀ ਕੋਈ ਹੋਰ ਵਸਤ ਦਰਕਾਰ ਨਹੀਂ।"

ਐਸੇ ਅਧਿਆਤਮਕ ਪਿਆਰ ਨਾਲ ਮੁੱਠੀ ਆਤਮਾ ਆਪਣੇ ਅੰਦਰ ਬਹਿ ਕੇ ਵਿਛੋੜਾ ਨਹੀਂ ਹੰਢਾਉਂਦੀ। ਉਹ ਤਾਂ ਬਾਰ ਬਾਰ ਆਪਣੇ ਮਹਿਬੂਬ ਵਲ ਉਠ ਉਠ ਧਾਉਂਦੀ ਹੈ। ਸਰੀਰ ਕਿਤੇ ਵੀ ਹੋਵੇ ਇਹ ਓਥੇ ਹੋਂਦੀ ਹੈ ਜਿਥੇ ਉਸ ਦਾ ਪਿਆਰ-ਟਿਕਾਣਾ ਹੋਂਦਾ ਹੈ। ਇਹਨਾਂ ਆਤਮਕ ਪਿਆਰ-ਹੰਭਲਿਆਂ ਵਿਚ ਉਹ ਜ਼ਿਮੀ ਅਸਮਾਨ ਨੂੰ ਪਿੱਛੇ ਛੋੜ ਜਾਂਦੀ ਹੈ ਤੇ ਦੁਨੀਆਵਾਂ ਤੋਂ ਉਪਰਲੇ ਕਿਸੇ ਮਹਾ ਆਨੰਦ ਦੀ ਲਗਾਤਾਰ ਅਭਿਲਾਖੀ ਹੋਈ ਰਹਿੰਦੀ ਹੈ।

ਐਸੇ ਆਤਮ-ਰਸੀਏ ਪੁਰਖਾਂ ਦਾ ਪਿਆਰ ਕਦੇ ਖੜੋਤ ਵਿਚ ਨਹੀਂ ਆਉਂਦਾ; ਉਹ ਤਾਂ ਹਰਦਮ ਹੋਰ ਤੋਂ ਹੋਰ ਗਤੀਸ਼ੀਲ ਹੋਈ ਜਾਂਦਾ ਹੈ—ਅਨੰਤ ਦੇ ਮਿਲਾਪ ਦੀ ਤੀਬਰ ਇੱਛਾ ਨਾਲ ਭਰਪੂਰ ਤੇ ਮਜਬੂਰ ਹੋਇਆ ਉਸ ਵੱਲ ਉਡਾਰੀਆਂ ਮਾਰਦਾ। ਐਸੀ ਆਤਮਕ ਮਜਬੂਰੀ ਉਸ ਦਾ ਸ਼ਨਾਖ਼ਤੀ ਨਿਸ਼ਾਨ ਹੋਂਦਾ ਹੈ। ਤਰਕ ਉਸ ਦੀ ਰਾਹਨੁਮਾਈ ਨਹੀਂ ਕਰਦਾ, ਉਸ ਦਾ ਦਿਲ ਹੀ ਉਸ ਨੂੰ ਧੂਹੀ ਲਿਜਾਂਦਾ ਹੈ। ਉਹ ਤਾਂ ਆਤਮਕ ਬਿਹਬਲਤਾ ਦੇ ਕਦਮਾਂ ਨਾਲ ਆਪਣੇ ਦਿਲਬਰ ਵੱਲ ਭੱਜਾ ਜਾਂਦਾ ਹੈ। ਐਸੀ ਕਾਮਲ ਪਿਆਰ ਬਿਹਬਲਤਾ ਜਦ ਸਿਖ਼ਰ 'ਤੇ ਪਹੁੰਚਦੀ ਹੈ ਤਾਂ:

**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥**[2]

ਅਧਿਆਤਮਕ ਸਾਹਿੱਤ ਦੇ ਅਨੇਕਾਂ ਆਬਦਾਰ ਮੋਤੀ ਇਸੇ ਆਤਮਕ ਖੋਹ ਦੀ ਤੀਬਰਤਾ ਨਾਲ ਲਿਸ਼ਕਦੇ ਪ੍ਰਤੀਤ ਹੁੰਦੇ ਹਨ।

---

1. ਦੇਵਗੰਧਾਰੀ ਮ: ੫ (534 : 4)
2. ਸੋਰਠਿ ਮ: ੯ (633 : 19)



ਪਿਆਰ, ਇਕਸਾਰ, ਨ ਕੋਈ ਰੁੱਤ ਸਿਵਾਣਦਾ ਨਾ ਮੌਸਮ, ਨਾ ਘੜੀਆਂ ਨ ਪਹਿਰ ਨ ਮਹੀਨੇ। ਇਹ ਤਾਂ ਸਮੇਂ ਦੀਆਂ ਲਟਕਦੀਆਂ ਲੀਰਾਂ।

*—ਜਾਹਨ ਡੰਨ*

• •

**ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ ॥**
**ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ ॥**
**ਪਾਣੀ ਅੰਨੁ ਨ ਭਾਵੈ ਮਰੀਐ ਹਾਵੈ ਬਿਨੁ ਪਿਰ ਕਿਉ ਸੁਖੁ ਪਾਈਐ ॥**
**ਗੁਰ ਆਗੈ ਕਰਉ ਬੇਨੰਤੀ ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ ॥**
**ਆਪੇ ਮੇਲਿ ਲਏ ਸੁਖਦਾਤਾ ਆਪਿ ਮਿਲਿਆ ਘਰਿ ਆਏ ॥**
**ਨਾਨਕ ਕਾਮਣਿ ਸਦਾ ਸੁਹਾਗਣਿ ਨਾ ਪਿਰੁ ਮਰੈ ਨ ਜਾਏ ॥**

*—ਗਉੜੀ ਮ: ੩ (244 : 18)*

ਹੇ ਮੇਰੇ ਪ੍ਰੀਤਮ ਜੀਓ! (ਮੈਨੂੰ) ਮਿਲ ਪਉ। ਤੁਹਾਥੋਂ ਬਿਨਾਂ (ਮੈਂ) ਅਸਲੋਂ ਨਿਮਾਣੀ ਹਾਂ। ਮੇਰੀਆਂ ਅੱਖਾਂ ਵਿਚ ਨੀਂਦਰ ਵੀ ਨਹੀਂ ਆਉਂਦੀ ਜੀ, ਨਾ ਹੀ (ਮੈਨੂੰ) ਅੰਨ ਪਾਣੀ ਚੰਗਾ ਲਗਦਾ ਏ। (ਇਹੋ ਨਹੀਂ ਕਿ) ਅੰਨ ਪਾਣੀ ਨਹੀਂ ਭਾਉਂਦਾ (ਸਗੋਂ ਵਿਛੋੜੇ ਕਾਰਣ) ਹਾਵਿਆਂ ਵਿਚ ਹੀ ਮਰਦੇ ਰਹਿੰਦੇ ਹਾਂ; (ਆਪ) ਪਤੀ ਨੂੰ ਮਿਲੇ ਬਿਨਾਂ (ਜੀਊਣ ਦਾ) ਸੁਖ ਕਿਵੇਂ ਮਿਲੇ? (ਮੈਂ ਤਾਂ) ਗੁਰੂ ਅਗੇ ਬੇਨਤੀ ਕਰਦੀ ਹਾਂ, ਕਿ ਹੇ ਗੁਰੂ ਜੀ, ਜੇਕਰ (ਤੁਹਾਨੂੰ ਮੇਰੀ ਬੇਨਤੀ) ਭਾ ਜਾਵੇ ਤਾਂ ਜਿਵੇਂ ਹੋ ਸਕੇ, ਮੈਨੂੰ (ਮੇਰੇ ਪਤੀ ਪਰਮੇਸ਼ਰ ਨਾਲ) ਮਿਲਾ ਦਿਓ। (ਉਹ ਚਾਹੇ ਤਾਂ) ਉਹ ਸੁਖਦਾਤਾ (ਪ੍ਰਭੂ) ਆਪੇ ਹੀ ਮੇਲ ਲੈਂਦਾ ਹੈ (ਇਥੋਂ ਤਕ ਕਿ ਆਪਣੇ ਪਿਆਰਿਆਂ ਨੂੰ) ਆਪ ਘਰ ਆ ਕੇ ਮਿਲ ਪੈਂਦਾ ਹੈ। (ਐਸੀ) ਇਸਤ੍ਰੀ ਸਦਾ ਸੁਹਾਗਣ ਹੁੰਦੀ ਹੈ (ਉਸਦਾ) ਪਤੀ (ਪਰਮੇਸ਼ਰ) ਨਾ ਕਦੇ ਮਰਦਾ ਹੈ, ਨਾ (ਮਿਲਾਪ ਤੋਂ ਬਾਦ) ਛੱਡ ਕੇ ਹੀ ਜਾਂਦਾ ਹੈ।

• •

**[1]ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥**
**ਮੈ ਦੇਵਾਨਾ[2] ਭਇਆ ਅਤੀਤੁ[3] ॥**
**[4]ਕਰ ਕਾਸਾ ਦਰਸਨ ਕੀ ਭੂਖ ॥**
**ਮੈ ਦਰਿ ਮਾਗਉ ਨੀਤਾ ਨੀਤ ॥੧॥**
**ਤਉ ਦਰਸਨ ਕੀ ਕਰਉ ਸਮਾਇ[5] ॥**
**ਮੈ ਦਰਿ ਮਾਗਤੁ ਭੀਖਿਆ ਪਾਇ ॥੧॥ਰਹਾਉ॥**

*—ਤਿਲੰਗ ਮ: ੧ (721 : 11)*

---

1. (ਹੇ ਹਰੀ) ਤੇਰਾ ਡਰ ਮੇਰੀ ਭੰਗ (ਨਸ਼ਾ) ਹੈ; ਮਨ ਮੇਰਾ (ਭੰਗ ਪਾਣ ਲਈ) ਗੁੱਥੀ ਹੈ। 2. ਬਾਉਰਾ, ਮਸਤ। 3. ਤਿਆਗੀ। 4. ਮੇਰੇ ਹੱਥ ਕਾਸਾ (ਮੰਗਤੇ ਵਾਲਾ ਪਿਆਲਾ) ਹੈ। ਮੈਨੂੰ ਤੇਰੇ ਦਰਸ਼ਨ ਦੀ ਭੁਖ ਹੈ; ਤੇਰੇ ਦਰਵਾਜ਼ੇ 'ਤੇ ਨਿਤ ਏਹੋ ਮੰਗਦਾ ਹਾਂ। 5. ਅਭਿਆਸ।

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥
ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਣਾ॥
ਸੂਲ ਸੁਰਾਹੀ ਖੰਜਰੁ ਪਿਯਾਲਾ ਬਿੰਗ[1] ਕਸਾਈਆਂ ਦਾ ਸਹਣਾ॥
ਯਾਰੜੇ ਦਾ ਸਾਨੂੰ ਸੱਥਰੁ[2] ਚੰਗਾ ਭੱਠ ਖੇੜਿਆਂ ਦਾ ਰਹਣਾ॥

—*ਸ਼ਬਦ ਹਜ਼ਾਰੇ, ਖਿਆਲ ਪਾ: ੧੦*

ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ[3]॥
ਕੋਈ ਆਣਿ ਮਿਲਾਵੈ ਮੇਰੇ [4]ਪ੍ਰਾਣ ਜੀਵਾਇਆ॥
ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ[5] ਵਹੇ ਵਹਿ ਚਲੈ ਜੀਉ॥
ਸਤਿਗੁਰ ਮਿਤ੍ਰੁ ਮੇਰਾ [6]ਬਾਲ ਸਖਾਈ॥
ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ॥
ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਜਨ ਨਾਨਕ ਹਰਿ ਧਨੁ ਪਲੈ ਜੀਉ॥

—*ਮਾਝ ਮ: ੪ (94 : 6)*

ਕੂਕ ਦਿਲਾ ਮਤ ਰੱਬ ਸੁਣੀ ਚਾ
ਦਰਦਮੰਦਾਂ ਦੀਆਂ ਆਹੀਂ ਹੂ।
ਸੀਨਾ ਮੇਰਾ ਦਰਦੀਂ ਭਰਿਆ
ਅੰਦਰ ਭਰਕਣ ਭਾਹੀਂ ਹੂ।
ਤੇਲਾਂ ਬਾਝ ਨ ਬਲਣ ਮਸ਼ਾਲਾਂ
ਦਰਦਾਂ ਬਾਝ ਨ ਆਹੀਂ ਹੂ।
ਆਤਿਸ਼ ਨਾਲ ਯਾਰਾਨਾ ਲਾ ਕੇ, ਬਾਹੂ,
ਫਿਰ ਉਹ ਸੜਨ ਕਿ ਨਾਹੀਂ ਹੂ ?

—*ਸੁਲਤਾਨ ਬਾਹੂ*

---

1. ਵਿਅੰਗ (ਵਿਅੰਗ ਦੀਆਂ ਗੱਲਾਂ ਕਸਾਈਆਂ ਦੇ ਕਸ਼ਟ ਸਹਿਣ ਵਰਗੀਆਂ ਲਗਦੀਆਂ ਹਨ)। 2. ਭੂਮਾਸਣ, ਜ਼ਮੀਨ 'ਤੇ ਲੇਟਣਾ। 3. ਰਾਜਾ। 4. ਪ੍ਰਾਣਾਂ ਦੇ ਜੀਵਾਵਣ ਵਾਲਾ। 5. ਪਾਣੀ-ਅੱਖਾਂ ਦਾ। 6. ਬਚਪਨ ਦਾ ਮਿੱਤਰ।

ਤਾਕ ਮੇਰੇ ਦੀਆਂ ਚੂਲਾਂ ਕੂਕਣ
ਆ ਕੇ ਤੇਲ ਚੁਆ ਮੌਲਾ।
ਫਿਰ ਨਿਸੰਗ ਇਸ ਬੂਹੇ ਥਾਣੀਂ
ਦਿਲ ਮੇਰੇ ਵਿਚ ਧਾ ਮੌਲਾ।
ਬਾਹੀਂ ਅੱਡ ਉਡੀਕ ਕਰਾਂ ਮੈਂ
ਇਨ ਬਾਹਾਂ ਵਿਚ ਆ ਮੌਲਾ।
ਤੜਪਾਂ ਤੁਝ ਬਿਨ ਦਰਦ ਹੰਢਾਂਦੀ
ਕਦੇ ਤਾਂ ਫੇਰਾ ਪਾ ਮੌਲਾ।

*—ਇਕ ਸੂਫ਼ੀ ਅਰਦਾਸ*


ਦਿਨ ਦੇ ਭੀੜ ਭੜੱਕਿਆਂ ਥਾਣੀਂ
ਤੂੰ ਮੁਝ ਉਂਗਲੀ ਲਾ ਕੇ,
ਲੈ ਆਇਆ ਇਸ ਸੁੰਨਮ ਸੁੰਨੀ
ਭੂਰੀ ਸੰਧਿਆ ਲਾਗੇ।
ਹੁਣ ਪੈ ਜਾਣੀ ਰਾਤ ਹਨੇਰੀ
ਤੇ ਉਸ ਦੇ ਘਰ ਅੰਦਰ
ਮੈਂ ਚੁਪ ਕੀਤਾ ਪਿਆ ਰਹਾਂਗਾ,
ਤੇਰੀ ਆਸ ਲਗਾ ਕੇ।

*—ਰਾਬਿੰਦਰ ਨਾਥ ਟੈਗੋਰ*



ਪ੍ਰੀਤਮ, ਤੁਧ ਬਿਨ ਸੁੰਨਾ ਦੇਸ।
ਹੈ ਕੋ ਜਿਹੜਾ ਪੀਆ ਮਿਲਾਵੇ ?—
ਤਨ ਮਨ ਕਰ ਦਿਆਂ ਪੇਸ਼।
ਤੈਂ ਕਾਰਨ ਮੈਂ ਬਨ ਬਨ ਭਟਕਾਂ
ਕਰ ਜੋਗਨ ਦਾ ਵੇਸ।
ਆਏ ਨ ਜਾਨੀ, ਅਉਧ ਵਿਹਾਨੀ,
ਧੌਲੇ ਹੋ ਗਏ ਕੇਸ।
ਮੀਰਾ ਦੇ ਪ੍ਰਭੂ ਕਦੋਂ ਮਿਲੋਗੇ,
ਮੈਂ ਛੋਡਿਆ ਨਗਰ ਨਰੇਸ਼।

*—ਮੀਰਾ ਬਾਈ*



ਅੱਖ ਮੇਰੀ ਹਰਿ ਦਰਸਨ ਦੀ ਪਿਆਸੀ।
ਵੇਖਣ ਲੋਚੇ ਕਮਲ-ਨੈਨ ਨੂੰ, ਨਿਸ ਦਿਨ ਰਹੇ ਉਦਾਸੀ।
ਕੇਸਰ-ਤਿਲਕ, ਮੋਤੀਆਂ-ਮਾਲਾ, ਬ੍ਰਿੰਦਾ ਬਨ ਦੇ ਵਾਸੀ।
ਨੇਹੁੰ ਲਗਾ ਕੇ, ਕੱਖ ਕਰ, ਛੱਡ ਗਏ, ਪਾਏ ਗਏ ਗਲ ਫਾਸੀ।
ਕਉਣ ਕਿਸੇ ਦੇ ਦਿਲ ਦੀ ਜਾਣੇ, ਲੋਕਾਂ ਭਾਣੇ ਹਾਸੀ।
ਸੂਰਦਾਸ ਪ੍ਰਭੁ ਦਰਸ ਤੇਰੇ ਬਿਨ, ਪਾਸੇ ਲਵਾਂ ਨਿਰਾਸੀ।

*—ਸੂਰਦਾਸ*

ਕਦੇ ਉਡੀਕਵਾਨ ਸੱਚ ਮੇਰੇ, ਮਿਲ ਮਾਇਆਵੀ ਪਹਿਰਨ ਵਿਚ,
ਮੇਰੀ ਸ਼ਰਧਾ ਦੇ ਮਸਤਕ ਵਿਚ ਲੱਖ ਸਿਜਦੇ ਜਰਲਾਨ ਪਏ।

*—ਅੱਲਾਮਾ ਸਰ ਮੁਹੰਮਦ ਇਕਬਾਲ*

ਰਹਿਮਤ ਦੇ ਦਰ ਦਸਤਕ ਦੇਵਾਂ
ਆਸ ਦੇ ਹੱਥਾਂ ਨਾਲ ਵਲੇ।
ਪਲ ਭਰ ਜੇ ਸਜਨਾ ਦਰ ਖੋਲ੍ਹੇਂ
(ਮੇਰੇ) ਛੁੱਟਣ ਸਭ ਜੰਜਾਲ ਵਲੇ।

*—ਇਕ ਸੂਫ਼ੀ ਦੁਆ*

ਹੇ ਮਾਲਕ, ਤੁਧ ਕਿਸੇ ਸਰਾਂ ਵਿਚ ਥਾਨ ਨਹੀਂ।
ਤੁਧ ਰੱਖਣ ਤਈਆਰ ਤਮਾਮ ਜਹਾਨ ਨਹੀਂ।
ਮੈਂ ਦਰ ਰਖਿਆ ਖੋਲ੍ਹ ਸੁ ਖੁੱਲ੍ਹਾ ਰਹਿਣਾ ਏ;
ਇਸ ਆਸੇ ਕਿ ਫੇਰਾ ਤੇਰਾ ਪੈਣਾ ਏ।
ਇਸ ਦੇ ਤਾਕ ਕਦੇ ਨਾ ਭੇੜੇ ਜਾਵਣਗੇ,
ਸਭ ਨਿਸੰਗ ਹੋ ਇਸ ਦਰ ਥਾਣੀਂ ਆਵਣਗੇ।
ਇਹ ਦਰ ਪੈਣਾ ਕਦੇ ਕਿਸੇ ਖੜਕਾਣਾ ਨਾ।
ਇਸ ਘਰ ਹੋਵੇ ਆਣਾ ਤੇਰਾ, ਜਾਣਾ ਨਾਂਹ।
ਐਸਾ ਅਮਰ ਮੁਹੱਬਤ ਦਾ ਵਰਤਾ ਮੀਰਾ—
ਏਸ ਉਡੀਣੇ ਘਰ ਅੱਜ ਫੇਰਾ ਪਾ ਮੀਰਾ। *—ਐਰਿਕ ਮਿਲਨਰ ਵ੍ਹਾਈਟ*

ਆਵੋ ਜੀ ਮੇਰੇ ਮੀਤ ਪਿਆਰੇ।
ਸਦਾ ਉਡੀਕਾਂ ਚਰਨ ਤੁਹਾਰੇ।
ਮੈਂ ਵਾਰੀ, ਮੈਂ ਸੇਜ ਸੰਵਾਰੀ।
ਲਗੀਆਂ ਅਸਾਂ ਉਡੀਕਾਂ ਭਾਰੀ।
ਤੁਧ ਭਾਵਾਂ, ਤੁਧ ਅੰਗ ਸਮਾਵਾਂ।
ਵਾਰੇ ਜਾਵਾਂ, ਕਿਵ ਤੁਧ ਪਾਵਾਂ?
ਪੰਥ ਨਿਹਾਰਾਂ, ਵਾਟ ਸੰਵਾਰਾਂ,
ਦਾਦੂ ਤਨ ਮਨ, ਸਭ ਕਿਛ ਵਾਰਾਂ।

*—ਦਾਦੂ ਦਇਆਲ*

ਮੇਰਾ ਜੀ ਤਾਂ ਓਥੇ ਸਜਨਾ, ਕਰੇਂ ਟਿਕਾਣਾ ਜਿੱਥੇ ਤੂੰ।
ਭਾਵੇਂ ਹਾਲੇ ਤੀਕ ਨ ਜਾਣਾ ਰਹਿੰਦਾ, ਸਜਨਾ, ਕਿਥੇ ਤੂੰ।

*—ਖ਼੍ਵਾਜਾ ਮੀਰ ਦਰਦ*



ਜਿਤਨਾ ਤੈਨੂੰ ਕਰਾਂ ਪਰਾਪਤ, ਮੇਰੇ ਮਾਲਕ,
ਤਿਤਨਾ ਤੜਪਾਂ ਤੇਰੀ ਖ਼ਾਤਰ!
ਵੇਖ ਅਸਾਡਾ ਜੀਣਾ ਕੈਸਾ, ਹੇ ਮੇਰੇ ਮਾਲਕ!

ਜਿਤਨਾ ਤੇਰਾ ਦਰਸਨ ਪਾਵਾਂ, ਮੇਰੇ ਸਾਹਿਬ,
ਤ੍ਰਿਪਤਨ ਅੱਖੀਆਂ, ਭੀ, ਪਰ, ਭੁੱਖੀਆਂ
ਤੜਪੀ ਜਾਵਣ ਤੇਰੀ ਖ਼ਾਤਰ, ਹੇ ਮੇਰੇ ਮਾਲਕ!

ਬਾਹਾਂ ਅੰਦਰ ਤੈਨੂੰ ਲੈ ਕੇ, ਮੇਰੇ ਸੁਆਮੀ,
ਭੀਚ ਲਵਾਂ ਜੇ ਸੀਨੇ ਲਾ ਕੇ,
ਫਿਰ ਮੈਥੋਂ ਕਿਵ ਛੋੜਨ ਹੋਵੇ, ਹੇ ਮੇਰੇ ਮਾਲਕ?

ਤੂੰ ਮੇਰੇ ਤਨ ਅੰਦਰ ਵੱਸੇਂ, ਮੇਰੇ ਭਰਤਾ,
ਥੀ ਕੇ ਨਵਤਨ ਅਗਨ ਅਗੰਮੀ,
ਲੂੰ ਲੂੰ ਵਿਚ ਚੰਗਿਆੜ ਜਗਾਵੇਂ, ਹੇ ਮੇਰੇ ਮਾਲਕ!

*—ਨਾਰਾਇਣ ਵਾਮਨ ਤਿਲਕ*

ਸੁਣ ਸਾਡੇ ਹੇ ਪਿਤਾ ਪਿਤਾਮੇ,
ਮੂਲ-ਕਦੀਮੀ, ਪਰਮ-ਪੁਰਾਣੇ,
ਆਦਿ ਜੁਗਾਦੀ ਦੇਵਣਹਾਰੇ,
ਤੁਧ ਬਿਨ ਕਉਣ ਅਸਾਂ ਨਿਸਤਾਰੇ ?


ਅਸੀਂ ਤਾਂ ਕੁੱਖ ਹਨੇਰੇ ਦੀ 'ਚੋਂ
ਹੁਣੇ ਹੁਣੇ ਹਾਂ ਆਏ।
ਦਿਨ ਚੜ੍ਹਦੇ, ਪਰਭਾਤ ਉਲੰਘ ਕੇ
ਤੇਰੇ ਬੂਹੇ ਧਾਏ।

ਨੈਣ ਅਸਾਡੇ ਦਰਸ-ਪਿਆਸੇ,
ਝਾਕ ਰਹੇ ਨੇ ਤੇਰੀ ਆਸੇ।

ਅਸੀਂ ਤਾਂ ਲਗ ਗਏ ਤੇਰੇ ਨਾਮੇ—
ਸੁਣ ਸਾਡੇ ਹੇ ਪਰਮ-ਪਿਤਾਮੇ !

—ਦੱਖਣੀ ਅਫ਼ਰੀਕਾ ਦੀ ਇਕ ਆਦਿਵਾਸੀ ਅਰਦਾਸ

# ਬਿਰਹਾ



ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥

*— ਸਲੋਕ ਫਰੀਦ (1379 :14)*

ਬਿਰਹਾ ਨ ਸੋਗ, ਨਾ ਨਿਰਾਸਤਾ, ਨ ਭਉ ਨੀ,
ਦਿਲੇ ਦੀ ਦਲ੍ਹੀਜ਼ ਉੱਤੇ ਸਬਰ ਦਾ ਜਲੌ ਨੀ।
ਟੁਕੜਾ ਸੰਜੋਗ ਦਾ, ਵਿਜੋਗ ਉੱਤੇ ਗੀਝਿਆ,
ਯਾਰ ਤੋਂ ਵਧੇਰੇ ਉਹਦੀ ਯਾਦ ਥੀਂ ਪਤੀਜਿਆ।

—ਜ.ਸ.ਨ.

8

# ਬਿਰਹਾ

ਬਿਰਹਾ, ਪਿਆਰ ਦੀ ਉਸ ਵਿਆਕੁਲ ਅਵਸਥਾ ਦਾ ਨਾਮ ਹੈ ਜਿਸ ਵਿਚ ਪ੍ਰੇਮੀ ਇਹ ਬਰਦਾਸ਼ਤ ਨਹੀਂ ਕਰ ਸਕਦਾ ਕਿ ਉਸ ਦਾ ਪਿਆਰਾ ਖਿਨ ਮਾਤਰ ਵੀ ਉਸ ਪਾਸੋਂ ਵਿਛੜ ਜਾਵੇ। ਜੇਕਰ ਵਿਛੋੜਾ ਵਾਪਰ ਜਾਵੇ ਤਾਂ ਸੁਭਾਵਕ ਹੀ ਦਿਲ ਅੰਦਰ ਇਕ ਅਦੁੱਤੀ ਤੜਪ ਜਾਗਦੀ ਹੈ—ਇਕ ਦਰਦ ਜੋ ਤੀਬਰ ਵੀ ਹੁੰਦਾ ਹੈ, ਮਧੁਰ ਵੀ। ਇਸ ਦਾ ਰਸ ਵੀ ਮਿਲਾਪ ਦੇ ਰਸ ਦੇ ਟਾਕਰੇ ਦਾ ਹੁੰਦਾ ਹੈ। ਐਸੀ ਰਸਦਾਇਕ ਤੜਫਣੀ ਦੀ ਅਵਸਥਾ ਨੂੰ ਹੀ ਬਿਰਹਾ ਆਖਦੇ ਹਨ। ਪਿਆਰੇ ਦੇ ਦੀਦਾਰ ਲਈ ਇਹ ਆਤਮਾ ਦੀ ਵਿਆਕੁਲ ਤੜਫਣੀ ਹੈ:

**ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥**

*—ਮਾਝ ਮ: ੪ (94 : 7)*

ਸਾਰੀ ਦੁਨੀਆ ਖਾਂਦੀ, ਪੀਂਦੀ, ਹਸਦੀ, ਖੇਡਦੀ ਤੇ ਰੰਗ ਰਲੀਆਂ ਮਾਣਦੀ ਹੈ; ਰਾਤ ਪਿਆਂ ਤੇ ਘੁਰਾੜੇ ਮਾਰ ਸੌਂਦੀ ਹੈ। ਪਰ, ਬਿਰਹੀ ਨੂੰ ਨਾ ਦਿਨੇ ਚੈਨ ਨਸੀਬ ਹੁੰਦਾ ਹੈ ਨਾ ਰਾਤੀ ਨੀਂਦ:

**ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ॥**
**ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ॥**
**ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ॥**
**ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ॥**

*—ਗਉੜੀ ਮ: ੧ (243 : 2)*

ਸ਼ੇਖ਼ ਫ਼ਰੀਦ ਜੀ ਨੇ ਇਕ ਕੋਇਲ ਨੂੰ ਵੇਖਿਆ, ਤੇ ਉਸ ਨੂੰ ਪੁੱਛਣ ਲੱਗੇ:

**ਕਾਲੀ ਕੋਇਲ ਤੂ ਕਿਤ ਗੁਨ ਕਾਲੀ?**

ਫਿਰ ਆਪ ਹੀ ਜਵਾਬ ਦੇਂਦੇ ਹਨ:

**ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥** *—ਸੂਹੀ ਫ਼ਰੀਦ (794 : 12)*

ਇਉਂ ਬਿਰਹੀ ਲਈ ਇਕ ਖਿਨ ਲਈ ਵੀ ਆਪਣੇ ਪ੍ਰੀਤਮ ਤੋਂ ਦੂਰ ਹੋਣਾ ਅੱਗ ਵਿਚ ਸੜ ਜਾਣ ਦੇ ਬਰਾਬਰ ਹੋਂਦਾ ਹੈ। ਤਦ ਕੂਲਾ ਰੇਸ਼ਮੀ ਲਿਬਾਸ ਵੀ ਸੁਖਾਂਦਾ ਨਹੀਂ; ਉਸ ਨੂੰ ਵੀ ਅੱਗ ਵਿਚ ਸਾੜ ਸੁੱਟਣ ਦਾ ਜੀ ਕਰਦਾ ਹੈ।

**ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ॥**
**ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ॥**

*—ਸਲੋਕ ਮ: ੫ (1425 : 3)*

ਹਾਫ਼ਿਜ਼ ਸ਼ੀਰਾਜ਼ੀ ਸਾਹਿਬ ਆਪਣੇ ਬਿਰਹਾ ਬਾਰੇ ਕਹਿੰਦੇ ਹਨ:

"ਮੈਂ ਬਿਰਹੀ ਦੇ ਦਿਲ ਵਿਚ ਸੋਜ਼ ਦਾ ਇਤਨਾ ਦਰਦ ਹੈ ਕਿ ਜੇਕਰ ਮੈਂ ਬੋਲਾਂ ਤਾਂ ਜ਼ੁਬਾਨ ਸੜਦੀ ਹੈ, ਤੇ ਚੁੱਪ ਰਹਾਂ ਤਾਂ ਡਰ ਹੈ ਹੱਡੀਆਂ ਵਿਚਲਾ ਮਗ਼ਜ਼ ਸੜ ਜਾਏਗਾ।"[1]

ਰਾਬਿਆ ਬਸਰੀ ਪਾਸੋਂ ਕਿਸੇ ਪੁੱਛਿਆ, "ਤੂੰ ਨਮਾਜ਼ ਕਦੋਂ ਪੜ੍ਹਦੀ ਹੈਂ; ਜਦ ਰੱਬ ਤੈਨੂੰ ਮਿਲਣ ਆ ਜਾਵੇ ਓਦੋਂ, ਕਿ ਉਸ ਤੋਂ ਪਹਿਲੋਂ, ਕਿ ਉਸ ਦੇ ਮਗਰੋਂ ?" ਉਸ ਨੇ ਉੱਤਰ ਦਿੱਤਾ, "ਰੱਬ ਦੇ ਆ ਜਾਣ 'ਤੇ।" ਤਦ ਉਨ ਫੇਰ ਪੁੱਛਿਆ, "ਤੈਨੂੰ ਉਸ ਦੇ ਆਵਣ ਦਾ ਪਤਾ ਕਿਵ ਲਗਦਾ ਹੈ ?" ਕਹਿਣ ਲੱਗੀ, "ਜਦੋਂ ਉਸ ਦੀ ਯਾਦ ਦੀਆਂ ਤਾਂਘਾਂ ਅੰਦਰ ਬੇਅਖ਼ਤਿਆਰ ਬਿਹਬਲਤਾ ਪੈਦਾ ਹੋ ਜਾਂਦੀ ਹੈ ਤਾਂ ਹੰਝੂ ਆਪ ਮੁਹਾਰੇ ਫੁੱਟਣ ਲਗਦੇ ਹਨ ਤੇ ਵਹੀ ਤੁਰੀ ਜਾਂਦੇ ਹਨ। ਮੈਨੂੰ ਮਾਲੂਮ ਹੈ ਐਸੀ ਅਵਸਥਾ ਉਹ ਆਪ ਹੀ ਪੈਦਾ ਕਰਦਾ ਹੈ। ਓਹੀ ਮੇਰੀ ਰੂਹ ਨੂੰ ਤੁਣਕੇ ਮਾਰਦਾ ਤੇ ਧੂਹਾਂ ਪਾਉਂਦਾ ਹੈ। ਇਹ ਸਭ ਉਸ ਦੀ ਆਮਦ ਦੇ ਚਿੰਨ੍ਹ ਹੁੰਦੇ ਹਨ। ਜਦੋਂ ਇਹ ਨਿਸ਼ਾਨੀਆਂ ਜਾਗਦੀਆਂ ਹਨ ਤਦੋਂ ਮੈਂ ਨਿਮਾਜ਼ ਪੜ੍ਹਦੀ ਹਾਂ।"

ਜਦੋਂ ਵੀ ਕੋਈ ਬਿਰਹੀ ਰੁਦਨ-ਵਿਰਲਾਪ ਕਰਦਾ ਹੈ, ਤਾਂ ਆਪਣੇ ਹੰਝੂਆਂ ਨਾਲ ਆਪਣੇ ਕੁਸੰਸਕਾਰਾਂ ਨੂੰ ਧੋ ਲੈਂਦਾ ਹੈ। ਫਿਰ ਨਿਰਮਲ ਹੋਏ ਮਨ ਵਿਚ ਮਾਲਕ ਦੀ ਯਾਦ ਸਹਿਜੇ ਆਣ ਟਿਕਦੀ ਹੈ:

**ਧੋਬੀ ਧੋਵੈ ਬਿਰਹ ਬਿਰਾਤਾ॥**
**ਹਰਿ ਚਰਨ ਮੇਰਾ ਮਨੁ ਰਾਤਾ॥** *—ਬਸੰਤੁ ਨਾਮਦੇਉ (1196 : 6)*

---

1. ਮਰਾ ਦਰਦੇਸਤ ਅੰਦਰ ਦਿਲ, ਅਗਰ ਗੋਯਮ ਜ਼ੁਬਾਂ ਸੋਜ਼ਦ।
ਵਗਰ ਦਮ ਦਰ ਕਸ਼ਮ ਤਰਸਮ, ਕਿ ਮਗ਼ਜ਼ੇ ਉਸਤਖ਼ਾਂ ਸੋਜ਼ਦ। *—ਹਾਫ਼ਿਜ਼ ਸ਼ੀਰਾਜ਼ੀ*

ਅਧਿਆਤਮਕ ਪਾਂਧੀਆਂ ਲਈ ਬਿਰਹਾ ਇਕ ਗਾਡੀ ਰਾਹ ਹੈ, ਇਸ ਲਈ ਉਹਨਾਂ ਨੂੰ ਬਹੁਤ ਪਿਆਰਾ ਲਗਦਾ ਹੈ। ਗੁਰੂ ਅੰਗਦ ਦੇਵ ਜੀ ਤਾਂ ਕਹਿੰਦੇ ਹਨ, ਜਿਸ ਤਨ ਅੰਦਰ ਵਾਹਿਗੁਰੂ ਦਾ ਬਿਰਹਾ ਨਹੀਂ ਜਾਗਿਆ, ਉਸ ਨੂੰ ਜਲਾ ਦੇਣਾ ਚਾਹੀਦਾ ਹੈ:

**ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ॥**

*—ਵਾਰ ਸਿਰੀਰਾਗ ਮ: ੪ (89:2)*

ਸੋਲ੍ਹਵੀਂ ਸਦੀ ਵਿਚ ਜਿਨੀਵਾ ਦਾ ਬਿਸ਼ਪ ਫ੍ਰਾਂਸਿਸ ਦ'ਸਾਲੇ ਹੋਇਆ ਹੈ। ਉਹ ਇਕ ਬੜੀ ਪਿਆਰੀ ਮਿਸਾਲ ਦੇਂਦਾ ਹੈ:

ਸ਼ੁਤਰ ਮੁਰਗ ਕਦੇ ਨਹੀਂ ਉਡਦੇ; ਕੁਕੜੀਆਂ ਭੱਦੀ ਤਰ੍ਹਾਂ ਉਡਦੀਆਂ ਹਨ, ਜ਼ਮੀਨ ਦੇ ਲਾਗੇ ਲਾਗੇ ਤੇ ਉਹ ਵੀ ਕਦੇ ਕਦਾਈਂ; ਪਰ ਬਾਜ਼, ਉਕਾਬ ਤੇ ਅਬਾਬੀਲਾਂ ਅਕਸਰ ਉਡਾਰੀ ਮਾਰ ਉੱਚੀਆਂ ਤੇ ਲੰਮੀਆਂ ਉਡਾਣਾਂ ਭਰਦੇ ਹਨ। ਇਸੇ ਤਰ੍ਹਾਂ ਪਾਪ-ਆਲੂਦਾ ਬੰਦੇ ਵੀ ਉਡਾਰੀ ਮਾਰਨ ਤੋਂ ਕਾਸਰ ਹੁੰਦੇ ਹਨ, ਉਹ ਧਰਤੀ ਉਤੇ ਹੀ, ਤੇ ਧਰਤੀ ਵਾਸਤੇ ਹੀ ਸਾਰੀ ਉਮਰ ਬਿਤਾ ਲੈਂਦੇ ਹਨ। ਚੰਗੇ ਬੰਦੇ ਜਿਨ੍ਹਾਂ ਵਿਚ ਅਜੇ ਰੱਬ ਲਈ ਮੁਹੱਬਤ ਬੇਦਾਰ ਨਹੀਂ ਹੋਈ, ਉਡਾਰੀ ਮਾਰਦੇ ਹਨ, ਪਰ ਸੁਸਤ ਜਹੀ, ਭੱਦੀ ਜਹੀ ਤੇ ਕਦੇ ਕਦਾਈਂ। ਪਰ ਸਿਦਕੀ ਲੋਕ ਜਿਨ੍ਹਾਂ ਅੰਦਰ ਰੱਬ ਦਾ ਬਿਰਹਾ ਜਾਗਦਾ ਹੈ, ਆਪਣੇ ਰੱਬ ਵੱਲ ਅਕਸਰ ਲੰਮੀਆਂ ਤੇ ਉੱਚੀਆਂ ਉਡਾਣਾਂ ਭਰਦੇ ਹਨ।

ਦਰਅਸਲ ਬਿਰਹਾ ਨਾਲ ਵਿਝ ਕੇ ਹੀ ਪਰਮਾਤਮਾ ਦੇ ਪਰਮ ਸੱਚ ਵਿਚ ਵਾਸਾ ਨਸੀਬ ਹੋਂਦਾ ਹੈ:

**ਬਿਰਹੈ ਬੇਧੀ ਸਚਿ ਵਸੀ ਭਾਈ ਅਧਿਕ ਰਹੀ ਹਰਿ ਨਾਇ॥**

*—ਸੋਰਠਿ ਮ: ੧ (637:9)*

ਮਰ ਕੇ ਵਿਛੜਨਾ ਤਾਂ ਕੋਈ ਦੋਸ਼ ਨਹੀਂ; ਪਰ, ਵਿਛੜ ਕੇ ਜੀਊਂਦੇ ਰਹਿਣਾ—ਇਸ ਜੇਡੀ ਤੜਪ ਕੋਈ ਨਹੀਂ। *—ਲੈਂਜ਼ਡਾਊਨ*

ਇਕ ਗੱਲ ਪੱਕੀ ਹੈ ਕਿ ਪਿਆਰ ਨੂੰ ਆਪਣੀ ਡੂੰਘਾਈ ਦਾ ਓਦੋਂ ਤਕ ਪਤਾ ਨਹੀਂ ਚਲਦਾ, ਜਦ ਤਕ ਬਿਰਹਾ ਨ ਆਣ ਵਾਪਰੇ।

*—ਖ਼ਲੀਲ ਜਿਬਰਾਨ*

• •

**ਮੋਰੀ ਰੁਣਝੁਣ ਲਾਇਆ ਭੈਣੇ ਸਾਵਣੁ ਆਇਆ ॥**
**ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥**
**ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥**
**ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥**
**ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥**
**ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥**
**ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥**
**ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥**
**ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥**
**ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥**
**ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ ॥**
**ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥**
**ਮੈ ਰੋਵੰਦੀ ਸਭੁ ਜਗੁ ਰੁਨਾ ਰੁਨੜੇ ਵਣਹੁ ਪੰਖੇਰੂ ॥**
**ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥**
**ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥**
**ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥**
**ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥**
**ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥**
**ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥**
**ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥**

*—ਵਡਹੰਸੁ ਮ: ੧ (557 : 13)*

ਮੋਰਾਂ ਨੇ ਮਿੱਠੀ ਮਿੱਠੀ ਬੋਲੀ ਬੋਲ ਕੇ (ਖ਼ੁਸ਼ੀ ਮਨਾਈ ਹੈ)। ਹੇ ਭੈਣੇ (ਜਾਪਦਾ ਹੈ) ਸਾਵਣ ਆ ਗਿਆ ਹੈ। (ਹੇ ਪ੍ਰਭੂ) ਤੇਰੇ (ਨੈਣ) ਕਟਾਰੇ (ਵਾਂਗ ਘਾਉ ਕਰਦੇ) ਤੇ ਰੱਸੇ (ਵਾਙੂੰ ਬੰਨ੍ਹਣ ਵਾਲੇ ਹਨ)। ਇਹਨਾਂ ਨੇ ਮੈਂ (ਇਸਤ੍ਰੀ) ਨੂੰ (ਦਰਸ਼ਨ ਦਾ) ਲੋਭ ਦੇ ਕੇ ਲੁਭਾਇਆ ਹੈ।
(ਹੇ ਮਾਲਕ! ਮੇਰਾ ਜੀ ਕਰਦਾ ਹੈ) ਤੇਰੇ ਦਰਸ਼ਨ ਉਤੋਂ ਟੋਟੇ ਟੋਟੇ (ਅਰਥਾਤ ਸਦਕੇ) ਹੋ ਜਾਵਾਂ, ਤੇਰੇ ਨਾਮ ਉਤੋਂ ਕੁਰਬਾਨ ਹੋ ਜਾਵਾਂ। (ਪ੍ਰਭੂ!) ਜਦ ਤੂੰ ਮੇਰਾ ਹੈਂ ਤਦੇ ਮੈਂ ਮਾਣ ਕੀਤਾ ਹੈ। ਤੇਰੇ ਬਗ਼ੈਰ ਮੇਰਾ ਮਾਣ ਕਾਹਦਾ ਹੈ?
(ਹੇ ਮੁੰਧੇ!) ਆਪਣਾ ਚੂੜਾ ਪਲੰਘ ਨਾਲ ਮਾਰ ਕੇ ਭੰਨ ਸੁਟ। (ਇਤਨੇ ਜ਼ੋਰ ਦੀ ਮਾਰ ਕਿ) ਪਲੰਘ ਦੀਆਂ ਬਾਹੀਆਂ ਵੀ ਟੁੱਟ ਜਾਣ (ਤੇ ਤੇਰੀਆਂ) ਬਾਹਾਂ ਵੀ। ਹੇ (ਮੂਰਖ) ਇਸਤ੍ਰੀ ਤੇਰਾ ਮਾਲਕ ਤਾਂ

ਹੋਰਨਾਂ ਨਾਲ ਪਿਆਰ ਪਿਆ ਕਰਦਾ ਹੈ (ਅਥਵਾ ਤੇਰੇ ਨਾਲ ਪ੍ਰੇਮ ਨਹੀਂ ਕਰਦਾ) ਤੇ ਤੂੰ ਏਡੇ ਵੇਸ (ਸ਼ਿੰਗਾਰ, ਸੁਹਾਗਣਾਂ ਵਾਲੇ) ਪਈ ਕਰਦੀ ਹੈਂ।

ਨਾ ਮੈਨੂੰ ਚੂੜੀਆਂ ਵਾਲਾ (ਭਾਵ ਗੁਰੂ) ਮਿਲਿਆ ਹੈ, ਨਾ ਹੀ (ਭਗਤੀ ਰੂਪੀ ਚੂੜੀਆਂ ਤੇ ਵੰਙਾਂ। (ਚੂੜੀਆਂ ਭੰਨਣ ਦੀ ਗੱਲ ਤਾਂ ਪਰੇ ਰਹੀ), ਜਿਹੜੀਆਂ ਬਾਹਾਂ ਸ਼ਹੁ ਦੇ ਗਲ ਨਹੀਂ ਲਗੀਆਂ ਉਹ ਸੜ ਜਾਣ (ਤਾਂ ਚੰਗਾ ਹੈ)।

ਸੱਂਗੀਆਂ ਸਖੀਆਂ ਪਤੀ ਦਾ ਆਨੰਦ ਮਾਣਨ ਗਈਆਂ ਹਨ, ਮੈਂ (ਬਿਰਹੋਂ ਦੀ) ਸੜੀ ਹੋਈ ਕਿਸ ਦੇ ਬੂਹੇ ਜਾਵਾਂ ? ਹੇ ਸਖੀ, ਮੈਂ ਭਲੀ ਸੁਚੱਜੀ ਹਾਂ (ਜਦ ਕਿ) ਮੈਂ ਤੈਨੂੰ (ਇੱਥੇ ਭਾਵ ਹੈ, ਪਤੀ ਨੂੰ) ਜ਼ਰਾ ਵੀ ਚੰਗੀ ਨਹੀਂ ਲਗਦੀ।

ਘੋਟ ਕੇ ਪੱਟੀਆਂ ਵੀ ਗੁੰਦਾਈਆਂ ਹਨ, ਮਾਂਗ ਵਿਚ ਸੰਧੂਰ ਵੀ ਭਰਿਆ ਹੈ ਪਰ ਅੱਗੇ ਜਾ ਕੇ ਜੇ ਮੈਂ ਕਬੂਲ ਨਾ ਪਈ ? (ਇਸੇ ਲਈ) ਝੂਰ ਝੂਰ ਕੇ ਮਰ ਰਹੀ ਹਾਂ। (ਝੂਰਦੀ ਮਰਦੀ) ਮੈਂ (ਇਤਨਾ) ਰੋ ਰਹੀ ਹਾਂ (ਕਿ ਸੁਣ ਕੇ) ਸਾਰਾ ਜਗਤ ਰੋ ਪਿਆ—(ਏਥੋਂ ਤਕ ਕਿ) ਬਨ ਤੇ ਉਸ ਦੇ ਪੰਛੀ ਵੀ ਰੋ ਪਏ। ਪਰ (ਜੇ ਨਹੀਂ ਰੁੰਨਾ) ਤਾਂ ਮੇਰੇ ਤਨ ਦਾ ਬਿਰਹਾ ਨਹੀਂ ਰੁੰਨਾ, ਜਿਸ ਨੇ ਪਤੀ ਤੋਂ ਮੈਨੂੰ ਵਿਛੋੜ ਰਖਿਆ ਹੈ।

(ਹੇ ਮਾਲਕ!) ਤੂੰ ਸੁਪਨੇ ਵਿਚ ਆਇਆ ਵੀ ਤੇ ਚਲਾ ਵੀ ਗਿਆ। (ਤੇਰੇ ਵਿਯੋਗ ਵਿਚ) ਮੈਂ ਰੋ ਰੋ ਕੇ (ਬੁੱਕੀਂ) ਜਲ ਭਰਿਆ ਹੈ। ਹੇ ਪਿਆਰੇ! ਨਾ (ਮੈਂ ਆਪ) ਤੇਰੇ ਕੋਲ ਆ ਸਕਦੀ ਹਾਂ, ਨਾ ਕਿਸੇ ਨੂੰ ਭੇਜ ਹੀ ਸਕਦੀ ਹਾਂ। ਹੇ ਭਾਗੋ ਭਰੀ ਨੀਂਦੇ! ਤੂੰ ਹੀ ਆ ਜਾ (ਮਤੇ ਸੁਪਨੇ ਵਿਚ ਫਿਰ) ਉਸ ਦੇ ਦਰਸ਼ਨ ਹੋ ਜਾਣ।

(ਹੇ ਮੇਰੇ) ਮਾਲਕ, ਤੇਰੀ ਜੇ ਕੋਈ ਗੱਲ (ਹੀ) ਸੁਣਾਵੇ ਤਾਂ ਹੇ ਨਾਨਕ! (ਉਸ ਨੂੰ) ਕੀ (ਭੇਟਾ) ਦੇਵੀਏ ? (ਕਿਉਂ ਨਾ ਆਪਣਾ) ਸਿਰ ਵੱਢ ਕੇ ਉਸ ਨੂੰ ਬੈਠਣ ਲਈ ਦੇਵੀਏ, ਤੇ (ਫਿਰ) ਬਿਨਾਂ ਸਿਰ ਦੇ ਉਸ ਦੀ ਸੇਵਾ ਕਰੀਏ ?

ਜੇ ਆਪਣਾ ਮਾਲਕ ਹੀ ਬਿਗਾਨਾ ਹੋ ਜਾਏ ਤਾਂ ਮਰ ਕਿਉਂ ਨਾ ਜਾਈਏ, ਜਿੰਦੜੀ ਕਿਉਂ ਨਾ ਦੇ ਦੇਵੀਏ ?

• •

**[1]ਬਈਅਰਿ ਬੋਲੈ ਮੀਠੁਲੀ ਭਾਈ ਸਾਚੁ ਕਹੈ ਪਿਰ ਭਾਇ॥**
**ਬਿਰਹੈ ਬੇਧੀ ਸਚਿ ਵਸੀ ਭਾਈ ਅਧਿਕ ਰਹੀ ਹਰਿ ਨਾਇ॥**

*—ਸੋਰਠਿ ਮ: ੧ (637 : 8)*

**[2]ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ॥**
**ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ॥**

*—ਗਉੜੀ ਵਾਰ ਮ: ੫ (319 : 14)*

---

1. ਬਾਂਗਰ ਦੀ ਇਸਤ੍ਰੀ (ਅਸਭਜ ਪ੍ਰਾਣੀ) ਮਿੱਠਾ ਬੋਲਣ ਵਾਲੀ ਹੋ ਜਾਂਦੀ ਹੈ ਜੇ ਪਤੀ (ਹਰਿ) ਦੇ ਪ੍ਰੇਮ ਵਿਚ ਸੱਚ ਦਾ ਜਾਪ ਕਰੇ। 2. ਅੱਕ ਦੀਆਂ ਕੱਕੜੀਆਂ ਤਦੋਂ ਤਕ ਹੀ ਸੁਹਾਵੀਆਂ ਲਗਦੀਆਂ ਹਨ ਜਦ ਤਕ ਅੱਕ ਦੇ ਬੂਟੇ ਨਾਲ ਲਗੀਆਂ ਰਹਿਣ।

[1]ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ॥
ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ[2]॥

—ਮਾਰੂ ਵਾਰ ਮ: ੫ ਡਖਣੇ (1100 : 14)

[3]ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ॥
ਬਾਵਲਿ ਹੋਈ ਸੋ ਸਹੁ ਲੋਰਉ॥
[4]ਤੈ ਸਹਿ ਮਨ ਮਹਿ ਕੀਆ ਰੋਸੁ॥
ਮੁਝੁ ਅਵਗਨ ਸਹ ਨਾਹੀ ਦੋਸੁ॥੧॥
ਤੈ ਸਾਹਿਬ ਕੀ ਮੈ ਸਾਰ[5] ਨ ਜਾਨੀ॥
ਜੋਬਨੁ ਖੋਇ ਪਾਛੈ ਪਛੁਤਾਨੀ॥੧॥ਰਹਾਉ॥
ਕਾਲੀ ਕੋਇਲ[6] ਤੂ ਕਿਤ ਗੁਨ ਕਾਲੀ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥
ਪਿਰਹਿ ਬਿਹੂਨ ਕਤਹਿ ਸੁਖੁ ਪਾਏ॥
ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ॥੨॥
[7]ਵਿਧਣ ਖੂਹੀ ਮੁੰਧ ਇਕੇਲੀ॥
ਨਾ ਕੋ ਸਾਥੀ ਨਾ ਕੋ ਬੇਲੀ॥
ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ॥
[8]ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ॥੩॥
[9]ਵਾਟ ਹਮਾਰੀ ਖਰੀ ਉਡੀਣੀ॥
ਖੰਨਿਅਹੁ ਤਿਖੀ ਬਹੁਤੁ ਪਿਈਣੀ॥
ਉਸੁ ਊਪਰਿ ਹੈ ਮਾਰਗੁ ਮੇਰਾ॥
ਸੇਖ ਫਰੀਦਾ ਪੰਥੁ ਸਮ੍ਾਰਿ ਸਵੇਰਾ॥੪॥

—ਸੂਹੀ ਫ਼ਰੀਦ (794 : 8)

---

1. ਵਿਛੋੜੇ ਦੀ ਸੋਅ ਸੁਣ ਕੇ ਹੀ ਦੁਖ ਹੋਂਦਾ ਹੈ, ਪਰ ਦਰਸ਼ਨ ਤੋਂ ਬਿਨਾਂ ਤਾਂ ਮਰਨ ਲਗੀਦਾ ਹੈ। 2. ਧੀਰਜ ਨਹੀਂ ਆਉਂਦਾ। 3. (ਹਰੀ ਤੋਂ ਬਿਨਾਂ) ਸੜ ਸੜ ਕੇ, ਲੁਛ ਲੁਛ ਕੇ (ਸੋਗ ਵਿਚ) ਹੱਥ ਮਲਦੀ ਹਾਂ। 4. ਹੇ ਪਤੀ, ਤੂੰ ਮਨ ਵਿਚ ਗੁੱਸਾ ਕੀਤਾ ਸੀ ? (ਇਹ ਮੇਰੇ ਹੀ ਔਗਣਾਂ ਕਰਕੇ ਸੀ) ਤੇਰਾ ਕੋਈ ਕਸੂਰ ਨਹੀਂ। 5. ਕਦਰ। 6. ਤੂੰ ਕਿਹੜੇ ਕਾਰਣ ਕਰਕੇ ਕਾਲੀ ਹੈਂ ? 7. ਖੂਹੀ ਸੁੰਨੀ ਹੈ ਜਿਸ ਵਿਚ ਇਸਤ੍ਰੀ ਇਕੱਲੀ ਡਿੱਗੀ ਪਈ ਹੈ। ਕੋਈ ਸੰਗੀ ਮਿੱਤਰ ਨੇੜੇ ਨਹੀਂ। [ਵਿ-ਧਣ = ਬਿਨਾਂ ਇਸਤ੍ਰੀ ਤੋਂ; ਵਿਧਣ ਖੂਹੀ = ਜਿਸ ਖੂਹੀ ਉਤੇ ਕੋਈ ਇਸਤ੍ਰੀ ਪਾਣੀ ਭਰਨ ਵਾਲੀ ਨਹੀਂ, ਅਥਵਾ ਸੁੰਨੀ ਖੂਹੀ] ਇੱਥੇ ਭਾਵ ਹੈ, ਪ੍ਰਾਣੀ ਇਸ ਉਜਾੜ ਸੰਸਾਰ ਵਿਚ ਇਕੱਲਾ ਹੈ। 8. ਜਦੋਂ ਇਸ ਹਾਲਤ ਉਪਰ ਮੁੜ ਵਿਚਾਰ ਕਰਦਾ ਹਾਂ ਤਾਂ ਮੈਨੂੰ ਆਪਣਾ ਮਿੱਤਰ ਹਰੀ ਆਪਣੇ ਨਾਲ ਲਗਦਾ ਹੈ (ਹੁਣ ਮੈਂ ਇਕੱਲ ਮਹਿਸੂਸ ਨਹੀਂ ਕਰਦਾ)। 9. ਸਾਡੀ ਸੜਕ ਬੜੀ ਉਦਾਸ ਕਰਨ ਵਾਲੀ ਹੈ। ਉਹ ਤਲਵਾਰ ਤੋਂ ਤਿੱਖੀ ਅਤੇ ਪਤਲੀ (ਤੰਗ) ਹੈ; ਉਸ ਉਤੇ ਮੇਰਾ ਰਸਤਾ ਹੈ (ਮੈਂ ਤੁਰਨਾ ਹੈ)। [ਇਥੇ ਪੁਲ ਸਰਾਤ ਵਲ ਇਸ਼ਾਰਾ ਹੈ।]

ਮੈਂ ਬਿਰਹਨ ਦੀ ਬਾਤ ਸਖੀ ਕੋਇ ਬਿਰਹਨ ਹੋਇ ਤਾਂ ਜਾਣੇ!
ਨੈਣ-ਵਿਛੋੜਾ ਜਾਣਦੀ, ਮੈਨੂੰ ਬਿਰਹੇ ਕੀਤੀ ਘਾਤ!

ਇਸ ਤਨ ਬਿਰਹਾ ਏਕੂੰ ਲਗਿਆ ਜਿਉਂ ਘੁਣ ਲਗਦਾ ਕਾਠ।
ਰਾਤ ਦਿਨੇ ਮੁਝ ਖਾ ਰਿਹਾ, ਵੇਖ ਰਹੀ ਮੈਂ ਵਾਟ।

ਹਿਰਦੇ ਅਗਨੀ ਮਚ ਰਹੀ, ਅੱਖੀਆਂ ਹੋਈਆਂ ਲਾਲ।
ਅਥਰੂ ਤੇ ਅਥਰੂ ਕਿਰੇ, ਵੇਖ ਅਸਾਡਾ ਹਾਲ।

ਪ੍ਰੀਤਮ ਬਿਨ ਕਲ ਨਾ ਪਵੇ, ਤੜਪ ਤੜਪ ਕੁਰਲਾਈਂ,
ਢਹਿੰਦੀ ਫਿਰਾਂ ਨਿਸ਼ਕਤ ਹੋ; ਕਦ ਪਕੜੇ ਪੀਆ ਬਾਹੀਂ?

ਗੁਰ ਸੁਕਦੇਵ ਦਇਆ ਕਰਨ ਆਣ ਮਿਲਾਵਨ ਲਾਲ,
ਚਰਨਦਾਸ ਦੁਖ ਜਾਣ ਭਜ, ਸਦਾ ਵਸਾਂ ਪਤਿ ਨਾਲ। *—ਚਰਨਦਾਸ*



ਦਰਸ ਬਿਨ ਦੁਖਦੇ ਨੀ ਮੇਰੇ ਨੈਨ!
ਜਦ ਤੋਂ ਪ੍ਰਭੂ ਵਿਛੜੇ ਤੁਸੀਂ ਮੈਥੋਂ, ਮੈਂ ਨਹੀਂ ਪਾਇਆ ਚੈਨ।
ਸ਼ਬਦ ਸੁਣਾਂ ਤਾਂ ਸੀਨਾ ਥਰਕੇ, ਮਿਠੜੇ ਤੇਰੇ ਬੈਨ।
ਬਿਰਹਾ ਦੀ ਗੱਲ ਕਿਸ ਨੂੰ ਆਖਾਂ, ਆਰੀ ਫਿਰ ਗਈ ਐਨ।
ਪਲਕ ਨ ਚੈਨ, ਪੰਧ ਪਈ ਵੇਖਾਂ, ਹੋਈ ਛਿਮਾਸੀ ਰੈਨ।
ਮੀਰਾ ਦੇ ਪ੍ਰਭੂ ਕਦੋਂ ਮਿਲੋਗੇ, ਦੁਖ ਮੇਟਣ, ਸੁਖ ਦੈਨ? *—ਮੀਰਾ ਬਾਈ*

ਹੇ ਮੇਰੇ ਮਹਿਬੂਬ,
ਮੇਰੇ ਪਿਆਰ ਸਦੀਵੀ,
ਸੰਪੂਰਨ ਉਪਕਾਰ,
ਅਸੀਮ ਆਨੰਦ,
ਮੈਂ ਤੇਰੇ ਬਿਨ
ਇਕ ਅਤਿ ਤੀਖਣ ਇੱਛਾ
ਤੇ ਅਤਿ ਗੰਭੀਰ ਸਤਿਕਾਰ
ਦਿਲੇ ਵਿਚ ਲਈ,
ਤੈਨੂੰ ਪਾਉਣ ਲਈ ਵਿਆਕੁਲ!





ਮੈਨੂੰ ਆਪਣੇ ਲਈ ਹੋਰ ਕੁਝ ਦਰਕਾਰ ਨਾ।
ਸਗਲ ਸਿਰਜਿਤ ਰੋਸ਼ਨੀਆਂ ਤੋਂ ਉੱਪਰਲੀ
ਹੇ ਸਦੀਵਕਾਲੀ ਜੋਤਿ,
ਆਪਣੀ ਬਿਜਲੀ ਮੈਂ ਉਪਰ ਵੀ ਕੜਕਾ ਦੇ—
ਐਸੀ, ਕਿ ਦਿਲ ਦੇ ਆਰ ਪਾਰ ਨਿਕਲ ਜਾਵੇ!
ਰੂਹ ਮੇਰੀ ਨੂੰ
ਨਿਰਮਲ ਬਣਾ ਦੇ, ਸੂੱਛ ਬਣਾ ਦੇ,
ਪ੍ਰਸੰਨ ਕਰ ਦੇ, ਲਿਸ਼ਕਾ ਦੇ, ਜਿਵਾਲ ਦੇ,
ਸਗਲ ਸ਼ਕਤੀਆਂ ਉਸ ਦੀਆਂ ਉਜਾਗਰ ਕਰ ਦੇ,
ਕਿ ਮੈਂ ਆਨੰਦ ਵਿਚ ਭਰਿਆ
ਤੈਨੂੰ ਆਪਣੀਆਂ ਬਾਹਾਂ ਅੰਦਰ ਭੀਚ ਲਵਾਂ।

*—ਟਾਮਸ ਅ'ਕੈਂਪਿਸ*

ਬਿਰਹਨੇ! ਮੰਦਰ ਦੀਵਾ ਬਾਲ!
ਬੱਤੀ, ਤੇਲ ਬਿਨਾਂ ਕਰ ਜੁਗਤੀ, ਜੋਤੀ ਕੋਈ ਉਜਾਲ।
ਪ੍ਰਾਣ ਪਤੀ ਮੇਰੇ ਘਰ ਆਵਨ, ਰਚ ਪਚ ਸੇਜ ਸੰਵਾਰ।
ਸੁਖਮਨ ਸੇਜ ਪੀਆ ਮੇਰਾ ਵਸਦਾ, ਹੋ ਨਿਰਗੁਣ ਨਿਰੰਕਾਰ।
ਗਾਵਹੁ ਨੀ ਮਿਲ ਆਨੰਦ ਮੰਗਲ, ਮਿਲੇ ਯਾਰੀ ਨੂੰ ਯਾਰ।

*—ਯਾਰੀ ਸਾਹਿਬ*

ਅੱਖੀਆਂ ਵਿਚੋਂ ਨੀਂਦ ਗੁਆਚੀ,
ਕੋਇਲ ਬੋਲੀ ਬਾਗ਼ ਵਿਚ।
ਸੁਣਦੇ ਸਾਰ ਲਗੀ ਇਕ ਬਰਛੀ,
ਕੂਕੀ ਕਿਸ ਵੈਰਾਗ ਵਿਚ!
ਮੈਂ ਵਿਆਕੁਲ, ਸੁੱਧ ਬੁੱਧ ਮੇਰੀ ਉਜੜੀ,
ਸੜਾਂ ਬਿਰਹੁ ਦੀ ਆਗ ਵਿਚ।
ਜੁਗਲਪ੍ਰਿਆ ਪ੍ਰਭੂ ਸੁੱਧ ਨਹੀਂ ਲੀਤੀ,
ਕੀ ਲਿਖਿਆ ਏ ਭਾਗ ਵਿਚ? *—ਜੁਗਲਪ੍ਰਿਆ*

ਬਿਰਹਨ ਨੂੰ ਸ਼ਿੰਗਾਰ ਨ ਭਾਵੇ।
ਹੈ ਕੋਈ ਐਸਾ ? ਰਾਮ ਮਿਲਾਵੇ!
ਵਿਸਰੇ ਅੰਜਨ, ਮੰਜਨ, ਚੀਰਾ,
ਬਿਰਹੁ-ਵਿਥਾ ਦੀ ਵਿਆਪੀ ਪੀੜਾ।
ਸੋਲਾਂ ਕਰ ਥੱਕੀ ਸਿੰਗਾਰਾ,
ਹੈ ਕੋਈ ਪੀੜ ਮਿਟਾਵਣਹਾਰਾ ?
ਦੇਹ ਮੇਹ ਨਹੀਂ ਸੁੱਧ ਸਰੀਰਾ,
ਮਨ-ਚਾਤ੍ਰਿਕ ਲੋਚੇ ਇਕ ਨੀਰਾ!
ਦਾਦੂ ਉਸ ਨੇ ਜੇ ਨਹੀਂ ਆਣਾ,
ਰਾਮ ਬਿਨਾ ਮੈਂ ਮੋਈ ਸਮਾਨਾ!

—ਦਾਦੂ ਦਇਆਲ



ਜਿੰਦ ਕੜੁੱਕੀ ਦੇ ਮੂੰਹ ਆਈ।

ਇਸ਼ਕ ਤੁਸਾਡਾ ਮੈਨੂੰ ਦਿਸਦਾ
ਪਰਬਤ ਕੋਲੋਂ ਭਾਰਾ,
ਇਕ ਘੜੀ ਦੇ ਵੇਖਣ ਕਾਰਨ,
ਚੁੱਕ ਲਿਆ ਏ ਸਾਰਾ।
ਮਿਹਨਤ ਮਿਲੇ ਕਿ ਮਿਲਦੀ ਨਾਹੀਂ ?
ਡਾਢੇ ਦੀ ਅਸ਼ਨਾਈ!

ਪਾਕਾਂ ਦਾ ਹੈ ਵਹੀ ਵਸੀਲਾ,
ਮੇਰੇ (ਤੁਸੀਂ) ਆਪੇ ਹੋਵੋ।
ਜਾਗਦਿਆਂ, ਸੰਗ ਮੇਰੇ, ਜਾਗੋ,
ਸੌਵਾਂ ਨਾਲੇ ਸੌਵੋ।
ਜਿਸ ਨੇ ਤੈਂ ਸੰਗ ਪ੍ਰੀਤ ਲਗਾਈ
ਕਿਹੜੇ ਸੁਖ ਸਵਾਈ ?

ਜਗ ਵਿਚ ਰੌਸ਼ਨ ਨਾਮ ਤੁਹਾਡਾ,
ਆਸ਼ਕ ਤੋਂ ਕਿਉਂ ਨਸਦੇ ਹੋ ?
ਵੱਸੋ ਰੱਸੋ ਵਿਚ ਬਗ਼ਲ ਦੇ,
ਅਪਣਾ ਭੇਤ ਨਾ ਦੱਸਦੇ ਹੋ!
ਅੱਧਕੜੇ ਵਿਚਕਾਰੋਂ ਫੜ ਕੇ
ਮੈਂ ਉਲਟੀ ਲਟਕਾਈ।
ਜਿੰਦ ਕੜੁੱਕੀ ਦੇ ਮੂੰਹ ਆਈ। —ਬੁਲ੍ਹੇ ਸ਼ਾਹ

ਰਾਤੀਂ ਨੈਣ ਰਤ-ਹੰਝੂ ਰੋਵਣ, (ਤੇ) ਡੇਹਾਂ ਗ਼ਮਜ਼ਾ ਦਾ ਹੂ।
ਪੜ੍ਹ ਤੌਹੀਦ ਵੜਿਆ ਤਨ ਅੰਦਰ, ਸੁਖ ਆਰਾਮ ਨ ਸਮਦਾ ਹੂ।
ਸਿਰ ਸੂਲੀ ਤੇ ਚਾ ਟੰਗਿਓ ਨੇ, ਏਹੋ ਰਾਜ਼ ਪਿਰਮ ਦਾ ਹੂ।
ਸਿੱਧਾ ਹੋ ਕੁਹੀਵੀਏ ਬਾਹੂ, ਕਤਰਾ ਰਹੇ ਨਾ ਗ਼ਮ ਦਾ ਹੂ।
—ਸੁਲਤਾਨ ਬਾਹੂ

ਜਿਸ ਤਨ ਲਗੇ ਸੋਈ ਤਨ ਜਾਣੇ।
ਦੂਜਾ ਕਿਹੜਾ ਮਰਮ ਪਛਾਣੇ ?
ਹੈ ਕੋਈ ਭੇਦੀ, ਭੇਦ ਬਤਾਵੇ—
ਬਿਰਹਨ ਕੀਕਣ ਦਿਵਸ ਬਿਤਾਵੇ ?
ਮਾਰਗ ਦੂਰ, ਮੁਸਾਫ਼ਿਰ ਹਾਰੇ।
ਕਿਹੜਾ ਜੋ ਭਵ ਸਾਗਰ ਤਾਰੇ ?
ਸੁੱਕਾ ਬ੍ਰਿੱਛ ਸਿੰਜੇ ਕੋਈ ਮਾਲੀ,
ਫਿਰਦੀ ਮੈਂ ਘਾਇਲ ਮਤਵਾਲੀ।
ਇਕੇ ਤਾਂ ਪਿਆਰ ਦਾ ਪੈ ਗਿਆ ਫੰਦਾ,
ਦੂਜੇ ਮੈਂ ਤੇ ਜਗਤ ਹਸੰਦਾ।
ਲਗਨ ਲਗੀ ਨੂੰ ਕਿਵ ਕੋਈ ਟਾਰੇ ?
ਕਿਹੜਾ ਦਾਰੂ ਵੈਦ ਵਿਚਾਰੇ ?
ਪਲਟੂ ਕਹੇ ਲਗਨ ਤਨ ਮੇਰੇ,
ਹੋਰ ਵੀ ਘਾਇਲ ਫਿਰਨ ਬਥੇਰੇ। —ਪਲਟੂ ਸਾਹਿਬ

ਮਾਏ ਨੀ, ਮੈਂ ਸੂਰਜ ਕਿਵੇਂ ਰੀਝਾਵਾਂ ?
ਅੰਦਰ ਮੇਰੇ ਲੁਕਿਆ ਬੈਠਾ ਖੋਲੇ ਦਾ ਪਰਛਾਵਾਂ।

ਗਿਰਦ ਉਸਾਰੀ ਕੰਧ ਕੁਆਰੀ
ਅੰਦਰ ਸੁੰਨ-ਮਸੁੰਨਾ।
ਸੁੰਨੀ ਛਪਰੀ ਅੰਦਰ ਬਹਿ ਕੇ
ਇਕ ਪਰਛਾਵਾਂ ਰੁੰਨਾ।
ਇਸ ਪਰਛਾਵੇਂ ਦਾ ਵੀ, ਮਾਏ, ਸੂਰਜ ਹੀ ਸਿਰਨਾਵਾਂ।

ਇਹ ਤਾਂ ਮੇਰਾ ਅਪਣਾ ਸੂਰਜ
ਕੰਧ ਮੇਰੀ ਦੇ ਉਹਲੇ—
ਕੋਰੀ ਠੰਢ ਕਲੇਜੇ ਮੇਰੇ
ਪਾਰੋਂ ਬੈਠਾ ਘੋਲੇ।
ਹੁਣ ਜੇ ਧੁੱਪ ਮੇਰੇ 'ਤੇ ਹੱਸੇ ਕਿਸ ਨੂੰ ਦੱਸਣ ਜਾਵਾਂ ?



ਨਾ ਘੱਟ ਫੁੱਟੇ (ਤੇ) ਨਾ ਮੱਟ ਤੁੱਟੇ,
ਨਾ ਸੁੰਨ ਵਿਚੋਂ ਜਾਵੇ;
ਛੂਣੀ ਵੀ ਨਾ ਉੱਤੋਂ ਸਰਕੇ,
ਕਿਰਨ ਮਤੇ ਘੁਰ ਆਵੇ।
ਅਪਣੀ ਹੀ ਮਿੱਟੀ ਦੇ ਆਪੇ ਅੰਨ੍ਹੇ ਦਰਦ ਹੰਢਾਵਾਂ।

ਇਕੇ ਤਾਂ ਸਾਡਾ ਪਿੰਡਾ ਤਿੜਕੇ,
ਖਖੜੀ ਖਖੜੀ ਹੋਵੇ।
ਇਕੇ ਤਾਂ ਸੂਰਜ ਅੰਬਰ ਤਜ ਕੇ
ਅੰਦਰ ਆਣ ਖਲੋਵੇ।
ਬੁੱਕਾਂ ਭਰ ਭਰ ਧੁੱਪਾਂ ਵੰਡਾਂ, ਫਿਰ ਜਿੱਧਰ ਵੀ ਜਾਵਾਂ।

*—ਜ.ਸ.ਨ.*







ਕਦ ਮਿਲਸੀ ਮੈਂ ਬਿਰਹੋਂ ਸਤਾਈ ਨੂੰ ?
ਨਾ ਖ਼ੁਦ ਆਵੇ, ਨਾ ਲਿਖ ਭੇਜੇ,
ਭੱਠ ਅਜੇਹੀ ਲਾਈ ਨੂੰ!
ਤੈਂ ਜੇਹਾ ਕੋਈ ਹੋਰ ਨ ਜਾਣਾਂ,
ਮੈਂ ਤਨ ਸੂਲ ਸਵਾਈ ਨੂੰ।
ਰਾਤ ਦਿਨੇ ਆਰਾਮ ਨ ਮੈਨੂੰ
ਖਾਵੇ ਬਿਰਹਾ ਕਸਾਈ ਨੂੰ।
ਬੁਲ੍ਹੇ ਸ਼ਾਹ ਧ੍ਰਿਗ ਜੀਵਨ ਮੇਰਾ
ਜੌ ਲਗ ਦਰਸ ਦਿਖਾਈ ਨੂੰ।

—ਬੁਲ੍ਹੇ ਸ਼ਾਹ

ਊਧੋ ਮੋਹਨ-ਮੋਹ ਨ ਜਾਂਦਾ।
ਜਦੋਂ ਜਦੋਂ ਮੈਨੂੰ ਸੁਧ ਆਏ, ਮਨ ਮੇਰਾ ਵਿਰਲਾਂਦਾ।
ਉਸ ਬਾਝੋਂ ਬਿਰਹਾ ਤਨ ਬੇਧੇ, ਪਲ ਭਰ ਚੈਨ ਨ ਆਂਦਾ।
ਕਰਾਂ ਤਾਂ ਕੀ ? ਜਾਵਾਂ ਤਾਂ ਕਿੱਧਰ ?, ਕੋਈ ਨ ਤਪਤ ਬੁਝਾਂਦਾ।
ਕਉਣ ਬਚਾਓ ਕਰੇਗਾ ਮੇਰਾ ? ਇਹ ਦੁਖ ਪਿਆ ਜਲਾਂਦਾ।
ਜਦ ਤਕ ਅਉਧ ਕੰਸ ਦੀ ਪੂਰੀ ਕਰ ਮੋਹਨ ਨਹੀਂ ਆਂਦਾ,
ਤਦ ਤਕ ਕੈਸਾ ਕਰਾਂ ਓਪਾਓ ?—ਕੋਈ ਨਹੀਂ ਬਤਲਾਂਦਾ।

—ਲਤੀਫ਼ ਹੁਸੈਨ

# ਸੇ ਅਖੜੀਆਂ ਬਿਅੰਨਿ



ਸਹ ਦੇਖੇ ਬਿਨੁ ਪ੍ਰੀਤਿ ਨ ਊਪਜੈ ਅੰਧਾ ਕਿਆ ਕਰੇਇ ॥
ਨਾਨਕ ਜਿਨਿ ਅਖੀ ਲੀਤੀਆ ਸੋਈ ਸਚਾ ਦੇਇ ॥

*— ਸਿਰੀਰਾਗ ਕੀ ਵਾਰ, ਮ. ੩ (83 : 6)*

ਅਧਿਆਤਮਕ ਸਾਧਨਾ ਦੇ ਸਾਧਕ ਆਪਣੇ ਮਨ ਤੇ ਇੰਦਰੀਆਂ ਨੂੰ ਬਾਹਰੋਂ ਮੋੜ ਕੇ ਅੰਦਰ ਲੈ ਆਉਂਦੇ ਹਨ ਜਿਵੇਂ ਕੋਈ ਤੰਦੂਆ ਆਪਣੀਆਂ ਤੰਦੜੀਆਂ ਨੂੰ ਸੁਕੇੜ ਲੈਂਦਾ ਹੈ। ਇਉਂ ਸਮਝੋ, ਜਿਵੇਂ ਕੋਈ ਦਾਇਰਾ ਆਪਣੇ ਸਾਰੇ ਪਾਸਾਰ ਨੂੰ ਸੁੰਗੇੜ ਕੇ ਕੇਂਦਰ ਵਿਚ ਇਕੱਠਿਆਂ ਕਰ ਲੈਂਦਾ ਹੋਵੇ। ਇਹ ਅਭਿਆਸ, ਅੰਤਰਮੁਖਤਾ ਦਾ ਅਭਿਆਸ ਹੈ, ਤੇ ਇਸੇ ਨਾਲ ਅੰਦਰ ਦਾ ਚਕਸ਼ੂ ਖੁਲ੍ਹਦਾ ਹੈ।

*—ਸ੍ਵਾਮੀ ਸ਼ਿਵਾਨੰਦ*





# 9

# ਸੇ ਅਖੜੀਆਂ ਬਿਅੰਨਿ

ਸਾਡੇ ਗਿਆਨ ਇੰਦਰੇ ਬੜੇ ਨਿਰਬਲ ਹਨ। ਅੱਖ ਕੇਵਲ ਵੇਖ ਹੀ ਸਕਦੀ ਹੈ, ਕੰਨ ਕੇਵਲ ਸੁਣ ਹੀ ਸਕਦੇ ਹਨ, ਤੁਚਾ ਕੇਵਲ ਸਪਰਸ਼ ਦੀ ਹੀ ਯੋਗਤਾ ਰਖਦੀ ਹੈ, ਜੇਭਾ ਕੇਵਲ ਰਸਾਂ ਦਾ ਗਿਆਨ ਹੀ ਪ੍ਰਾਪਤ ਕਰ ਸਕਦੀ ਹੈ ਤੇ ਨਾਸਕਾਂ ਦੀ ਅਪੜ ਕੇਵਲ ਸੁਗੰਧੀਆਂ ਤੀਕ ਹੈ, ਇਹਨਾਂ ਵਿਚੋਂ ਹਰਿਕ ਦੀ ਆਪਣੇ ਦਾਇਰੇ ਅੰਦਰ ਵੀ ਪਹੁੰਚ ਅੱਧੀ ਅਧੂਰੀ ਹੈ।

ਇਹ ਸਾਰੇ ਆਪੋ ਆਪਣੀ ਵਿੱਤ ਅਨੁਸਾਰ ਸਾਨੂੰ ਕੇਵਲ ਬਾਹਰ ਦੇ ਸੰਸਾਰ ਦਾ ਗਿਆਨ ਹੀ ਉਪਲਬਧ ਕਰਵਾ ਸਕਦੇ ਹਨ। ਇਉਂ ਇਹ, ਸੰਸਾਰਕ ਸਾਧਨ ਕਮਾਉਣ ਦੀਆਂ ਪ੍ਰਕਿਰਿਆਵਾਂ ਵਿਚ ਸਾਡੀ ਮਦਦ ਕਰਦੇ ਹਨ। ਇਸ ਤੋਂ ਅੱਗੇ ਨਾ ਇਹਨਾਂ ਦੀ ਪਹੁੰਚ ਹੈ ਨਾ ਕੂਤ।

ਜਦ ਇਹ ਅੱਖਾਂ, ਜੋ ਸਾਨੂੰ ਕੇਵਲ ਪਦਾਰਥਕ ਵਸਤਾਂ ਦਾ ਗਿਆਨ ਹੀ ਜੁਟਾ ਸਕਦੀਆਂ ਹਨ, ਤਾਂ ਸਾਨੂੰ ਵਾਹਿਗੁਰੂ ਤੋਂ, ਜੋ ਕੋਈ ਪਦਾਰਥਕ ਵਸਤ ਨਹੀਂ, ਕਿਵੇਂ ਜਾਣੂ ਕਰਵਾ ਸਕਦੀਆਂ ਹਨ ? ਉਸ ਦੇ ਦਰਸ਼ਨਾਂ ਲਈ ਤਾਂ ਅਵੱਸ਼ ਕੋਈ ਹੋਰ ਦ੍ਰਿਸ਼ਟੀ ਦਰਕਾਰ ਹੈ।

ਸੰਸਾਰਕ ਗਿਆਨ ਦੇ ਗ੍ਰਾਹਕ ਇਹਨਾਂ ਸਭਨਾਂ ਗਿਆਨ ਇੰਦਰਿਆਂ ਨੂੰ ਆਪਣੇ ਪਿੱਛੇ ਵਰਤਦੀ ਇਕ ਸਾਂਝੀ ਚੇਤਨਾ ਦਰਕਾਰ ਹੈ ਜਿਸ ਤੋਂ ਬਗ਼ੈਰ ਇਹ ਬੇਕਾਰ ਹੁੰਦੇ ਹਨ।

ਜਿੱਚਰ ਇਹਨਾਂ ਇੰਦਰਿਆਵੀ ਝਰੋਖਿਆਂ ਨੂੰ ਅਸੀਂ ਖੋਲ੍ਹੀ ਰਖੀਏ, ਸਾਨੂੰ ਕੇਵਲ ਪਦਾਰਥਕ ਸੰਸਾਰ ਦਾ ਕੱਚਾ ਪੱਕਾ ਗਿਆਨ ਹੀ ਪ੍ਰਾਪਤ ਹੋਂਦਾ ਹੈ; ਜਾਂ ਫਿਰ ਇਸੇ ਗਿਆਨ ਤੋਂ ਉਪਜੀ ਸਾਡੀ ਸੋਚ-ਵਿਚਾਰ। ਜੇਕਰ ਇਹਨਾਂ ਝਰੋਖਿਆਂ ਨੂੰ ਕਿਵੇਂ ਬੰਦ ਕਰ ਲਈਏ, ਤੇ ਮਨ ਦੀਆਂ ਚੰਚਲ ਬਿਰਤੀਆਂ ਨੂੰ ਵੀ ਇਕਾਗਰ ਕਰ ਪਾਈਏ ਤਾਂ ਅੰਦਰੋਂ ਉਸ ਆਦਿਮ ਚੇਤਨਾ ਦੇ ਝਲਕਾਰੇ ਵੱਜਣ ਲਗਦੇ ਹਨ ਜਿਸ ਆਸਰੇ ਅੱਖ ਵੇਖਦੀ, ਕੰਨ ਸੁਣਦੇ, ਤੇ ਦੂਜੇ ਗਿਆਨ ਇੰਦਰੇ ਵੀ ਆਪੋ ਆਪਣਾ ਚੋਗਾ ਚੁਗਦੇ ਹਨ। ਤਦ ਇਹ ਚੇਤਨਾ ਪਦਾਰਥਕ ਝਾਕਣੀ ਤੋਂ ਹੱਟ ਕੇ ਆਪਣੇ ਆਪ ਨਾਲ ਆਸ਼ਨਾ ਹੋਂਦੀ ਹੈ ਤੇ ਹੈਰਾਨ ਹੋਂਦੀ ਹੈ ਕਿ ਇਸ ਦੀ ਹੋਂਦ ਦਾ ਤਾਂ ਕੋਈ ਪਾਰਾਵਾਰ ਹੀ ਨਹੀਂ। ਇਹ ਕੇਵਲ ਅੰਦਰ ਹੀ ਨਹੀਂ, ਬਾਹਰ ਵੀ ਵਰਤਦੀ ਦਿਸਦੀ ਹੈ। ਤਦ ਅੰਦਰ ਤੇ



ਬਾਹਰ ਦਾ ਵਖੇਵਾਂ ਉਠ ਜਾਂਦਾ ਹੈ। ਇਉਂ ਦ੍ਵੈਤ ਖ਼ਤਮ ਹੋ ਜਾਂਦੀ ਹੈ ਤੇ ਹਰਥੇ ਆਤਮ ਪਾਸਾਰੇ ਦਾ ਜਲੌ ਲੱਗਾ ਦਿਸਦਾ ਹੈ।

ਗਿਆਨ ਇੰਦਰਿਆਂ ਦੀ ਪਕੜ ਤੋਂ ਮੁਕਤ ਹੋਈ ਇਹ ਚੇਤਨਾ ਸਰਬ-ਵਿਆਪੀ ਹਕੀਕਤ ਦਾ ਭਰਪੂਰ ਅਨੁਭਵ ਪ੍ਰਾਪਤ ਕਰਦੀ ਹੈ ਤੇ ਉਸ ਦੇ ਆਨੰਦ ਵਿਚ ਵਿਚਰਦੀ ਹੈ। ਇਹ ਉਹ ਦੀਦਾਰ ਹੋਂਦਾ ਹੈ ਜਿਸ ਨੂੰ ਗਿਆਨ ਇੰਦਰੇ ਪ੍ਰਾਪਤ ਨਹੀਂ ਕਰ ਸਕਦੇ। ਤਦ ਜੀਵ ਇੰਜ ਪ੍ਰਤੀਤ ਕਰਦਾ ਹੈ ਜਿਵੇਂ ਕੋਈ ਤੀਜਾ ਨੇਤਰ ਖੁਲ੍ਹ ਗਿਆ ਹੋਵੇ। ਇਸੇ ਵਲ ਸੰਕੇਤ ਕਰਦਿਆਂ ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਂਦੇ ਹਨ:

**ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥**[1]

ਭਾਵ, ਉਹ ਅੱਖਾਂ ਹੋਰ ਹਨ ਜਿਨ੍ਹਾਂ ਨਾਲ ਮੈਨੂੰ ਮੇਰਾ ਪਿਆਰਾ—ਵਾਹਿਗੁਰੂ—ਦਿਸਦਾ ਹੈ।

ਅਰਦਾਸ ਦੇ ਅਭਿਆਸੀ ਇਕ ਪੱਧਰ 'ਤੇ ਆ ਕੇ ਤੀਜੀ ਅੱਖ ਖੁੱਲ੍ਹਣ ਦੇ ਪ੍ਰਾਰਥਕ ਹੋ ਜਾਂਦੇ ਹਨ।

> ਜਦੋਂ ਅਸੀਂ ਆਪ ਦ੍ਰਿਸ਼ਟੀ ਬਣ ਜਾਂਦੇ ਹਾਂ ਤਾਂ ਸਾਡੇ 'ਲਾੜੇ' ਦੀ ਸਦੀਵਕਾਲੀ ਆਮਦ ਦੀ ਖ਼ੁਸ਼ੀ ਸਾਡੇ ਧਿਆਨ ਵਿਚ ਓਤ ਪੋਤ ਵੱਸ ਜਾਂਦੀ ਹੈ।
>
> *—ਰਾਈਜ਼ਬ੍ਰੋਇਕ*

> ਖ਼ਮੋਸ਼ੀ ਦੀ ਇਸ ਅੰਦਰਲੀ ਮੌਨ ਅਰਦਾਸ ਵਿਚ ਇਕ ਸ਼ਾਂਤੀ ਵਰਤਦੀ ਹੈ, ਜਿਸ ਅੰਦਰ ਆਤਮਾ ਸਥਿਤ ਹੋ ਜਾਂਦੀ ਹੈ, ਜਾਂ ਸ਼ਾਇਦ ਰੱਬ ਉਥੇ ਉਸ ਨੂੰ ਸਥਿਤ ਕਰ ਦੇਂਦਾ ਹੈ।..... ਤਦ ਸਮਸਤ ਸ਼ਕਤੀਆਂ ਸਕਤੇ ਵਿਚ ਹੁੰਦੀਆਂ ਹਨ। ਗਿਆਨ ਇੰਦਰਿਆਂ ਨੂੰ ਤਿਆਗ ਕੇ ਹੀ ਆਤਮਾ ਰੱਬ ਦੀ ਸਮੀਪਤਾ ਦੀ ਧਿਆਨਵਾਨ ਹੋਂਦੀ ਹੈ।
>
> *—ਸੇਂਟ ਤੇਰੀਜ਼ਾ*

> ਰੱਬ ਦਾ ਕੀ ਪਾਉਣਾ ?—
> ਇਧਰੋਂ ਪੁੱਟਣਾ, ਓਧਰ ਲਾਉਣਾ।
>
> *—ਜਲ੍ਹਣ*

• •

1. ਮਾਰੂ ਵਾਰ ਮ: ੫ ਡਖਣੇ (1100 : 1)



ਜਾ ਮੂ ਪਸੀ ਹਠ ਮੈ ਪਿਰੀ ਮਹਿਜੈ ਨਾਲਿ ॥
ਹਭੇ ਡੁਖ ਉਲਾਹਿਅਮੁ ਨਾਨਕ ਨਦਰਿ ਨਿਹਾਲਿ ॥

.....

ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ ॥
ਸੋਈ ਸੁਹਾਵਾ ਥਾਨੁ ਜਿਥੈ ਪਿਰੀਏ ਨਾਨਕ ਜੀ ਤੂ ਵੁਠਿਆ ॥

.....

ਲੋੜੀਦੋ ਹਭ ਜਾਇ ਸੋ ਮੀਰਾ ਮੀਰੰਨ ਸਿਰਿ ॥
ਹਠ ਮੰਝਾਹੂ ਸੋ ਧਣੀ ਚਉਦੋ ਮੁਖਿ ਅਲਾਇ ॥

.....

ਜਾਣੂ ਵਸੰਦੋ ਮੰਝਿ ਪਛਾਣੂ ਕੋ ਹੇਕੜੋ ॥
ਤੈ ਤਨਿ ਪੜਦਾ ਨਾਹਿ ਨਾਨਕ ਜੈ ਗੁਰੁ ਭੇਟਿਆ ॥

.....

ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥
ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥

*—ਮਾਰੂ ਵਾਰ ਮ: ੫ ਡਖਣੇ (1095, 1096, 1098, 1099)*

ਜੇ ਮੈਂ ਹਿਰਦੇ ਵਿਚ ਵੇਖਿਆ ਤਾਂ ਮੇਰੇ ਨਾਲ ਹੀ ਪਤੀ ਦਿਸ ਪਿਆ। (ਇਉਂ) ਮੈਂ ਸਾਰੇ ਦੁਖ ਲਾਹ (ਭਾਵ ਗੁਆ) ਲਏ ਤੇ (ਉਸਨੇ ਆਪਣੀ) ਨਦਰ ਨਾਲ ਮੈਨੂੰ ਨਿਹਾਲ ਕਰ ਦਿੱਤਾ।

..... .....

ਮੈਨੂੰ (ਮੇਰਾ) ਗੁਝਾ ਲਾਲ (=ਪਿਆਰਾ) ਪ੍ਰਾਪਤ ਹੋ ਗਿਆ। (ਉਹ ਜਿਵੇਂ ਕਿਤੋਂ) ਉਤੋਂ ਹੀ ਪਰਗਟ ਹੋ ਪਿਆ। ਥਾਨ ਓਹੋ ਸੁਹਾਵਾ (ਜਾਣੀਏ) ਜਿੱਥੇ, ਹੇ ਮੇਰੇ ਪ੍ਰੀਤਮ, ਤੂੰ ਵੱਸਦਾ ਹੈਂ।

..... .....

ਮੈਂ ਹਰਥੇ ਢੂੰਢਦਾ (ਫਿਰਦਾ) ਹਾਂ ਉਸ ਸ਼ਾਹਾਂ ਦੇ ਸ਼ਾਹ ਨੂੰ; ਤੇ ਉਹ (ਮੇਰੇ) ਅੰਦਰ ਹਿਰਦੇ ਵਿਚ ਹੀ ਹੈ ਤੇ ਮੂੰਹ ਖੋਲ੍ਹ ਕੇ ਬੋਲ ਰਿਹਾ ਹੈ (ਭਾਵ ਅੰਦਰੋਂ ਵਾਜਾਂ ਮਾਰ ਰਿਹਾ ਹੈ)।

..... .....

ਜਾਣਨਹਾਰ (ਪ੍ਰਭੂ) ਅੰਦਰ ਵੱਸਦਾ ਹੈ, ਪਰ ਕੋਈ ਇਕ-ਅੱਧ (ਭਾਵ, ਵਿਰਲਾ) ਹੀ ਉਸ ਨੂੰ ਪਛਾਣਦਾ ਹੈ। ਜੋ ਗੁਰੂ ਨੂੰ ਮਿਲਦੇ ਹਨ, ਉਹਨਾਂ ਦੇ ਸਰੀਰ ਵਿਚ ਕੋਈ ਵਿੱਥ (ਦੂਰੀ) ਨਹੀਂ ਰਹਿੰਦੀ।

..... .....

ਅੱਖਾਂ ਨਾਲ ਹਰੀ ਦੀ ਜੋਤਿ (ਸਾਰੇ ਪਾਸੇ) ਵੇਖੀ ਹੈ ਤੇ (ਹੁਣ ਇਕ) ਭਾਰੀ ਪਿਆਸ ਉਸਦੀ ਲੱਗ ਗਈ ਹੈ। (ਐਪਰ) ਉਹ ਅੱਖਾਂ ਹੋਰ ਹੀ ਹੁੰਦੀਆਂ ਹਨ, ਜਿਨ੍ਹਾਂ ਨਾਲ ਮੇਰਾ ਪਿਆਰਾ ਦਿੱਸਦਾ ਹੈ।

• •

ਗੁਲ ਕਰ ਦੇ ਉਹ ਨਜ਼ਰ ਮੇਰੀ ਜੋ ਵੇਖੇ ਰੂਪ ਵਿਡਾਣਾ,
ਤੇ ਰੁਸ਼ਨਾ ਦੇ ਉਹ ਅਖੜੀ ਜਿਨ ਦਿੱਸੇ ਸੱਚ ਸੁਹਾਣਾ।

*—ਸੋਰੈਨ ਕਿਰਕੇਗਾਰਦ*

ਹੇ ਗੁਣਸਾਗਰ ਇਕ ਝਲਕਾਰਾ ਆਪਨੜਾ ਦਿਖਲਾ ਦੇ,
ਅਨੁਭਵ ਮੈਨੂੰ ਇਓਂ ਮੇਰੀ ਨਿਰਗੁਣਤਾ ਦਾ ਕਰਵਾ ਦੇ।

*—ਮਿਸਰ ਦੇਸ ਦੀ ਇਕ ਅਰਦਾਸ*

ਜਿਹੜੇ ਇੰਦਰੀਆਂ ਨਿਯਮਾ ਕੇ,
ਵੇਖਣ ਸਾਰੇ ਭੇਦ ਮਿਟਾ ਕੇ,
ਸਭ ਦਾ ਹਿੱਤ ਮਨ ਵਿਚ ਵਸਾਵਣ,
ਸੋ ਮੈਨੂੰ ਪ੍ਰਾਪਤ ਹੋਇ ਜਾਵਣ।

*—ਭਗਵਦ ਗੀਤਾ 12 : 4*

ਨੈਣ ਮੂੰਦ ਕੇ ਡਿੱਠਾ ਅੰਦਰ
ਨਾ ਚੰਨ-ਸੂਰਜ, ਨਾ ਦਿਨ-ਰਾਤ।
ਬਿਨਾ ਤੇਲ ਬਿਨ ਬੱਤੀ ਰੋਸ਼ਨ
ਜਿਸ ਚਾਨਣ ਤੋਂ ਸਭੇ ਸਿਫ਼ਾਤ।
ਗ਼ੋਤਾ ਮਾਰ ਵੇਖਿਆ ਓਥੇ
ਨਾ ਕੋ ਸੰਗ ਉਥਾਈਂ ਨ ਸਾਥ।
ਯਾਰੀ ਬਾਤ ਇਹੋ ਤਹਿਕੀਕੀ
ਕਾਲ ਵਿਡਾਰੇ ਸਭ ਦੀ ਜਾਤ।

*—ਯਾਰੀ ਸਾਹਿਬ*

ਸਜਨਾ, ਐਸੀ ਜਾਚ ਸਿਖਾ ਦੇ
ਜਦ ਵੀ ਸੀਸ ਝੁਕਾਵਾਂ,
ਵਸਤਾਂ ਥਾਣੀਂ ਝੀਥ ਬਣਾ ਕੇ
ਦਰਸ਼ਨ ਤੇਰਾ ਪਾਵਾਂ।

*—ਨਿਊ ਗਿਨੀ ਤੋਂ ਇਕ ਅਰਦਾਸ*

ਸਜਨਾ ਜੀ, ਤੁਧ ਨਾਲ ਅਲਾਈਂ
ਨਾ ਮੁਖ ਤੋਂ, ਨਾ ਬੁਲ੍ਹਾਂ ਤੋਂ।
ਨਾ ਸੋਚਾਂ ਤੋਂ, ਨਾ ਸਮਝਾਂ ਤੋਂ
ਨਾ ਚਿੰਤਨ ਦੀਆਂ ਖੁਲ੍ਹਾਂ ਤੋਂ।
ਤੈਨੂੰ ਤਾਂ ਜੋ ਕੁਝ ਵੀ ਆਖਾਂ,
ਆਖਾਂ ਅਪਣੇ ਹਿਰਦੇ ਤੋਂ;
ਵੇਖਾਂ ਤੈਨੂੰ ਅਪਣੇ ਅੰਦਰ
ਵੱਖ ਹੋ ਕੇ ਚੌਗਿਰਦੇ ਤੋਂ।

*—ਬੋਇਹਮ*

ਇਸ ਅੱਖੜੀ ਦੇ ਨਾਲ ਨ ਮਾਹੀ ਦਿਸਦਾ।
ਇਹ ਅੱਖੜੀ ਤਾਂ ਕੱਚ ਵਿਹਾਜੇ, ਸੱਚ ਨ ਵੱਖਰ ਇਸਦਾ!

ਅੱਖੀਆਂ ਨੂਟ ਲਵਾਂ, ਜਗ ਬਿਨਸੇ,
ਨੀਅਤ ਉਧਰੇ ਜਾਵੇ।
ਮਨ, ਅੰਦਰੇ ਸੰਸਾਰ ਉਗਾ ਕੇ
ਨਵੇਂ ਭੁਲੇਖੇ ਪਾਵੇ।
ਕਿਉਂ ਨ ਇਨ ਵੀ ਪਰੇ ਬੁਹਾਰਾਂ ਕਿਤੇ ਮੁਕਾਮ ਨ ਜਿਸਦਾ?

ਸੋਚ-ਵਿਚਾਰਾਂ ਉੱਪਰ ਅਪਣੀ
ਫੇਰੀ ਜਦੋਂ ਬੁਹਾਰੀ;
ਜਗ ਪਈ ਉਜਲੀ ਕੋਈ ਚੇਤਨਾ
ਭੰਨ ਕੇ ਬੰਨੇ ਬਾਰੀ।
ਅੰਦਰ ਬਾਹਰ ਇੱਕੋ ਸਾਗਰ, ਸਾਹਿਲ ਸਿਰਾ ਨ ਜਿਸਦਾ!

ਸਜਨਾ! ਤੁਧ ਮਿਹਰਾਮਤ ਸਦਕੇ
ਅੰਦਰੋਂ ਨੇਤਰ ਖੁਲ੍ਹਿਆ
ਫਿਰ ਜੋ ਦਰਸ਼ਨ ਉਸ ਨੂੰ ਮਿਲਿਆ,
ਅਜੇ ਤੀਕ ਨਾ ਭੁਲਿਆ।
ਜਿੰਦੜੀ ਮੁੜ ਓਹਾ ਰੱਸ ਜਾਚੇ ਜੋ ਰੱਸ ਤੈਥੋਂ ਰਿਸਦਾ।

*—ਜ.ਸ.ਨ.*

ਪੁੱਟ ਦੇ ਮੇਰੇ ਹਿਰਦੇ ਵਿਚੋਂ
ਘਾਹ-ਬਰੂਟ, ਕੱਖ-ਕਾਨਾ;
ਤੇ ਇਸ ਧਰਤੀ ਵਿਚ ਬੀਜ ਦੇ
ਅਪਣਾ ਨਾਮ ਸੁਹਾਣਾ।

*—ਮੈਕਸੀਕੋ ਦੇ ਇਕ ਵਾਹਕ ਦੀ ਅਰਦਾਸ*

ਤਨ ਮਨ ਯਾਰ ਮੈਂ ਸ਼ਹਿਰ ਬਣਾਇਆ ਦਿਲ ਵਿਚ ਖ਼ਾਸ ਮਹੱਲਾ ਹੂ।
ਆਣ ਅਲਫ਼ ਉਸ ਅੰਦਰ ਵਸਿਆ ਮੇਰੀ ਹੋਈ ਖ਼ੂਬ ਤਸੱਲਾ ਹੂ।
ਸਭ ਕੁਝ ਮੈਨੂੰ ਪਿਆ ਸੁਣੀਵੇ, ਜੋ ਬੋਲੇ ਮਾ ਸੋ ਅੱਲਾ ਹੂ।
ਦਰਦਮੰਦਾਂ ਇਹ ਰਮਜ਼ ਪਛਾਤੀ, ਬਾਹੂ, ਬੇਦਰਦਾਂ ਸਿਰ ਖੱਲਾ ਹੂ।

*—ਸੁਲਤਾਨ ਬਾਹੂ*

ਪਲਟੂ ਸੰਸੇ ਛੁਟ ਗਏ ਮਿਲਿਆ ਪੂਰਾ ਯਾਰ।
ਮਗਨ ਰਹਾਂ ਹੁਣ ਧਿਆਨ ਵਿਚ ਭੱਠ ਪਵੇ ਸੰਸਾਰ।

*—ਪਲਟੂ ਸਾਹਿਬ*

ਜੀਵਨ ਬਿਰਖੇ ਤੋਂ ਤੂੰ ਮਿਤ੍ਰਾ
ਫਲ ਭੁੰਚੀਂ ਜ਼ਿੰਦਗਾਨੀ।
ਏਸੇ ਦੀ ਤਾਂ ਸ਼ਕਤੀ ਤੈਂ ਵਿਚ
ਕਰਤੇ ਨੇ ਪ੍ਰਗਟਾਣੀ।

ਤੈਨੂੰ ਪਤਾ, ਕਿ ਤੇਰਾ ਸੱਚ-ਆਹਾਰ
ਕਿਥਾਊਂ ਆਵੇ ?
ਉਸ 'ਚੋਂ ਰੱਸ ਕਿਵੇਹਾ ਉਪਜੇ
ਜੋ ਤੁਧ ਰੂਹੋਂ ਭਾਵੇ ?
ਉਸ ਰੱਚ ਰਹੀਂ ਜੋ ਅੱਖ ਤੇਰੀ
ਤੀਜੀ ਨੂੰ ਏਕਨ ਭਾਇਆ—
ਏਸੇ ਅੰਦਰ ਜਾਣ ਕਿ ਮਿਤ੍ਰਾ
ਸਗਲ ਬਿਬੇਕ ਸਮਾਇਆ।

*—ਆਈਜ਼ਕ ਪੈਨਿੰਗਟਨ*



ਨਾ ਮੱਕੇ-ਮਦੀਨੇ, ਨ ਮਗਹਰ ਨ ਕਾਸ਼ੀ,
ਨਾ ਪਰਬਤ ਸਿਖ਼ਰ ਤੇ ਨ ਸਤਵੇਂ ਅਕਾਸ਼ੀਂ;
ਨਾ ਗਿਰਜੇ, ਸਤੂਪੇ, ਨ ਮਸਜਿਦ ਨ ਮੰਦਰ।
ਖੜਾ ਰੱਬ ਲਾਗੇ—ਨਿਗਾਹਾਂ ਦੇ ਅੰਦਰ,
ਜਲਾਲ ਉਸ ਦਾ ਕਣ ਕਣ 'ਚ—ਵੇਖੋ ਤਾਂ ਜਾਣੋ।
ਬਿਨਾ ਅੱਖ ਤੀਜੀ ਦੇ ਕੀਕਣ ਪਛਾਣੋ ?



*—ਸ਼ਿਵਾਨੀ ਬਸੂ*

ਕਰਾਂ ਸਲਾਮ ਜਿਗਰ ਦਾ ਲਹੂ ਲੁਟਾ ਕੇ,
ਉਸ ਨੂੰ, ਜਿਨ ਮੈਂ ਅੰਦਰ ਪਿਆਰ ਜਗਾਇਆ।
ਮੇਰੇ ਹਰ ਦੁਖ ਦਰਦ ਨੂੰ ਜਿਸ ਨੇ ਆਪੇ
ਚੜ੍ਹੇ ਪਿਆਰ ਦੀ ਕਾਂਗ 'ਚ ਆਣ ਰੁੜ੍ਹਾਇਆ।
ਮੇਰੇ ਤਨ ਵਿਚ ਕਾਂਬੇ ਓਨ ਜਗਾਏ,
ਝਰਨ ਝਰਨ ਝਰਨਾਈ ਸਗਲੀ ਕਾਇਆ।
ਪਲਕ ਝਲਕ ਵਿਚ ਤਤ ਛਿਨ ਹੋ ਗਿਆ ਜ਼ਾਹਰ,
ਜਿਨ ਬਿਨ ਪਰਦੇ ਅਪਣਾ ਆਪ ਲੁਕਾਇਆ।
ਕੀਕਣ ਦੂਰ ਕਹਾਂ, ਕਿਵ ਆਖਾਂ ਨੇੜੇ,
ਜਦ ਉਹ ਮੇਰੇ ਸ੍ਵਾਸਾਂ ਵਿਚ ਸਮਾਇਆ।





ਮੇਰੀ ਨਾੜ ਨਾੜ ਵਿਚ ਧੜਕਣ ਉਸ ਦੀ,
ਮੇਰੇ ਅੰਗ ਅੰਗ ਵਿਚ ਉਸ ਦੀ ਛਾਇਆ।
ਮੇਰੇ ਬੋਲ ਬੋਲ ਵਿਚ ਬਰਕਤ ਉਸਦੀ,
ਮੇਰੀ ਹਰ ਸੋਚਾ ਨੂੰ ਉਸ ਵਰੁਸਾਇਆ।
ਮੇਰੇ ਮਨ ਭਾਵਾਂ ਵਿਚ ਨਿੱਘ ਉਸੇ ਦਾ,
ਮੇਰੇ ਬੁਲ੍ਹਾਂ ਥਾਣੀ ਉਹ ਮੁਸਕਾਇਆ।
ਮੇਰੇ ਮਸਤਕ ਵਿਚੋਂ ਜਗ ਪਿਆ ਆਪੇ,
ਤਾਂ ਵੀ ਅੱਖ ਮੇਰੀ ਨੂੰ ਨਜ਼ਰ ਨ ਆਇਆ।

*—ਇਕ ਡੱਚ ਪ੍ਰਾਰਥਨਾ 'ਤੇ ਆਧਾਰਿਤ*



# ਸ਼ੁਕਰਾਨਾ

ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ॥ ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ॥
ਹਉ ਹਰਿ ਕੈ ਸਦ ਬਲਿਹਾਰਣੈ ਜਿਤੁ ਸੇਵਿਐ ਸੁਖੁ ਪਾਇ॥ ਨਾਨਕ ਗੁਰਮੁਖਿ ਮਿਲਿ ਰਹੈ ਹਉਮੈ ਸਬਦਿ ਜਲਾਇ॥

*— ਵਾਰ ਸੋਰਠਿ, ਮ: ੩ (653:15)*

ਆਪਣੇ ਮਨ ਵਿਚ ਦਾਤਾਰ ਪ੍ਰਭੂ ਵਾਸਤੇ
ਸ਼ੁਕਰਾਨੇ ਦਾ ਭਾਵ ਲਿਆਉਣਾ ਹੀ
ਆਪਣੇ ਆਪ ਵਿਚ ਇਕ
ਅਰਦਾਸ ਹੈ।

—*ਲੈਸਿੰਗ*





# 10

# ਸ਼ੁਕਰਾਨਾ

ਅਰਦਾਸ ਕੇਵਲ ਦਾਤਾਂ ਮੰਗਣ ਦੀ ਪ੍ਰਕਿਰਿਆ ਨਹੀਂ। ਦਾਤਾਂ ਤਾਂ ਉਹ ਮਿਹਰਬਾਨ ਦਾਤਾਰ ਸਾਡੇ ਮੰਗਣੋਂ ਅਗੇਤ ਹੀ ਦੇਈ ਜਾਂਦਾ ਹੈ। ਅਰਦਾਸ ਤਾਂ ਉਸ ਪ੍ਰਤੀ ਆਪਣਾ ਭਰੋਸਾ ਪ੍ਰਗਟਾਉਣ ਦੀ ਪ੍ਰਕਿਰਿਆ ਹੈ; ਤੇ ਭਰੋਸੇ ਦੇ ਅਜਿਹੇ ਪ੍ਰਗਟਾਵੇ ਲਈ ਸਭ ਤੋਂ ਪਹਿਲਾਂ ਆਪਣੇ ਅੰਦਰ ਆਰਾਧਨਾ ਦਾ ਵਾਤਾਵਰਣ ਤਿਆਰ ਕਰਨਾ ਦਰਕਾਰ ਹੁੰਦਾ ਹੈ। ਆਰਾਧਨਾ ਵਿਚ ਜੁੜਿਆ ਮਨ ਹੀ ਅਰਦਾਸ ਕਰ ਸਕਦਾ ਹੈ।

ਅਰਦਾਸ ਦਾ ਕੋਈ ਪੱਕਾ ਵਿਧਾਨ ਨਾ ਹੈ ਨਾ ਹੋ ਹੀ ਸਕਦਾ ਹੈ। ਪਰ ਅਰਦਾਸ ਦੇ ਅਭਿਆਸੀਏ ਜਾਣਦੇ ਹਨ ਕਿ ਮੰਗਤਪੁਣੇ ਤੋਂ ਉਪਰ ਉਠੀਏ ਤਾਂ ਅਰਦਾਸ ਦਾ ਪਹਿਲਾ ਪ੍ਰਭਾਵਸ਼ਾਲੀ ਪੜਾ—ਸ਼ੁਕਰਾਨੇ ਦਾ ਪੜਾ ਹੀ ਹੁੰਦਾ ਹੈ।

ਇਕ ਸੰਤ ਜੀ ਮਹਾਰਾਜ ਕਹਿੰਦੇ ਹੋਂਦੇ ਸਨ, "ਜੇਕਰ ਅਸੀਂ ਹਰ ਰਾਤ ਸੌਣ ਤੋਂ ਪਹਿਲਾਂ ਦਿਨ ਭਰ ਵਿਚ ਪ੍ਰਾਪਤ ਹੋਈਆਂ ਦਾਤਾਂ ਤੇ ਰਹਿਮਤਾਂ ਦਾ ਹਿਸਾਬ ਹੀ ਕਰ ਲਿਆ ਕਰੀਏ ਤਾਂ ਸਹਿਵਨ ਹੀ ਸ਼ੁਕਰਾਨੇ ਦੀ ਅਰਦਾਸ ਵਿਚ ਜੁੜ ਜਾਇਆ ਕਰਾਂਗੇ।" ਪਰ ਅਸੀਂ ਸ਼ੁਕਰਾਨੇ ਵਿਚ ਕਦੋਂ ਜੁੜਦੇ ਹਾਂ; ਅਸੀਂ ਤਾਂ:

**ਦਸ ਬਸਤੂ ਲੇ ਪਾਛੈ ਪਾਵੈ ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥**[1]

ਵਾਲੀ ਗੱਲ ਕਰਦੇ ਹਾਂ। ਇਕ ਮਨੋਵਿਗਿਆਨੀ ਕਾਗ਼ਜ਼ ਦਾ ਇਕ ਵੱਡਾ ਸਾਰਾ ਸਫ਼ੈਦ ਪੱਤਰਾ ਲੈ ਕੇ ਲੋਕਾਂ ਨੂੰ ਵਿਖਾਉਂਦਾ ਹੁੰਦਾ ਸੀ, ਜਿਸ ਉਪਰ ਇਕ ਕਾਲਾ ਧੱਬਾ ਲੱਗਾ ਹੋਂਦਾ ਸੀ। ਉਹ ਵਿਖਾਲ ਕੇ ਫਿਰ ਲੋਕਾਂ ਨੂੰ ਪੁੱਛਦਾ ਹੋਂਦਾ ਸੀ, ਤੁਹਾਨੂੰ ਕੀ ਨਜ਼ਰ ਆਇਆ ਹੈ ?" ਹਰ ਕੋਈ ਇਹੋ ਕਿਹਾ ਕਰਦਾ ਸੀ, "ਇਕ ਕਾਲਾ ਧੱਬਾ !" ਕੋਈ ਨਹੀਂ ਸੀ ਆਖਦਾ, "ਇਕ ਵੱਡਾ ਸਾਰਾ ਕਾਗ਼ਜ਼"। ਸਾਡਾ ਵੀ ਇਹੋ ਜਿਹਾ ਹੀ ਹਾਲ ਹੈ। ਸਾਡੀ ਕ੍ਰਿਤਘਣਤਾ ਵੀ ਸਾਨੂੰ ਦਾਤਾਰ ਦੀਆਂ ਦਾਤਾਂ ਦਾ

1. ਗਉੜੀ ਸੁਖਮਨੀ ਮ: ੫ (268 : 6)



ਬੇਅੰਤ ਵੱਡਾ ਕਾਗ਼ਜ਼ ਨਹੀਂ ਵੇਖਣ ਦੇਂਦੀ। ਜੋ ਕੋਈ ਇਕ ਅੱਧ ਲੋੜ ਜੋ ਅਜੇ ਪੂਰੀ ਨਹੀਂ ਹੋਈ (ਜਾਂ ਹੋਣੀ ਨਹੀਂ ਚਾਹੀਦੀ), ਉਹੀ ਇਕ ਧੱਬੇ ਵਾਕਰ ਸਾਨੂੰ ਦਿਖਾਈ ਦੇਂਦੀ ਰਹਿੰਦੀ ਹੈ।

ਸ਼ੁਕਰਾਨੇ ਦੇ ਅਰਦਾਸੀਏ ਤਾਂ ਹਰ ਪ੍ਰਾਪਤੀ ਲਈ ਕ੍ਰਿਤਗਤਾ ਪਰਗਟ ਕਰਦੇ ਰਹਿੰਦੇ ਹਨ : 'ਹੇ ਦਾਤਾਰ, ਤੇਰੀ ਘੱਲੀ ਬਰਖਾ ਲਈ ਤੇਰਾ ਧੰਨਵਾਦ ਹੈ; ਏਡਾ ਸੁਹਿਰਦ ਪਰਾਹੁਣਾ ਸਾਡੇ ਘਰ ਘੱਲਣ ਲਈ ਤੁਹਾਡਾ ਸ਼ੁਕਰੀਆ; ਘਿਰ ਕੇ ਆਈ ਇਸ ਬਿਪਤਾ ਨੂੰ ਇਉਂ ਟਾਲ ਦੇਣ ਲਈ ਆਪ ਦੀ ਸ਼ੁਕਰਗੁਜ਼ਾਰੀ ਹੈ; ਸਿਮਰਨ ਵਿਚ ਮਨ ਦੇ ਜੁੜਨ ਦੀ ਉਚੇਚੀ ਮਿਹਰਾਮਤ ਲਈ ਆਪ ਦਾ ਆਭਾਰੀ ਹਾਂ।' ਜਿਤਨੇ ਵੇਰਵੇ ਨਾਲ ਦਾਤਾਂ ਤੇ ਰਹਿਮਤਾਂ ਗਿਣਾਂਗੇ, ਉਤਨੇ ਭਰਪੂਰ ਵਿਸ਼ਵਾਸ ਨਾਲ ਸ਼ੁਕਰਾਨੇ ਵਿਚ ਜੁੜਨ ਜੋਗੇ ਹੋਵਾਂਗੇ।

..... .....

ਸ਼ੁਕਰਾਨੇ ਨਾਲ ਮੇਲ ਖਾਂਦੇ ਭਾਵ ਸਿਫ਼ਤ-ਸਲਾਹ ਦੇ ਭਾਵ ਹਨ। ਡੂੰਘੀ ਨਦਰ ਵਾਲੇ ਕੇਵਲ ਆਪ ਹੀ ਵਾਹਿਗੁਰੂ ਦੇ ਗੁਣ ਨਹੀਂ ਗਾਉਂਦੇ, ਉਹਨਾਂ ਨੂੰ ਤਾਂ ਸਾਰੀ ਕਾਇਨਾਤ ਉਸ ਦੇ ਗੁਣ ਗਾਇਨ ਕਰਦੀ ਪ੍ਰਤੀਤ ਹੁੰਦੀ ਹੈ। ਉਹ ਤਾਂ ਬੱਸ ਆਪਣਾ ਲਘੂ, ਪਰ ਸੁਹਿਰਦ, ਸੁਰ ਹੀ ਉਸ ਵਿਚ ਜੋੜਨਾ ਲੋਚਦੇ ਹਨ। ਹਰਥੇ ਉਹ ਕਰਤਾਰ ਦੀਆਂ ਸ਼ਹਿਨਾਈਆਂ ਵਜਦੀਆਂ ਸੁਣਦੇ ਹਨ। ਸਾਰੀ ਕੁਦਰਤ ਉਹਨਾਂ ਨੂੰ ਅਕਾਲ ਪੁਰਖ ਦੀ ਆਰਤੀ ਕਰਦੀ ਪ੍ਰਤੀਤ ਹੁੰਦੀ ਹੈ।[1] ਹਰਥੇ ਉਸ ਦਾ ਜਸ਼ਨ ਹੋ ਰਿਹਾ ਹੈ। ਸਾਰਾ ਬ੍ਰਹਿਮੰਡ ਉਸ ਦੀਆਂ ਸਿਫ਼ਤਾਂ ਗਾਉਂਦਾ ਜਾਪਦਾ ਹੈ।[2]

ਅਰਦਾਸ ਦੇ ਅਭਿਆਸੀਏ ਜਦ ਦਾਤਾਂ ਤੋਂ ਉਪਰ ਉਠ ਕੇ ਦਾਤਾਰ ਤਾਈਂ ਅਪੜਦੇ ਹਨ ਤੇ ਉਸ ਦੇ ਸ਼ੁਕਰਾਨੇ ਵਿਚ ਭਿੱਜਦੇ ਹਨ, ਤਾਂ ਦਾਤਾਰ ਆਪਣੇ ਅਨੇਕਾਂ ਉਪਕਾਰ ਤੇ ਫਿਰ ਆਪਣੇ ਅਨੇਕਾਂ ਗੁਣ ਉਹਨਾਂ ਉਪਰ ਪਰਗਟ ਕਰਦਾ ਹੈ : ਆਪਣਾ ਕਰਮ ਵੀ, ਰਹਿਮਤ ਵੀ, ਹੁਕਮ ਵੀ, ਨਿਆਂ ਵੀ, ਬਖ਼ਸ਼ਿਸ਼ ਵੀ.....ਆਪਣੀ ਸਿਆਣਪ ਵੀ, ਸੁੰਦਰਤਾ ਵੀ, ਸਦੀਵਤਾ ਵੀ, ਅਕਾਲਤਾ ਵੀ, ਅਸੀਮਤਾ ਵੀ, ਅਪਾਰਤਾ ਵੀ, ਅਗੰਮਤਾ ਵੀ.....ਅਰੂਪਤਾ ਵੀ, ਨਿਰੰਕਾਰਤਾ ਵੀ, ਸਮੀਪਤਾ ਵੀ, ਸਰਬ ਵਿਆਪਕਤਾ ਵੀ.....ਤੇ ਹੋਰ ਵੀ ਕਿਤਨਾ ਕੁਝ ਉਹਨਾਂ ਉਪਰ ਪਰਗਟ ਕਰੀ ਜਾਂਦਾ ਹੈ ਤੇ ਉਹ ਵਿਸਮਾਦ ਵਿਚ ਆਏ 'ਬੇਅੰਤ ! ਬੇਅੰਤ !' ਕਹੀ ਤੁਰੀ ਜਾਂਦੇ ਹਨ।

ਆਓ, ਉਸ ਬੇਅੰਤ ਦੇ ਗੁਣ-ਗਾਇਕਾਂ ਦੀ ਅਸੀਂ ਵੀ ਸੰਗਤ ਕਰੀਏ।

---

1. ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥
ਕੈਸੀ ਆਰਤੀ ਹੋਇ॥ ਭਵਖੰਡਨਾ ਤੇਰੀ ਆਰਤੀ॥ ਅਨਹਤਾ ਸਬਦ ਵਾਜੰਤ ਭੇਰੀ॥੧॥ਰਹਾਉ॥
*—ਧਨਾਸਰੀ ਮ: ੧ (13 : 1)*

2. ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ॥ *—ਸੋ ਦੁਰ ਰਾਗੁ ਆਸਾ ਮ: ੧ (9 : 4)*

ਸ਼ੁਕਰਾਨਾ ਕੇਵਲ ਰੱਬ ਦੀਆਂ ਦਾਤਾਂ ਨੂੰ ਯਾਦ ਕਰਨਾ ਹੀ ਨਹੀਂ, ਸਗੋਂ ਇਹਨਾਂ ਦਾਤਾਂ ਲਈ ਸੱਚੇ ਦਿਲੋਂ ਉਸ ਦਾ ਆਭਾਰੀ ਹੋਣਾ ਹੈ।

*—ਐਨ.ਪੀ. ਵਿਲਿਸ*

• •

**ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥**
**ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥**
**ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ ॥**
**ਤਿਸ ਕਉ ਸਿਮਰਤ ਪਰਮ ਗਤਿ ਪਾਵਹਿ ॥**
**ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥**
**ਤਿਸਹਿ ਧਿਆਇ ਸਦਾ ਮਨ ਅੰਦਰਿ ॥**
**ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥**
**ਆਠ ਪਹਰ ਸਿਮਰਹੁ ਤਿਸੁ ਰਸਨਾ ॥**
**ਜਿਹ ਪ੍ਰਸਾਦਿ ਰੰਗ ਰਸ ਭੋਗ ॥**
**ਨਾਨਕ ਸਦਾ ਧਿਆਈਐ ਧਿਆਵਨ ਜੋਗ ॥੧॥**

*—ਗਉੜੀ ਸੁਖਮਨੀ ਮ: ੫ (269 : 14)*

(ਹੇ ਮਨ !) ਜਿਸ ਦੀ ਕਿਰਪਾ ਸਦਕੇ ਤੂੰ ਛੱਤੀ (ਪ੍ਰਕਾਰ ਦੇ) ਭੋਜਨ ਖਾਂਦਾ ਹੈਂ, ਉਸ ਪਰਮੇਸ਼ਰ ਨੂੰ (ਪਿਆਰ ਨਾਲ ਚੇਤੇ) ਰੱਖ। ਜਿਸ ਦੀ ਕਿਰਪਾ ਨਾਲ ਤੂੰ ਖ਼ੁਸ਼ਬੋਆਂ ਤਨ ਨੂੰ ਲਾਉਂਦਾ ਹੈਂ (ਉਸ ਨੂੰ ਯਾਦ ਕਰ ਕਿਉਂਕਿ) ਉਸ ਨੂੰ ਸਿਮਰ ਕੇ ਤੂੰ ਪਰਮਗਤੀ ਨੂੰ ਪ੍ਰਾਪਤ ਕਰੇਂਗਾ। ਜਿਸ ਦੀ ਕਿਰਪਾ ਨਾਲ ਸੁਖਦਾਇਕ ਘਰ ਵਿਚ ਵਸਦਾ ਹੈਂ, ਉਸ ਨੂੰ ਸਦਾ ਮਨ (ਨਾਲ) ਧਿਆਨ ਵਿਚ ਰੱਖ। ਜਿਸ (ਪ੍ਰਭੂ) ਦੀ ਕਿਰਪਾ ਦੁਆਰੇ (ਘਰ, ਭਾਵ) ਪਰਿਵਾਰ ਨਾਲ ਸੁਖੀ ਹੋਇਆ ਵੱਸਦਾ ਹੈਂ, ਉਸ ਨੂੰ ਅੱਠੇ ਪਹਿਰ ਰਸਨਾ ਨਾਲ ਯਾਦ ਕਰ। ਜਿਸ ਦੀ ਕਿਰਪਾ (ਕਰਕੇ) ਖ਼ੁਸ਼ੀਆਂ, ਰਸ ਤੇ ਭੋਗ (ਤੈਨੂੰ ਪ੍ਰਾਪਤ ਹਨ), ਹੇ ਨਾਨਕ। (ਇਹ ਬਣਦਾ ਹੈ ਕਿ ਉਸ) ਧਿਆਵਣ ਜੋਗ (ਪ੍ਰਭੂ) ਨੂੰ ਸਦਾ ਹੀ ਧਿਆਉਂਦੇ ਰਹੀਏ।

• •

**ਜਿਨਿ ਦੀਏ ਤੁਧੁ ਬਾਪ ਮਹਤਾਰੀ[1] ॥**
**ਜਿਨਿ ਦੀਏ ਭ੍ਰਾਤ[2] ਪੁਤ ਹਾਰੀ[3] ॥**
**ਜਿਨਿ ਦੀਏ ਤੁਧੁ ਬਨਿਤਾ[4] ਅਰੁ ਮੀਤਾ ॥**
**ਤਿਸੁ ਠਾਕੁਰ[5] ਕਉ ਰਖਿ ਲੇਹ ਚੀਤਾ ॥**

1. ਮਾਂ। 2. ਭਰਾ। 3. (ਦਿਲ ਚੁਰਾਉਣ ਵਾਲੇ) ਪਿਆਰੇ। 4. ਇਸਤ੍ਰੀ। 5. ਮਾਲਕ।





ਜਿਨਿ ਦੀਆ ਤੁਧੁ ਪਵਨੁ ਅਮੋਲਾ ॥
ਜਿਨਿ ਦੀਆ ਤੁਧੁ ਨੀਰੁ[1] ਨਿਰਮੋਲਾ ॥
ਜਿਨਿ ਦੀਆ ਤੁਧੁ [2]ਪਾਵਕੁ ਬਲਨਾ ॥
ਤਿਸੁ ਠਾਕੁਰ ਕੀ ਰਹੁ ਮਨ ਸਰਨਾ ॥

*—ਰਾਮਕਲੀ ਮ: ੫ (913 : 9)*

[3]ਰੈਣਿ ਦਿਨਸੁ ਪਰਭਾਤਿ ਤੂਹੈ ਹੀ ਗਾਵਣਾ ॥
[4]ਜੀਅ ਜੰਤ ਸਰਬਤ ਨਾਉ ਤੇਰਾ ਧਿਆਵਣਾ ॥
ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ ॥
ਭਗਤ ਜਨਾ ਕੈ ਸੰਗਿ ਪਾਪ ਗਵਾਵਣਾ ॥
ਜਨ ਨਾਨਕ ਸਦ ਬਲਿਹਾਰੈ ਬਲਿ ਬਲਿ ਜਾਵਣਾ ॥

*—ਸੋਰਠਿ ਵਾਰ ਮ: ੪ (652 : 10)*

ਇਹ ਬ੍ਰਹਮੰਡ, ਧਰਮ ਦਾ ਮੰਦਰ—
ਇਸ ਬੇਓੜਕ ਮੰਦਰ ਅੰਦਰ
ਹਰ ਮਨੁੱਖ ਪੜ੍ਹਿਆ-ਅਨਪੜ੍ਹਿਆ
ਪ੍ਰਭੂ ਦਾ ਖ਼ਾਸ ਪੁਜਾਰੀ, ਅੜਿਆ !
ਰੁੱਝਾ ਮੁਕਤੀ ਭਾਲਣ ਨੂੰ !

ਉਨ ਇਹ ਲਾਜ਼ਮ : ਜੋ ਉਸ ਪੱਲੇ
ਲੈ ਕੇ ਪ੍ਰਭੂ-ਚਰਨਾਂ ਵਿਚ ਖੱਲੇ,
ਧਰ ਕੇ ਉਨ ਚਰਨਾਂ ਵਿਚ ਆਪੇ
ਸੋਹਿਲੜਾ ਭਰਪੂਰ ਅਲਾਪੇ
ਪ੍ਰਭੂ ਦੀ ਸਿਫ਼ਤ ਸਮਾਲਣ ਨੂੰ।

*—ਸਨਾਤਨ ਅਭਿਲਾਖਾ*

---

1. ਪਾਣੀ। 2. ਬਲਣ ਵਾਲੀ ਅੱਗ। 3. ਦਿਨੇ ਰਾਤੀ, ਤੜਕੇ ਸਵੇਰੇ ਤੇਰਾ ਹੀ ਨਾਮ ਜਪਾਂ। 4. ਮਨੁੱਖਾਂ ਤੇ ਪਸ਼ੂਆਂ ਸਭਨਾਂ ਨੇ।

ਗਰਮ ਨਰਮ ਰਸਦਾਇਕ ਭੋਜਨ ਪਿਆ ਅਸਾਡੇ ਅੱਗੇ।
ਇਸ ਦੀ ਮਨ-ਭਾਵੰਦ ਵਾਸ਼ਨਾ ਪਿਆਰੀ ਪਿਆਰੀ ਲੱਗੇ।
ਨਿਰਮਲ, ਅੰਮ੍ਰਿਤ ਜੈਸਾ, ਪਾਣੀ ਪਿਆ ਅਸਾਡੇ ਪਿਆਲੇ,—
ਇਹ ਖਾਣਾ, ਇਹ ਪਾਣੀ, ਸਾਨੂੰ ਦੋਨੋਂ ਵਕਤ ਜੀਵਾਲੇ।

ਲਾਜ਼ਮ ਇਸ ਪਲ ਅਸੀਂ ਚਿਤਵੀਏ ਸਭ ਉਹ ਭੈਣਾਂ ਭਾਈ,
ਜਿਨ ਘਰ ਤਨ ਦੇ ਢੁਲਕੇ ਖ਼ਾਤਰ ਭੋਰਾ ਅੰਨ ਨ ਰਾਈ।
ਰੱਜ-ਖਾਂਦੇ ਲੋਕਾਂ ਦੇ ਮਨ ਵਿਚ, ਰੱਬਾ, ਮਿਹਰ ਵਸਾ ਦੇ,
ਉਹਨਾਂ ਰਾਹੀਂ ਉਨ ਥੁੜ-ਭਾਗੇ ਢਿੱਡੀਂ ਅੰਨ ਪੁਆ ਦੇ।

ਅੱਜ ਦਿਨ ਤਾਂ ਤੇਰੇ ਚਰਨਾਂ ਵਿਚ ਏਹੋ ਬਿਨੈ ਜ਼ਰੂਰੀ:
ਅੱਗੋਂ ਲੈ ਕੇ ਕਿਸੇ ਮਨੁੱਖ ਨੂੰ ਰਹੇ ਨ ਇਹ ਮਜਬੂਰੀ।
ਅਸੀਂ ਜੁ ਸਾਰੇ ਰੱਜ-ਰਜਾ ਕੇ ਤੇਰਾ ਦਿੱਤਾ ਖਾਈਏ,
ਹੋਰਾਂ ਦੇ ਵੀ ਮੂੰਹੀਂ ਪਾ ਕੇ ਤੇਰਾ ਸ਼ੁਕਰ ਬਜਾਈਏ।

*—ਪੱਛਮੀ ਅਫ਼ਰੀਕਾ ਤੋਂ ਇਕ ਅਰਦਾਸ*

ਹੇ ਮਾਲਕ! ਅਫ਼ਰੀਕਾ ਤੇਰੀ ਸਿਫ਼ਤ ਸਮਾਲੇ!
ਉਸ ਦੀ ਸਗਲ ਬਨਸਪਤਿ ਵੀ, ਤੇ ਮੈਂ ਵੀ ਨਾਲੇ।

ਉੱਤਰ, ਦੱਖਣ; ਪੂਰਬ, ਪੱਛਮ,
ਇਕ ਸਾਹਿਲ ਤੋਂ ਦੂਜੇ ਤੀਕਣ
ਪਉਣਾਂ ਜਿੱਥੇ ਜਿੱਥੇ ਜਾਵਣ
ਤੇਰਾ ਹੀ ਪਰਤਾਪ ਪੁਚਾਵਣ!

ਸ਼ਹਿਰਾਂ, ਬਸਤੀਆਂ, ਬਾਰਾਂ ਥਾਣੀਂ,
ਹਰ ਜਲ-ਥਲ, ਜਲ-ਧਾਰਾ ਥਾਣੀਂ
ਖੇਤਾਂ ਤੇ ਖਲਵਾਨਾਂ ਥਾਣੀਂ,
ਤਪਦੇ ਰੇਗਿਸਥਾਨਾਂ ਥਾਣੀਂ,
ਝੂਲ ਰਹੇ ਬਨਰਾਏ ਥਾਣੀਂ,
ਹਰ ਧੁੱਪੜੀ, ਹਰ ਸਾਏ ਥਾਣੀਂ,

ਇਨ ਤੱਤਾਂ ਨਿੱਤ ਦੌੜ ਲਗਾਣੀ,
ਹਰਥੇ ਤੇਰੀ ਸਿਫ਼ਤ ਪੁਚਾਣੀ।
ਹਰ ਪਰਬਤ ਹਰ ਗਿਰਵਰ ਉੱਤੇ
ਸ਼ਾਨ ਤੇਰੀ ਦੀ ਛਾਪ ਲਗਾਣੀ।

.....

ਮੇਰੇ ਪਾਸ ਨਿਹੱਥੀ ਬਾਣੀ,
ਨਾਲੇ ਮੇਰੀ ਬੁੱਧ ਅਞਾਣੀ,
ਹਰਥੇ ਬੋਹਲ ਤੇਰੀ ਰਹਿਮਤ ਦੇ
ਹਰਥੇ ਤੇਰੀ ਸਿਫ਼ਤ ਸਮਾਣੀ।
ਕਰੀਂ ਕਬੂਲ਼ ਸਿਫ਼ਤ ਦੇ ਮਾਲਕ
ਮੇਰੀ ਵੀ ਅਰਦਾਸ ਨਿਮਾਣੀ।

*—ਯੇਰੋਮ ਬਾਲਾ*

ਤੂੰ ਇਕ ਹੋਰ ਨਵਾਂ ਦਿਨ ਘਲਿਆ, ਸ਼ੁਕਰਾਨਾ!
ਇਹ ਨਾ ਹੋਰਸ ਥਿੱਤੀਂ ਰਲਿਆ, ਸ਼ੁਕਰਾਨਾ!
ਇਹ ਤਾਂ ਨਵਤਨ ਸਨਅਤ ਤੇਰੀ, ਸ਼ੁਕਰਾਨਾ!
ਇਸ ਵਿਚ ਤੇਰੀ ਮਿਹਰ ਘਨੇਰੀ, ਸ਼ੁਕਰਾਨਾ!
ਹੋਰ ਸ਼ੁਕਰ, ਜੇ ਇਸ ਦਿਨ ਦਿਲ ਵਿਚ ਪਿਆਰ ਜਗੇ,
ਜੋ ਮਾਲਕ, ਤਨ ਤੇਰੀ ਸੇਵਾ ਵਿਚ ਲਗੇ।

*—ਜਾਹਨ ਹੌਲੈਂਡ*

ਰੱਬਾ, ਕਰ ਮਨਜ਼ੂਰ ਅਸਾਡੀ ਸਿਫ਼ਤ ਸਨਾ,
ਹੇ ਮਾਲਿਕ ਤੂੰ ਆ ਕੇ ਸਾਡੇ ਅੰਗ ਸਮਾ।
ਤੂੰ ਸੂਰਜ, ਚੰਨ, ਤਾਰੇ ਰਾਹੇ ਪਾਏ ਨੀ;
ਧੁੱਪ-ਛਾਵਾਂ, ਚਾਨਣ-ਅੰਧਿਆਰ ਉਗਾਏ ਨੀ।
ਤੂੰ ਰੁੱਤ ਦਿੱਤੀ ਗਰਮੀ, ਬਰਖਾ, ਜਾੜੇ ਦੀ;
ਸ਼ਾਮ, ਸਵੇਰ, ਦੁਪਹਿਰੀ ਰੋਜ਼ ਦਿਹਾੜੇ ਦੀ।
ਸਿਰਜੇ ਨੇ ਤੂੰ ਅਗਨ, ਪਉਣ ਤੇ ਪਾਣੀ ਵੀ।
ਕਣ ਕਣ ਅੰਦਰ ਤੇਰੀ ਹੋਂਦ ਸਮਾਣੀ ਵੀ।

ਸਿਰਜੇ ਤੂੰ ਘਾਹ-ਪੱਤੇ, ਫੁੱਲ ਬਾਗ਼ਾਤਾਂ ਦੇ,
ਦਿਨ ਵੇਲੇ ਦੇ ਪੰਛੀ, ਜੁਗਨੂ ਰਾਤਾਂ ਦੇ।
ਜੋ ਸਾਡੇ ਤੇ ਕਾਮਣ ਕੋਈ ਪਾ ਜਾਂਦੇ,
ਖੇੜਾ ਖੇੜਾ ਰਾਤ ਦਿਨੇ ਵਰਤਾ ਜਾਂਦੇ।

ਤੂੰ ਦੁਨੀਆ ਵਿਚ ਸਾਗਰ ਅਨਕ ਉਪਾਏ ਨੀ—
ਲੰਗਰ ਜਿਨ ਵਿਚ ਆਣ ਜਹਾਜ਼ਾਂ ਪਾਏ ਨੀ।
ਤੂੰ ਮਚਦੇ ਤੂਫ਼ਾਨ ਸ਼ਾਂਤ ਸਭ ਕਰ ਦਿੱਤੇ,
ਜੀਆਂ ਜੀਆਂ ਰਿਜ਼ਕ ਅਗਾਊਂ ਧਰ ਦਿੱਤੇ।
ਤੇਰੇ ਨਾਲ ਅਸਾਡੀ ਚਿਰ-ਅਸ਼ਨਾਈ ਹੈ,
ਤੇਰੀ ਸਿਫ਼ਤ ਅਸਾਡੇ ਹੀਏ ਸਮਾਈ ਹੈ।
ਤੂੰ ਹੀ ਸਾਨੂੰ ਬਖ਼ਸ਼ੀ ਇਹ ਜ਼ਿੰਦਗਾਨੀ ਵੇ,
ਕਰ ਧੰਨਵਾਦ ਕਬੂਲ ਅਸਾਡੇ ਜਾਨੀ ਵੇ।

*—ਕੁਈ ਕਬੀਲੇ ਦਾ ਇਕ ਪ੍ਰਾਰਥਨਾ ਗਾਨ*

ਅੱਧ-ਭੁੱਖੀ ਤੇ ਅੱਧ-ਇਕਲਾਪੀ ਏਸ ਦੁਨੀ ਵਿਚਕਾਰੇ—
ਕਰਮ-ਲੁਟਾਂਦੀ ਇਸ ਦਾਅਵਤ ਦਾ
ਸ਼ੌਕ-ਜਗਾਂਦੀ ਇਸ ਮਹਿਫ਼ਿਲ ਦਾ
ਹੋਣਾ ਕਿਹੜਾ ਨਾ-ਸ਼ੁਕਰਾ, ਜੋ ਦਿਲੋਂ ਨ ਸ਼ੁਕਰ ਬਜਾਏ ?

*—ਈਸਾਈ ਇਮਦਾਦ*

ਮੋਤੀ ਨੂੰ ਸਿੱਪੀ ਅੰਦਰ ਹੀ ਪਿਆਂ ਆਬ ਦੇ ਦੇਵੇਂ।
ਆਦਮ ਤਾਈਂ, ਬਿਨ ਮੰਗਿਆਂ ਹੀ, ਅਦਨ ਬਾਗ਼ ਦੇ ਦੇਵੇਂ।
ਸਾਨੂੰ ਰਿਜ਼ਕ, ਫੁੱਲਾਂ ਖ਼ੁਸ਼ਬੋਈ, ਤੇ ਚਟਾਨਾਂ ਹੀਰੇ,
ਰੱਬਾ ਸ਼ੁਕਰ, ਮੁਕੱਦਰ ਸਾਡਾ, ਅਸਾਂ ਆਪ ਦੇ ਦੇਵੇਂ।

*—'ਅਨੀਸ' ਦੇ ਆਧਾਰ 'ਤੇ*

ਸਦਾ ਤੇਰਾ ਧੰਨਵਾਦ, ਸਾਹਿਬਾ,
ਲੱਖ ਲੱਖ ਜੰਤ ਉਪਾਏ ਤੂੰ।
ਅਤਿ ਕਮਾਲ ਦੇ ਨਾਲ ਇਹਨਾਂ ਦੇ
ਨਖਸ਼ਿਖ ਸਗਲ ਸਜਾਏ ਤੂੰ।

ਇਤਨੇ ਭਾਰੇ ਹਾਥੀ, ਭੈਂਸੇ,
ਗੈਂਡੇ ਕਿਵੇਂ ਉਤਾਰੇ ਤੂੰ ?
ਹਾਸੋਹੀਣ ਊਠ ਤੇ ਬਾਂਦਰ
ਕਿਵ ਰਾਹੀਂ ਖਲਿਆਰੇ ਤੂੰ ?
ਖ਼ਰ, ਖ਼ੱਚਰ ਜੋ ਭਾਰ ਉਠਾਂਦੇ,
ਕੂੱਤੇ ਪੂਛ ਹਿਲਾਂਦੇ ਜੋ,
ਬਿੱਲੀ ਜੋ ਘਰ ਮਲ ਕੇ ਬਹਿੰਦੀ,
ਚੂਹੇ, ਆਂਦੇ ਜਾਂਦੇ ਜੋ।
ਸਿਰਜੇ ਗਿੱਦੜ, ਸਹੇ, ਗਾਲ੍ਹੜਾਂ,
ਸ਼ੇਰ ਦਹਾੜਨ ਵਾਲੇ ਵੀ;
ਪੰਖ-ਪੰਖੇਰੂ ਨਿੱਤ ਚਹਿਕਦੇ
ਸੁਰ ਸਰਗਮ ਦੇ ਨਾਲੇ ਹੀ।

ਹੇ ਰੱਬਾ, ਅਸਾਂ ਪਿਰਮ ਸਿਖਾ ਦੇ
ਅਪਣੀ ਸਗਲ ਖ਼ੁਦਾਈ ਲਈ;
ਹਰ ਜਿੰਦੂ ਹਰ ਜਾਨ ਲਈ—ਕੁੱਲ
ਪ੍ਰਾਣਧਾਰ ਲੋਕਾਈ ਲਈ।
ਇਤਨਾ ਪਿਆਰ, ਕਿ ਡਰ ਉੱਠ ਜਾਵੇ,
ਸਗਲ ਜੀਆਂ ਦਾ ਆਦਮ ਤੋਂ;
ਸਾਡੇ ਅੰਦਰ ਵੇਖਣ ਅਪਣਾ
ਮਿੱਤ, ਮੁਹੱਬਤੀ, ਖ਼ਾਦਮ ਉਹ।

ਕਰਾਂ ਤੇਰਾ ਧੰਨਵਾਦ ਸਾਹਿਬਾ,
ਕੇਵਡ ਜੰਤ ਉਪਾਏ ਤੂੰ—
ਫ਼ਿਰ ਕਮਾਲ ਦੇ ਨਾਲ ਉਨ੍ਹਾਂ ਦੇ
ਨਖਸ਼ਿਖ ਖ਼ੂਬ ਸਜਾਏ ਤੂੰ।

—ਜਾਰਜ ਐਪਲਟਨ

ਹੇ ਮੇਰੇ ਬਾਪੂ, ਵੱਡ-ਵਡੇਰੇ,
ਕਿਤ ਬਿਧ ਸ਼ੁਕਰ ਗੁਜ਼ਾਰਾਂ ਤੇਰੇ ?

ਤੂੰ ਸਭ ਵੇਖੇਂ, ਮੈਂ ਕਿਵ ਜਾਣਾਂ ?
ਕੀਕਣ ਤੇਰੀਂ ਦਾਤ ਪਛਾਣਾਂ ?

ਜਿਤ ਵੇਖਾਂ, ਤੇਰੀ ਵਡਿਆਈ।
ਹੈਰਤ ਰਹੇ ਮੇਰੇ ਤੇ ਛਾਈ।

ਸਗਲ ਜਹਾਨਾਂ ਦੇ ਹੇ ਮਾਲਕ,
ਸਗਲ ਸਿਰਜਨਾ ਸੰਦੇ ਖ਼ਾਲਕ।

ਜੋ ਤੂੰ ਦੇਵੇਂ, ਸੋ ਮੈਂ ਖਾਵਾਂ—
ਕਿਉਂ ਨਾ ਤੇਰਾ ਹੁਕਮ ਬਜਾਵਾਂ ?

ਮੈਂ ਗੋਲਾ, ਮੈਂ ਤੇਰਾ ਲਾਲਾ,
ਨਿਤ ਦਿਨ ਸਿਫ਼ਤ ਸਮਾਲਣ ਵਾਲਾ!



*—ਕਿਕੂਯੂ ਕਬੀਲਾ, ਕੀਨੀਆ*


ਸਿਫ਼ਤ-ਸਨਾ ਤੇਰੀ ਦਾ, ਮਾਲਕ, ਨਗ਼ਮਾ ਗਾਵਾਂ।
ਧੰਮਕ ਧੰਮਕ ਧੰਮ ਦਮਾਮੇ ਚੋਟ ਲਗਾਵਾਂ।
ਤੂੰ ਹੀ ਸਗਲ ਸਹੰਢਣੀਆਂ ਵਸਤਾਂ ਦੇਵਣਹਾਰਾ,
ਕਿਉਂ ਨਾ ਤੇਰੇ ਸ਼ੁਕਰਾਨੇ ਦਾ ਡੰਕ ਵਜਾਵਾਂ ?
ਗੇਹਨ, ਦੌਲਤ, ਇੱਜ਼ਤ, ਸ਼ਫ਼ਕਤ, ਸਭ ਕੁਝ ਦੇਵੇਂ—
ਕਿਉਂ ਨਾ ਸਿਫ਼ਤ-ਸਨਾ ਤੇਰੀ ਦੇ ਨਗ਼ਮੇ ਗਾਵਾਂ ?

*—ਬਾਲੂਬਾ ਕਬੀਲਾ, ਜ਼ਾਇਰੇ*

ਹੇ ਮੇਰੇ ਸਾਹਿਬ, ਹੇ ਮੇਰੇ ਪਿਆਰੇ,
ਧੁਰੋਂ ਮੁਹੱਬਤ ਵੰਡਣਹਾਰੇ,
ਤੂੰ ਜਦ ਆਦਿ-ਸਮਾਧੀ ਭੰਨੀ,
ਦਿਲ ਤੇਰੇ ਕਿਆ ਮਿਹਰ ਉਪੰਨੀ!







ਪਿਆਰ ਤੇਰਾ ਜੁੰਬਸ਼ ਵਿਚ ਆਇਆ,
ਤ੍ਰੁੱਠ ਕੇ ਤੂੰ ਸੰਸਾਰ ਉਪਾਇਆ।
ਕੁਦਰਤ ਘਰ ਕਾਨੂੰਨ ਰਚਾਇਆ,
ਸਭ ਜੀਆਂ ਲੀਹਾਂ ਤੇ ਪਾਇਆ।
ਮਿੱਟੀ 'ਚੋਂ ਮਾਨੁੱਖ ਉਪਾਇਆ—
ਵੰਨ ਸੁਵੰਨੇ ਕਾਰੇ ਲਾਇਆ।
ਮੈਂ ਤੇ ਵੀ ਉਪਕਾਰ ਕਮਾਇਆ,
ਘੜਿਆ ਤੇ ਫਿਰ ਲਾਡ ਲਡਾਇਆ।
ਮੈਂ ਜੋ ਤੇਰਾ ਪਿਆਰ ਹੰਢਾਵਾਂ,
ਕਿਉਂ ਨਾ ਤੇਰੀ ਸਿਫ਼ਤ ਕਮਾਵਾਂ?

ਹੇ ਅਤਿ ਹੁਨਰਮੰਦ ਘੁਮਿਆਰਾ,
ਬ੍ਰਹਮੰਡਾਂ ਦੇ ਸਿਰਜਣਹਾਰਾ,
ਜਿਵ ਜਿਵ ਅਪਣਾ ਚੱਕ ਘੁਮਾਵੇਂ,
ਕੁਲ ਦੁਨੀਆਵਾਂ ਘੜਦਾ ਜਾਵੇਂ।
ਚੰਨ ਸਿਰੇਂ, ਸੂਰਜ ਲਿਸ਼ਕਾਵੇਂ,
ਧਰਤ ਘੜੇਂ, ਆਕਾਸ਼ ਉਪਾਵੇਂ।
ਇਸ ਦੁਨੀਆ ਦੀ ਇਕ ਨੁੱਕਰ ਵਿਚ,
ਨਿੱਘੇ ਕਿਸੇ ਨਿਵਾਜੇ ਘਰ ਵਿਚ,
ਘੜ ਕੇ ਮੈਨੂੰ ਤੂੰ ਧਰ ਦਿੱਤਾ,
ਪਾ ਕੇ ਅਪਣਾ ਮੋਹ ਅਮਿੱਤਾ।
ਤਨ ਮੇਰੇ ਵਿਚ ਜਿੰਦ ਨਿਵਾਜੀ,
ਕਿਉਂ ਨਾ ਹੋਵਾਂ ਤੁਝ ਤੇ ਰਾਜੀ?

ਸਗਲ ਸ੍ਰਿਸ਼ਟਿ ਤੇ ਵਿਸ਼੍ਵ-ਜੁਲਾਹੇ,
ਕਰਮਾਂ ਦੇ ਤੁਧ ਤਾਣੇ ਪਾਏ;
ਤੰਦਾਂ ਸਮੇਂ ਦੀਆਂ ਤਣਵਾਈਆਂ,
ਨਾਲਾਂ ਪ੍ਰਾਣਾਂ ਦੀਆਂ ਘੁਕਾਈਆਂ,



ਪੀਠਦਾਰ ਰੇਜਾ ਕਤਵਾਇਆ,
ਵੰਨ ਵੰਨਾਂ ਦੇ ਰੰਗ ਰੰਗਾਇਆ।
ਅਕਲ ਕਲਾ ਥੀਂ ਚੋਗਾ ਸੀਤਾ,
ਮੁਝ ਪਹਿਨਣ ਨੂੰ ਦੇ ਗਿਓਂ ਮੀਤਾ!
ਜ਼ਿਵ ਜਿਵ ਕੱਪੜ-ਕਾਇ ਹੰਢਾਈਂ,
ਤਿਵ ਤਿਵ ਤੇਰੀ ਸਿਫ਼ਤ ਕਮਾਈਂ।

ਹੇ ਮਹਾਨ ਲੇਖਕ ਵਡ-ਦਾਨੇ,
ਅੰਕੇਂ ਸਭ ਦੇ ਭਾਗ ਵਿਡਾਣੇ।
ਸਹਿਜੇ ਵਗਦੀ ਤੇਰੀ ਕਾਨੀ,
ਲਿਖਦੀ ਅੱਖਰ, ਲਿਖਦੀ ਬਾਣੀ।
ਤੂੰ ਜੋ ਭਾਗ ਅੰਕਿਆ ਮੇਰਾ,
ਕਰਮ ਅਨਾਹਦ ਹੋਇਆ ਤੇਰਾ।
ਪਿਤਾ ਪਿਤਾਮੇ ਭਗਤ ਮਿਲਾਏ,
ਧੀ-ਪੁੱਤ ਆਗਿਆਕਾਰ ਬਣਾਏ।
ਮਾਤਾ ਮੁਖ ਸੁਖਮਨੀ ਬਿਰਾਜੀ,
ਗੇਹਨ, ਜਿਉਂ ਰੱਖੇਂ ਤਿਉਂ ਰਾਜੀ।
ਦੋਹਤੇ ਪੋਤੇ ਗੋਦ ਖਿਡਾਵਾਂ,
ਕੀਕਣ ਨਾ ਤੇਰੇ ਗੁਣ ਗਾਵਾਂ?

ਹੇ ਮੇਰੇ ਭਰਪੂਰ ਜਜਮਾਨਾ,
ਤੂੰ ਪ੍ਰਤਿਪਾਲੇਂ ਸਗਲ ਜਹਾਨਾਂ।
ਮਿੱਟੀ ਵਿਚੋਂ ਅੰਨ ਉਪਾਵੇਂ,
ਆਪਨੜੇ ਜੀਆਂ ਮੁਖ ਪਾਵੇਂ।
ਮੈਂ ਵੀ ਦਾਨ ਤੇਰੇ ਤੋਂ ਪਾਵਾਂ,
ਕਿਉਂ ਨਾ ਤੇਰਾ ਸ਼ੁਕਰ ਬਜਾਵਾਂ?
ਸ਼ੁਕਰ ਮਨਾਵਾਂ ਭਲਕੇ, ਰਾਤੀ,
ਸ਼ੁਕਰ ਮਨਾਵਾਂ ਉੱਠ ਪਰਭਾਤੀ।



ਸੁਆਸ ਚਲੰਦੇ ਸ਼ੁਕਰ ਮਨਾਵਾਂ,
ਬੋਲ ਬੋਲੰਦੇ ਸ਼ੁਕਰ ਮਨਾਵਾਂ।
ਜੇ ਤੇਰਾ ਉਪਕਾਰ ਨ ਮੁੱਕੇ,
ਕਿਉਂ ਮੇਰਾ ਸ਼ੁਕਰਾਨਾ ਰੁੱਕੇ ?
ਮੈਨੂੰ ਜੋਗ ਕੀਤੋਈ ਮੀਤਾ,
ਕਿਵੇਂ ਉਤਾਰਾਂ ਤੇਰਾ ਕੀਤਾ ?

*—ਜ.ਸ.ਨ.*

ਕਿਤਨਾ ਸਹਿਲ ਮੇਰਿਆ ਰੱਬਾ, ਤੇਰੇ ਨਾਲ ਨਿਭਾਣਾ ?
ਕਿਤਨਾ ਸੌਖਾ ਤੇਰੇ ਉਪਰ ਹੈ ਈਮਾਨ ਲਿਆਣਾ ?
ਜਦ ਵੀ ਭਾਰੇ ਸੰਸੇ ਹੋਵਣ ਸੋਚ ਮੇਰੀ ਤੇ ਛਾਏ,
ਜਦ ਮਨ ਮੇਰਾ ਚਿੰਤਾ ਹੱਥੋਂ ਹਾਰ ਮੰਨ, ਘਬਰਾਏ,
ਜਦ ਵਿਦਵਾਨਾਂ ਤਾਈਂ ਤਿਕਾਲੋਂ ਪਾਰ ਨ ਕੁਝ ਵੀ ਸੁੱਝੇ,
'ਕਲ ਕੀ ਹੋਵਣਹਾਰਾ' ਕੋਈ ਸਿਆਣਪ ਜਦੋਂ ਨ ਬੁੱਝੇ,
ਅਪਣੀ ਹਾਜ਼ਰ ਨਾਜ਼ਰਤਾ ਦਾ ਦੇਵੇਂ ਤਦ ਭਰਵਾਸਾ,
'ਦਰ ਨੇਕੀ ਦੇ ਹਰਦਮ ਖੁਲ੍ਹੇ' ਦੇਵੇਂ ਆਣ ਦਿਲਾਸਾ।

ਇਸ ਪਰਪੰਚ ਦੀਆਂ ਸਿਖਰਾਂ ਤੋਂ ਝਾਕਾਂ ਜਾਂ ਮੈਂ ਪਿੱਛੇ,
ਹੈਰਤ ਹੋਏ ਕਿ ਉਸ ਅਪਦਾ ਤੋਂ ਤੁਰ ਕੇ ਆ ਗਿਆਂ ਕਿੱਥੇ ?
ਇਥੋਂ ਮੈਂ ਤੇਰੀ ਜੋਤੀ ਦੇ ਵੰਡ ਸਕਦਾ ਹਾਂ ਸਾਏ।
ਤੇਰੀਆਂ ਦਾਤਾਂ ਬਾਝ ਹੋਰ ਕੁਝ ਨਜ਼ਰ ਨ ਮੈਨੂੰ ਆਏ।
ਹੋਰ ਵੀ ਜੋ ਮੈਂ ਵੰਡਣ ਜੋਗਾ, ਦਾਤ ਤੇਰੇ ਤੋਂ ਲੱਧੀ,
ਜੋ ਅਪ੍ਰਾਪਤ ਉਸ ਤੇ ਸ਼ਾਇਦ ਮੁਹਰ ਦੂਜਾਣੀ ਲੱਗੀ।

*—ਅਲੈਗਜ਼ੈਂਡਰ ਸੋਲਜ਼ੈਨਿਤਸਨ*



# ਪਛਤਾਵਾ

ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ॥
ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ॥
— *ਸਲੋਕ ਫਰੀਦ (1381:5)*

ਆਦਮੀ ਦੀ ਪਹਿਲੀ ਇਹਤਿਆਤ ਇਹ ਹੋਣੀ
ਚਾਹੀਦੀ ਹੈ ਕਿ ਉਹ ਆਪਣੇ ਦਿਲ
ਦੀਆਂ ਮੁਲਾਮਤਾਂ ਤੋਂ ਬਚੇ।

—ਐਡੀਸਨ





11

# ਪਛਤਾਵਾ

ਪਛਤਾਵੇ ਦਾ ਭਾਵ ਬੜੀ ਵਾਰ ਅਰਦਾਸ ਦਾ ਪ੍ਰੇਰਕ ਬਣਦਾ ਹੈ। ਜਦੋਂ ਆਪਣੇ ਕਰਮਾਂ ਦਾ ਆਪ ਹੀ ਲੇਖਾ ਜੋਖਾ ਕਰਨ ਲਗੀਏ ਤਾਂ ਬੜੀ ਵਾਰ ਆਪਣੇ ਗੁਨਾਹ ਭਇਆਨਕ ਰੂਪ ਧਾਰਨ ਕਰ ਕੇ ਸਾਹਮਣੇ ਆਣ ਖਲੋਂਦੇ ਹਨ। ਤਦ ਮਨ ਬੇਅਖ਼ਤਿਆਰ ਸੋਚਦਾ ਹੈ, "ਕਾਸ਼ !....." ਪਛਤਾਵੇ ਦਾ ਐਸਾ ਵਿਚਾਰ ਬੜੀ ਵਾਰ ਫਿਰ ਆਪਣੇ ਆਪ ਹੀ ਰਹਿਮ ਤੇ ਖਿਮਾ ਦੀ ਅਰਦਾਸ ਵਿਚ ਤਬਦੀਲ ਹੋ ਖਲੋਂਦਾ ਹੈ।

ਪਛਤਾਵਾ, ਬੁਨੀਆਦੀ ਤੌਰ 'ਤੇ ਦੋ ਪ੍ਰਕਾਰ ਦਾ ਹੁੰਦਾ ਹੈ: ਇਕ ਕੀਤੇ ਦਾ, ਦੂਸਰਾ ਅਕੀਤੇ ਦਾ। ਕੀਤੇ ਦਾ ਪਛਤਾਵਾ ਉਹਨਾਂ ਕਰਮਾਂ ਕਾਰਣ ਉਪਜਦਾ ਹੈ ਜਿਨ੍ਹਾਂ ਦੇ ਨਤੀਜੇ ਭੈੜੇ ਨਿਕਲਦੇ ਦਿਸ ਰਹੇ ਹੋਣ। ਮੰਦੇ ਨਤੀਜੇ ਮੰਦੇ ਕੰਮਾਂ ਦੇ ਹੀ ਹੋਂਦੇ ਹਨ। ਇਹੋ ਮੰਦੇ ਨਤੀਜੇ ਜਦ ਸਾਹਮਣੇ ਆਉਂਦੇ ਹਨ ਤਾਂ ਭੈ-ਭੀਤ ਕਰਦੇ ਹਨ। ਜਦ ਪਛਤਾਵਾ ਜਾਗਦਾ ਹੈ ਤਾਂ ਸਭ ਤੋਂ ਪਹਿਲਾਂ ਬੰਦਾ ਆਪਣੇ ਮਨ ਵਿਚ ਆਪਣੇ ਮਨ ਅੱਗੇ ਹੀ ਆਪਣੇ ਕੁ-ਕਰਮਾਂ ਦਾ ਇਕਬਾਲ ਕਰਦਾ ਹੈ:

**ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥**[1]

ਤੇ ਫਿਰ ਇਸ ਇਕਬਾਲ ਤੋਂ ਬਾਦ ਰੱਬ ਕੋਲੋਂ ਯਾਚਨਾ ਕਰਦਾ ਹੈ:

**ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥**[1]

ਅਕੀਤੇ ਦਾ ਪਛਤਾਵਾ ਸ਼ੁਭ ਅਮਲਾਂ ਦੀ ਅਣਹੋਂਦ ਕਾਰਣ ਪੈਦਾ ਹੋਂਦਾ ਹੈ। ਜਦੋਂ ਉਮਰ ਅੰਵਾਈਂ ਬੀਤ ਗਈ ਲਗਦੀ ਹੈ, ਬੁਢੇਪਾ ਸਿਰ 'ਤੇ ਸਵਾਰ ਹੋਇਆ ਹੋਂਦਾ ਹੈ, ਮੌਤ ਸਾਹਵੇਂ ਹੱਸ ਰਹੀ ਦਿਸਦੀ ਹੈ, ਤਦ ਨਿਰਸ਼ਕਤ ਹੋਈ ਦੇਹ ਪਛਤਾ ਕੇ ਸੋਚਦੀ ਹੈ:

1. ਗਉੜੀ ਬੈਰਾਗਣਿ ਮ: ੧ (156 : 14)

**ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ॥**
**ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ॥**[1]

ਪਛਤਾਵਾ ਸ਼ੁਰੂ ਤਾਂ ਹੁੰਦਾ ਹੈ ਆਪਣੀਆਂ ਅੱਖਾਂ ਅੱਗੇ ਆਪਣੇ ਕਰਮਾਂ ਦਾ ਲੇਖਾ ਲਿਆ ਕੇ ਇਕ ਖੇਦ, ਇਕ ਅਫ਼ਸੋਸ, ਇਕ ਹਿਰਖ ਅੰਦਰ ਹੰਢਾਉਣ ਤੋਂ। ਫਿਰ ਜਦ ਇਹ ਖਿਮਾ ਲਈ ਯਾਚਨਾ ਕਰਨ ਲਗਦਾ ਹੈ ਤਾਂ ਆਪਣੇ ਇਸ਼ਟ ਅੱਗੇ ਬੜੀ ਉਦਾਰਤਾ ਨਾਲ ਆਪਣੇ ਔਗਣਾਂ ਦਾ ਇਕਬਾਲ ਕਰਦਾ ਹੈ, ਜਿਵੇਂ:

**ਹਉਂ ਅਪਰਾਧੀ ਗੁਨਹਗਾਰ ਹਉਂ ਬੇਮੁਖ ਮੰਦਾ॥**[2]
**ਚੋਰ ਯਾਰ ਜੂਆਰ ਹਉਂ ਪਰ ਘਰ ਜੋਹੰਦਾ॥**
**ਨਿੰਦਕ ਦੁਸ਼ਟ ਹਰਾਮਖੋਰ ਠਗ ਦੇਸ ਠਗੰਦਾ॥**
**ਕਾਮ ਕ੍ਰੋਧ ਮਦ ਲੋਭ ਮੋਹ ਅਹੰਕਾਰ ਕਰੰਦਾ॥**
**ਬਿਸਾਸਘਾਤੀ ਅਕ੍ਰਿਤਘਨ ਮੈਂ ਕੋ ਨ ਰਖੰਦਾ॥**

ਪਰ ਬਖ਼ਸ਼ੇ ਜਾਣ ਦੀ ਆਸ ਨਾਲ ਕਹਿੰਦਾ ਹੈ:

**ਸਿਮਰ ਮੁਰੀਦਾ ਢਾਢੀਆ ਸਤਿਗੁਰ ਬਖਸੰਦਾ॥**[2]

ਜੇਕਰ ਗੁਨਾਹ ਵੀ ਬੱਜਰ ਹੋਣ, ਤੇ ਬਖ਼ਸ਼ਿਸ਼ ਦੀ ਉਮੀਦ ਵੀ ਨਾ ਜਾਗੇ ਤਾਂ ਪਛਤਾਵਾ ਸਰੀਰ ਉਪਰ ਮਾਰ ਕਰਨ ਲਗਦਾ ਹੈ। ਫਿਰ ਬੰਦਾ ਤਲੀਆਂ ਮਲਦਾ ਹੈ, ਸਿਰ ਖੋਂਹਦਾ ਹੈ, ਬੱਗਾ ਪੈ ਜਾਂਦਾ ਹੈ, ਸਰੀਰ ਕੰਬਦਾ ਤੇ ਕਮਜ਼ੋਰੀ ਮਹਿਸੂਸ ਕਰਦਾ ਹੈ।[3]

ਬੜੀ ਵਾਰ ਪਛਤਾਵਾ ਪ੍ਰਾਇਸ਼ਚਿਤ ਵਿਚ ਤਬਦੀਲ ਹੋ ਜਾਂਦਾ ਹੈ। ਪ੍ਰਾਇਸ਼ਚਿਤ ਵਿਚ ਮਨ ਐਸਾ ਇਰਾਦਾ ਬਣਾਂਦਾ ਹੈ ਕਿ ਮੁੜ ਇੰਝ ਨਹੀਂ ਕਰਨਾ। ਬੰਦਾ ਅੱਗੋਂ ਲਈ ਸੁਚੇਤ ਰਹਿਣ ਦਾ ਸੰਕਲਪ ਬਣਾਉਂਦਾ ਹੈ। ਪਰ ਇਥੇ ਫਿਰ ਉਸ ਨੂੰ ਆਪਣੀ ਨਿਰਬਲਤਾ ਆ ਜਣਾਉਂਦੀ ਹੈ ਤਦ ਉਹ ਇਉਂ ਅਰਦਾਸ ਕਰਨ ਲਗਦਾ ਹੈ, "ਹੇ ਮਾਲਕ! ਸਿਰਫ਼ ਮੇਰੇ ਗੁਨਾਹ ਹੀ ਨਾ ਬਖ਼ਸ਼, ਮੈਨੂੰ ਅੱਗੋਂ ਵੀ ਸੁਮਾਰਗ 'ਤੇ ਚਲਣ ਦੀ ਸ਼ਕਤੀ ਦੇ।" ਉਸ ਨੂੰ ਵਿਸ਼ਵਾਸ ਹੁੰਦਾ ਹੈ ਕਿ ਮਾਲਕ ਉਸ ਨੂੰ ਚੰਗੇ ਰਾਹ ਪਾ ਦੇਵੇਗਾ।[4]

---

1. ਸਲੋਕ ਮ: ੯ (1428 : 19)
2. ਭਾਈ ਗੁਰਦਾਸ ਵਾਰ 36 : 21.
3. **ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥** —*ਮਾਝ ਮ: ੫ (134 : 7)*
4. **ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥** —*ਸੋਰਠਿ ਮ: ੫ (624 : 17)*

ਪ੍ਰਾਇਸ਼ਚਿਤ ਦਾ ਹੀ ਇਕ ਰੂਪ ਤੋਬਾ[1] ਹੈ। ਇਸ ਤੋਂ ਭਾਵ ਪੱਕਾ ਇਰਾਦਾ ਕਰਨਾ ਹੋਂਦਾ ਹੈ, ਮੰਦ-ਕਰਮਾਂ ਤੋਂ ਪਰਹੇਜ਼ ਕਰਨ ਦਾ। ਇਸ ਦੀਆਂ ਆਪਣੀਆਂ ਸਰੀਰਕ ਮੁਦ੍ਰਾਵਾਂ ਹੋਂਦੀਆਂ ਹਨ, ਜਿਹਾ ਕਿ ਕੰਨ ਪਕੜਨੇ, ਜ਼ਮੀਨ 'ਤੇ ਨੱਕ ਰਗੜਨਾ।

ਤੋਬਾ ਤੋਂ ਅਗਲਾ ਪੜਾਅ ਕੁਫ਼ਾਰੇ ਦਾ ਹੈ। ਇਸ ਵਿਚ ਮਨੁੱਖ ਆਪਣੇ ਗੁਨਾਹਾਂ ਲਈ ਆਪਣੇ ਆਪ ਨੂੰ ਸਜ਼ਾ ਦੇਂਦਾ ਹੈ। ਇਹ ਸਜ਼ਾ ਕਦੇ ਤਾਂ ਉਹ ਆਪ ਹੀ ਆਪਣੇ ਲਈ ਤਜਵੀਜ਼ ਕਰਦਾ ਹੈ—ਜਿਹਾ ਕਿ ਵਰਤ ਰੱਖਣੇ, ਚਲੀਹੇ ਕੱਟਣੇ, ਜੱਗ ਕਰਾਉਣੇ। ਪਰ ਇਹ ਸਭ ਕਰਮ-ਕਾਂਡੀ ਜੁਗਤਾਂ ਹੀ ਹੋਂਦੀਆਂ ਹਨ, ਜਿਨ੍ਹਾਂ ਦਾ ਅਧਿਆਤਮ ਨਾਲ ਕੋਈ ਸੰਬੰਧ ਨਹੀਂ ਹੋਂਦਾ, ਬੰਦੇ ਦੇ ਅੰਦਰ ਦੀ ਦੋਸ਼ ਭਾਵਨਾ ਭਾਵੇਂ ਮੱਠੀ ਹੋ ਜਾਵੇ। ਕਦੇ ਪਸ਼ਚਾਤਾਪ ਵਾਲਾ ਬੰਦਾ ਕੁਫ਼ਾਰੇ ਲਈ ਆਪ ਸਜ਼ਾ ਤਜਵੀਜ਼ ਨਹੀਂ ਕਰਦਾ ਕਿਸੇ ਧਰਮ ਸੰਸਥਾ ਪਾਸੋਂ ਧਰਮ ਦੰਡ ਜਾਂ ਤਨਖ਼ਾਹ ਲੁਵਾਉਣ ਚਲਾ ਜਾਂਦਾ ਹੈ।

ਪਛਤਾਵੇ ਵਿਚ ਆਤਮ-ਆਲੋਚਨਾ ਵੀ ਹੋਂਦੀ ਹੈ, ਆਤਮ-ਨਖੇਧੀ ਵੀ; ਪਰ ਜੇਕਰ ਇਹ ਅਰਦਾਸ ਦਾ ਲੜ ਫੜ ਲਵੇ ਤਾਂ ਆਤਮ-ਪਰਿਵਰਤਣ ਦਾ ਸੁਗਮ ਵਸੀਲਾ ਇਹਦੇ ਹੱਥ ਆ ਜਾਂਦਾ ਹੈ। ਇਹੋ ਹੀ ਪਛਤਾਵੇ ਦੇ ਸਮਾਧਾਨ ਦੀ ਸਭ ਤੋਂ ਉੱਤਮ ਵਿਉਂਤ ਹੈ।

> ਜਿਸ ਦੇ ਪਾਸ ਪਛਤਾਵੇ ਜੋਗੀ ਵਿਹਲ ਵੀ ਨਹੀਂ, ਉਸ ਦੇ ਪਾਸ ਸੁਧਰਨ ਜੋਗਾ ਸਮਾਂ ਕਿਥੋਂ ਹੋ ਸਕਦਾ ਹੈ ?
>
> *—ਸਰ ਹੈਨਰੀ ਟੇਲਰ*

> ਮਨੁੱਖ ਦੇ ਪਛਤਾਵੇ ਨੂੰ ਰੱਬ ਸੁਕਰਮ ਕਰਕੇ ਸ੍ਵੀਕਾਰ ਕਰਦਾ ਹੈ।
>
> *—ਵਾਲਟੇਅਰ*

> ਹੋਰ ਕੁਝ ਨਹੀਂ, ਤਾਂ ਮਰਨ ਤੋਂ ਇਕ ਦਿਨ ਪਹਿਲਾਂ ਹੀ ਪਸ਼ਚਾਤਾਪ ਕਰ ਲਉ।
>
> *—ਬੇਬੀਲੋਨ ਦੀ ਤਾਲਮੂਦ*

• •

1. ਤੋਬਾ ਪੁਕਾਰੇ ਸੋ ਪਾਵੈ ਅਜਾਬ। *—ਨਸੀਹਤਨਾਮਾ*

ਥਰਹਰ ਕੰਪੈ ਬਾਲਾ ਜੀਉ ॥
ਨਾ ਜਾਨਉ ਕਿਆ ਕਰਸੀ ਪੀਉ ॥੧॥
ਰੈਨਿ ਗਈ ਮਤ ਦਿਨੁ ਭੀ ਜਾਇ ॥
ਭਵਰ ਗਏ ਬਗ ਬੈਠੇ ਆਇ ॥੧॥ਰਹਾਉ॥
ਕਾਚੈ ਕਰਵੈ ਰਹੈ ਨ ਪਾਨੀ ॥
ਹੰਸੁ ਚਲਿਆ ਕਾਇਆ ਕੁਮਲਾਨੀ ॥੨॥
ਕੁਆਰ ਕੰਨਿਆ ਜੈਸੇ ਕਰਤ ਸੀਗਾਰਾ ॥
ਕਿਉ ਰਲੀਆ ਮਾਨੈ ਬਾਝੁ ਭਤਾਰਾ ॥੩॥
ਕਾਗ ਉਡਾਵਤ ਭੁਜਾ ਪਿਰਾਨੀ ॥
ਕਹਿ ਕਬੀਰ ਇਹ ਕਥਾ ਸਿਰਾਨੀ ॥੪॥

*—ਸੂਹੀ ਕਬੀਰ (792 : 10)*

(ਮੇਰਾ) ਨਿੱਕਾ ਜਿਹਾ ਦਿਲ ਥਰ ਥਰ ਕੰਬ ਰਿਹਾ ਹੈ। ਮੈਨੂੰ ਨਹੀਂ ਪਤਾ ਮੇਰਾ ਪਤੀ (ਵਾਹਿਗੁਰੂ) ਕੀ ਕਰੇਗਾ (ਭਾਵ, ਮੇਰੇ ਕਰਮਾਂ ਦੇ ਕੈਸਾ ਹਿਸਾਬ ਲਏਗਾ!)। ਰਾਤ (ਜਵਾਨੀ) ਤਾਂ ਲੰਘ ਗਈ ਹੈ, ਇਹ ਨਾ ਹੋਵੇ ਕਿ ਦਿਨ (ਬੁਢੇਪਾ) ਵੀ (ਐਵੇਂ ਹੀ) ਲੰਘ ਜਾਵੇ। ਭਵਰ (ਭਾਵ ਜੁਆਨੀ, ਜਿਸ ਦੇ ਭਵਰਾਂ ਵਰਗੇ ਕਾਲੇ ਕੇਸ ਹੁੰਦੇ ਹਨ) ਤਾਂ ਚਲੇ ਗਏ, ਇਹ ਨਾ ਹੋਵੇ ਬਗਲੇ (ਚਿੱਟੇ ਕੇਸ, ਭਾਵ ਬੁਢੇਪਾ) ਵੀ (ਵਿਅਰਥ ਹੀ) ਗੁਜ਼ਰ ਜਾਵੇ।

(ਜਿਵੇਂ ਮਿੱਟੀ ਦੇ) ਕੱਚੇ ਕੁੱਜੇ ਵਿਚ ਪਾਣੀ ਨਹੀਂ ਠਹਿਰ ਸਕਦਾ, (ਓਵੇਂ ਜਦੋਂ) ਦੇਹ ਮੁਰਝਾ ਜਾਵੇ ਤਾਂ ਰੂਹ ਚਲਾ ਜਾਂਦਾ ਹੈ।

(ਮੈਂ ਕਈ ਜਤਨ ਕੀਤੇ ਹਨ, ਪਰ ਉਹ ਤਾਂ ਇੰਜ ਦੇ ਸਨ) ਜਿਵੇਂ ਕੋਈ ਕੁਆਰੀ ਕੰਨਿਆ ਸ਼ਿੰਗਾਰ ਕਰਦੀ ਹੋਵੇ। ਪਤੀ (ਭਾਵ ਵਾਹਿਗੁਰੂ) ਤੋਂ ਬਿਨਾਂ (ਕੋਈ) ਕਿਵੇਂ ਖ਼ੁਸ਼ੀਆਂ ਮਾਣ ਸਕਦਾ ਹੈ?

(ਪਤੀ ਦੀ ਉਡੀਕ ਵਿਚ) ਕਾਂ ਉਡਾਂਦਿਆਂ ਮੇਰੀ ਬਾਂਹ ਥਕ ਗਈ ਹੈ (ਭਾਵ ਤਾਂਘ ਵਿਚ ਤਾਂ ਮੈਂ ਟੁੱਟ ਚੁੱਕੀ ਹਾਂ ਤੇ ਏਧਰ ਉਮਰ ਦਾ ਭੋਗ ਪੈਣ ਲੱਗਾ ਹੈ)। ਇਹ ਕਥਾ ਤਾਂ ਹੁਣ ਸਮਾਪਤ ਹੋ ਚੱਲੀ ਹੈ।

• •

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥

*—ਸੂਹੀ ਫ਼ਰੀਦ (794 : 15)*

ਮੰਞੁ[1] ਕੁਚਜੀ ਅੰਮਾਵਣਿ[2] ਡੋਸੜੇ[3] ਹਉ ਕਿਉ[4] ਸਹੁ ਰਾਵਣਿ ਜਾਉ ਜੀਉ ॥
[5]ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥
ਜਿਨ੍ਹੀ ਸਖੀ ਸਹੁ ਰਾਵਿਆ ਸੇ [6]ਅੰਬੀ ਛਾਵੜੀਏਹਿ ਜੀਉ ॥
ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ ॥
ਕਿਆ ਗੁਣ ਤੇਰੇ ਵਿਥਰਾ[7] ਹਉ ਕਿਆ ਕਿਆ ਘਿਨਾ[8] ਤੇਰਾ ਨਾਉ ਜੀਉ ॥
[9]ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ ॥

*—ਸੂਹੀ ਮ: ੧ ਕੁਚਜੀ (762 : 6)*

ਮੈ ਕੀਤਾ ਨ ਜਾਤਾ ਹਰਾਮਖੋਰੁ ॥
ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ ॥
ਨਾਨਕੁ ਨੀਚੁ ਕਹੈ ਬੀਚਾਰੁ ॥
[10]ਧਾਣਕ ਰੂਪਿ ਰਹਾ ਕਰਤਾਰ ॥ *—ਸਿਰੀਰਾਗੁ ਮ: ੧ (24 :16)*

ਮੈਂ ਕਸੁੰਭਾ ਚੁਣ ਚੁਣ ਹਾਰੀ।
ਏਸ ਕਸੁੰਭੇ ਦੇ ਖ਼ਾਰ ਭਲੇਰੇ, ਅੜ ਅੜ ਚੁਨਰੀ ਪਾੜੀ।
ਏਸ ਕਸੁੰਭ ਦਾ ਹਾਕਮ ਕਰੜਾ, ਜ਼ਾਲਮ ਹੈ ਪਟਵਾਰੀ।
ਏਸ ਕਸੁੰਭ ਦੇ ਚਾਰ ਮੁਕੱਦਮ, ਮਲਬਾ ਮੰਗਦੇ ਭਾਰੀ।
ਹੋਰਨਾਂ ਚੁਗਿਆ ਫੋਹਿਆ ਫੋਹਿਆ, ਭਰ ਲਈ ਮੈਂ ਪਟਿਆਰੀ।
ਚੁਗ ਚੁਗ ਕੇ ਜੋ ਢੇਰੀ ਕੀਤਾ, ਆਣ ਲਥੇ ਬਿਓਪਾਰੀ।
ਔਖੀ ਘਾਟੀ ਮੁਸ਼ਕਲ ਪੈਂਡਾ, ਸਿਰ ਤੇ ਗਠੜੀ ਭਾਰੀ।
ਅਮਲਾਂ ਵਾਲੀਆਂ ਸਭ ਲੰਘ ਗਈਆਂ, ਰਹਿ ਗਈ ਔਗਣਹਾਰੀ।
ਸਾਰੀ ਉਮਰਾ ਖੇਡ ਗੰਵਾਈ, ਓੜਕ ਬਾਜ਼ੀ ਹਾਰੀ।
ਮੈਂ ਕਮੀਨ, ਕੁਚੱਜੀ, ਕੋਝੀ, ਬੇਗੁਣ ਕਉਣ ਵਿਚਾਰੀ।
ਬੁਲ੍ਹਾ ਸ਼ਹੁ ਦੇ ਲਾਇਕ ਨਾਹੀਂ, ਸ਼ਾਹ ਇਨਾਇਤ ਤਾਰੀ।

*—ਬੁਲ੍ਹੇ ਸ਼ਾਹ*

---

1. ਮੈਂ। 2. [ਅ-ਮਾਵਣਿ] ਜੋ ਸਮਾ ਨਹੀਂ ਸਕਦੇ, ਬਹੁਤ। 3. ਦੋਸ਼। 4. ਕਿਉਂ ਕਰਿ, ਕਿਵੇਂ। 5. ਉਸ ਮਾਲਕ ਦੀਆਂ ਦਾਸੀਆਂ ਤਾਂ ਇਕ ਤੋਂ ਇਕ ਚੜ੍ਹ ਕੇ ਹਨ; ਮੈਂ ਨਿਕੰਮੀ ਨੂੰ ਓਥੇ ਕਉਣ ਜਾਣਦਾ ਹੈ। 6. ਉਹ ਅੰਬਾਂ ਦੀ ਛਾਂ ਥਲੇ, ਭਾਵ ਸੁਖੀ ਹਨ। 7. ਵਿਸਥਾਰ ਨਾਲ ਦੱਸਾਂ। 8. ਲਵਾਂ। 9. ਤੇਰੀ ਇਕ ਵਡਿਆਈ ਤਕ ਵੀ ਮੈਂ ਅਪੜ ਨਹੀਂ ਸਕਦੀ। 10. [ਧਨੁਖ ਧਾਰੀ] ਸਾਂਸੀ ਆਦਿ ਜੰਗਲੀ ਲੋਕ ਜੋ ਡਰਾਉਣੀ ਸ਼ਕਲ ਵਾਲੇ ਹੁੰਦੇ ਹਨ ਅਤੇ ਕੁੱਤੇ ਛੁਰੇ ਲੈ ਕੇ ਸ਼ਿਕਾਰ ਨੂੰ ਜਾਂਦੇ ਹਨ। ਚੋਰੀ, ਠੱਗੀ ਬਹੁਤ ਕਰਦੇ ਹਨ।

ਮੇਰੇ ਗੁਨਾਹ ਆਉਂਦੇ ਗਿਣਤੀ ਕਿਸੇ 'ਚ ਨਾ,
ਐ 'ਦਰਦ' ਰਾਤ ਦਿਲ ਵਿਚ ਕਰਦਾ ਰਿਹਾਂ ਹਿਸਾਬ।

—ਖ਼੍ਵਾਜਾ ਮੀਰ ਦਰਦ

ਤੁਰ ਗਿਆ ਬੁਢੇਪਾ ਤੇ ਜੁਆਨੀ ਅਪਣੀ।
ਕਿੱਥੇ ਨੂੰ ਗਈ 'ਦਰਦ' ਜ਼ਿੰਦਗਾਨੀ ਅਪਣੀ?
ਕਲ ਹੋਰ ਕੋਈ ਆਣ ਸੁਣਾਸੀ ਸ਼ਾਇਦ,
ਹੁਣ ਆਖਦੇ ਹਾਂ ਜਿਸਨੂੰ ਕਹਾਣੀ ਅਪਣੀ। —ਖ਼੍ਵਾਜਾ ਮੀਰ ਦਰਦ

ਅਸਾਂ ਤਾਂ ਅਪਣੀਆਂ ਰੂਹਾਂ ਦੇ ਸੰਗ
ਆਪੇ ਵੈਰ ਕਮਾਇਆ।
ਹੁਣ ਜੇ ਮਾਲਕ ਰਹਿਮ ਨਾ ਕੀਤੋ,
ਤਰਸ ਨਾ ਜੇ ਤੁਧ ਆਇਆ।
ਸਦਾ ਲਈ ਅਸੀਂ ਖੋ ਜਾਵਾਂਗੇ
(ਸਾਂਭ ਅਸਾਨੂੰ ਰਾਇਆ)!

—ਕੁਰਾਨ, ਸੂਰਾਹ 7:23

ਮੈਂ ਹਾਂ ਤੇਰੇ ਅਰਪਨ ਕਰਦਾ
ਇਹ ਦਿਲ ਜੋ ਬੇਦਾਵੀਆ ਧੁਰ ਦਾ।

ਨਾ ਇਨ ਤੇਰੀ ਕਾਰ ਕਮਾਈ;
ਨਾ ਇਨ ਤੇਰੀ ਰਹਿਤ ਨਿਭਾਈ।
ਨਾ ਇਨ ਤੇਰਾ ਸਿਮਰਨ ਕੀਤਾ,
ਤੁਧ ਦਿੱਤਾ, ਇਨ ਖਾ-ਪੀ ਲੀਤਾ।

ਫਿਰ ਵੀ ਇਨ ਤੁਧ ਅਪਣਾ ਮੰਨਿਆ,
ਸਦਾ ਤੇਰੇ ਤੇ ਦਾਈਆ ਬੰਨ੍ਹਿਆ—
ਹੁਣ ਜੇ ਤੂੰ ਮੇਹਰਾਂ ਵਿਚ ਆਵੇਂ,
ਬਖ਼ਸ਼ਿਸ਼ ਦਾ ਜੇ ਬਿਰਦ ਨਿਭਾਵੇਂ,

ਪਾੜ ਕੇ ਸਭ ਬੇਦਾਵੇ ਮੇਰੇ
ਖੁਲ੍ਹ ਕੇ ਅਪਣੀ ਖਿਮਾ ਲੁਟਾਵੇਂ।
ਮੇਰੀ ਜ਼ਿੰਦਗਾਨੀ ਵੀ ਪੁੱਗੇ,
ਤੇਰੀ ਬਖ਼ਸ਼ ਵੀ ਜੱਗ ਵਿਚ ਹੁੱਘੇ।

ਮੈਂ ਹਾਂ ਤੇਰੇ ਅਰਪਨ ਕਰਦਾ,
ਅਪਣਾ ਇਹ ਬੇਦਾਵਾ ਧੁਰ ਦਾ।

*—ਜ.ਸ.ਨ.*

ਪਿਤਾ ਅਸਾਡੇ ਵੇਖ ਅਸਾਨੂੰ
ਪਾਪ-ਕਰਮ ਦੇ ਕੋਹੇ ਹਾਂ।
ਤੇਰੀ ਸਗਲ ਸਿਰਜਨਾ ਵਿਚੋਂ
ਅਸੀਂ ਹੀ ਬੇਮੁਖ ਹੋਏ ਹਾਂ।
ਦ੍ਵੈਤ-ਦੁਫੇੜਾਂ ਦੇ ਮੁੱਠਿਆਂ ਨੂੰ
ਮੁੜ ਕੇ ਆਪਣੇ ਰਾਹੇ ਪਾ,
ਪਿਤਾ ਅਸਾਡੇ ਸਾਨੂੰ ਕਰੁਣਾ,
ਪਿਆਰ ਅਤੇ ਅਭਿਮਾਨ ਸਿਖਾ।
ਤਾਂ ਜੋ ਘਾਓ ਭਰੀਨ ਜ਼ਿਮੀਂ ਦੇ।
ਅਸੀਂ ਵੀ ਫਿਰ ਤੋਂ ਹੋਈਏ ਜੀਂਦੇ।

*—ਆਰਟ ਸੋਲੋਮਨ (ਓਜਿਬਵੇ ਕੈਨੇਡੀਅਨ)*

ਜਾਗ ਮਨਾ ਸਭ ਰੈਣ ਵਿਹਾਣੀ।
ਗਿਆ ਜਨਮ ਅੰਜੁਲੀ ਦਾ ਪਾਣੀ।
ਘੜੀ ਘੜੀ ਘੜੀਆਲ ਵਜਾਵੇ,
ਜੋ ਦਿਨ ਜਾਵੇ ਮੁੜ ਨਾ ਆਵੇ।
ਸੂਰਜ-ਚੰਦ ਕਹਿਣ ਸਮਝਾਇ,
ਛਿਨ ਛਿਨ ਉਮਰਾ ਘਟਦੀ ਜਾਏ।
ਸਰਵਰ-ਪਾਣੀ, ਤਰਵਰ-ਛਾਇਆ,
ਨਿਸ ਦਿਨ ਕਾਲ ਗ੍ਰਾਸੇ ਕਾਇਆ।
ਉਡਿਆ ਹੰਸ, ਪ੍ਰਾਣ ਕੁਮਲਾਣਾ,
ਅਜੇ ਨ ਆਤਮ ਰਾਮ ਪਛਾਣਾਂ।

*—ਦਾਦੂ ਦਇਆਲ*

ਮਨ ਤੂੰ ਕਿਸ ਕਾਰਣ ਜਗ ਆਇਆ ?
ਭਰਿਆ ਉਦਰ ਸੁਆਨ ਦੀ ਨਿਆਈਂ, ਸੁੱਤਿਆਂ ਜਨਮ ਗੁਆਇਆ।
ਪਿਛਲੇ ਪਹਿਰ ਜਾਗਿਆ ਨਾਹੀਂ, ਕੋ ਸ਼ੁਭ ਕਰਮ ਨ ਕੀਤਾ।
ਉਲਟੇ ਮਾਰਗ ਤੁਰਿਆ ਫਿਰਿਆ, ਗੁਰ ਉਪਦੇਸ਼ ਨ ਲੀਤਾ।
ਨਾ ਜਪ ਕੀਤਾ, ਨਾ ਤਪ ਸਾਧੇ, ਨਾ ਕੁਝ ਦਾਨ ਕਰਾਇਆ।
ਉਲਝਿਆ ਫਿਰਿਆ ਮੋਹ ਮਨ ਅੰਦਰ, ਅਪਣੀ ਸਮਝੀ ਕਾਇਆ।
ਇਹ ਕਾਇਆ ਤਾਂ ਮੌਤ ਦੀ ਮਾੜੀ, ਆਣ ਕਢੇਸੀ ਤੈਨੂੰ,
ਪਲ ਭਰ ਵੱਧ ਰਹਿਣ ਨ ਮਿਲਸੀ, ਹਾੜੇ ਪਾਸੇਂ ਕੈਨੂੰ ?
ਹੇ ਪ੍ਰਭੂ ਅਸੀਂ ਰਾਤ-ਦਿਨ ਦੇਹ ਦੇ ਸੁਖ ਦੇ ਕਰੇ ਉਪਾ;
ਚਰਨਦਾਸ ਸੁਣ ਸਹਿਜੀਆ ਆਖੇ, ਹੁਣ ਚਿਤ ਭਜਨ ਲਗਾ।

—*ਚਰਨਦਾਸ*

ਹੇ ਮਾਲਕ, ਤੂੰ ਨਾਲ ਪਰਾਇਆਂ ਵਾਕਫ਼ ਅਸਾਂ ਕਰਾਇਆ।
ਘਰਾਂ ਬਿਗਾਨਿਆਂ ਅੰਦਰ ਸਾਨੂੰ ਆਸਣ ਤੁਧ ਦਿਵਾਇਆ।
ਨੇੜੇ ਆਇ ਦੂਰਲੇ ਸਾਡੇ, ਮਿੱਤ ਅਸਾਡੇ ਹੋਏ,
ਅਸਾਂ ਨ, ਐਪਰ, ਨਾਲ ਕਿਸੇ ਵੀ ਜਾਣੂ ਤੁਧ ਕਰਾਇਆ।

—*ਇਕ ਪੌਲੀਨੀਸ਼ੀਅਨ ਅਰਦਾਸ*

ਹੇ ਮਾਲਿਕ !
ਕੀ ਤੂੰ ਖਿਮਾ ਕਰ ਦੇਵੇਂਗਾ ਮੇਰਾ ਉਹ ਗੁਨਾਹ
ਜੋ ਪਹਿਲ ਵਾਰ ਮੈਂ ਕੀਤਾ—
ਨਹੀਂ, ਜੋ ਪਹਿਲਾਂ ਵੀ ਮੈਂ ਕੀਤਾ ?

ਕੀ ਤੂੰ ਖਿਮਾ ਕਰ ਦੇਵੇਂਗਾ ਉਹ ਸਭ ਗੁਨਾਹ
ਜੋ ਮੈਂ ਨਿੱਤ ਵਿਹਾਜਦਾ ਆਇਆ,
ਤੇ ਅਜੇ ਵੀ, ਵਿਹਾਜਦਾ ਜਾਨਾਂ—
ਭਾਵੇਂ ਮੂੰਹੋਂ ਮੈਂ ਉਹਨਾਂ ਨੂੰ ਨਿੰਦਨਾਂ ਹਾਂ ?
ਜੇਕਰ ਤੂੰ ਖਿਮਾ ਕਰ ਵੀ ਦਏਂਗਾ,
ਤਾਂ ਵੀ ਗੱਲ ਮੁਕਣੀ ਨਹੀਂ,
ਕਿ ਇੱਚਰ ਨੂੰ ਮੈਂ ਹੋਰ ਗੁਨਾਹ ਕਰ ਲਏ ਹੋਣੇ ਹਨ।

ਹੇ ਮਾਲਿਕ !
ਕੀ ਤੂੰ ਖਿਮਾ ਕਰ ਦਏਂਗਾ ਮੇਰਾ ਉਹ ਗੁਨਾਹ
ਜੋ ਮੈਂ ਹੋਰਨਾਂ ਗੁਮਰਾਹ ਕਰਨ ਹਿਤ ਕੀਤਾ ?
ਜਿਸ ਤੋਂ ਮੈਂ ਪਹਿਲਾਂ ਸਾਲ ਦੋ ਸਾਲ ਝਕਿਆ,
ਤੇ ਫਿਰ ਵਰ੍ਹਿਆਂ ਬੱਧੀ ਜੁਟਿਆ ਰਿਹਾ।
ਜੇਕਰ ਤੂੰ ਇਹ ਵੀ ਬਖ਼ਸ਼ ਦੇਏਂਗਾ, ਤਾਂ ਵੀ ਗਲ ਨਹੀਂ ਮੁੱਕਣੀ,
ਕਿ ਤਦ ਤੋੜੀ ਮੈਂ ਹੋਰ ਗੁਨਾਹ ਵਿਹਾਜ ਲਏ ਹੋਣੇ ਨੇ।

ਮੇਰਾ ਤਾਂ ਇਕ ਹੋਰ ਗੁਨਾਹ, ਭੈ-ਗ੍ਰੱਸਿਆ ਗੁਨਾਹ ਵੀ ਹੈ,
ਕਿ ਜਦ ਮੈਂ ਸਾਹਾਂ ਦੀ ਤਾਣੀ ਦੀ ਆਖ਼ਰੀ ਤੰਦ ਵੀ ਪਾ ਹਟਾਂਗਾ,
ਤਾਂ ਸਾਹਿਲ ਉਤੇ ਖੜਾ ਹੀ ਬੀਤ ਜਾਵਾਂਗਾ।
ਆਪਣੀ ਸੌਂਹ ਖਾ ਕੇ ਆਖ ਮੇਰੇ ਆਕਾ
ਕਿ ਤੇਰਾ ਸੂਰਜ ਮੇਰੀ ਮੌਤ ਉਪਰ ਵੀ ਉਵੇਂ ਹੀ ਚਮਕੇ ਗਾ,
ਜਿਵੇਂ ਅੱਜ ਚਮਕਦਾ ਹੈ ਤੇ ਚਮਕਦਾ ਆਇਆ ਹੈ।
ਜੇ ਇਹ ਹੋ ਜਾਵੇਗਾ, ਤਾਂ ਗੱਲ ਮੁਕ ਜਾਵੇਗੀ,
ਕਿਉਂ ਜੁ ਤਦ ਮੇਰੇ ਪਾਸ ਹੋਰ ਕੋਈ ਗੁਨਾਹ ਨਹੀਂ ਹੋਣੇ।

*—ਜਾਹਨ ਡੰਨ*



ਮੈਂ ਟੈਲੀਫ਼ੋਨ ਹੁਣੇ ਰਖਿਆ ਹੈ।
ਕਿਉਂ ਕੀਤਾ ਸੀ ਉਸ ?..... ਰੱਬ ਜਾਣੇ !
ਮੈਂ ਤਾਂ ਬਹੁਤਾ ਬੋਲਿਆ ਹੀ ਸਾਂ,
ਸੁਣਿਆ ਬੜਾ ਘੱਟ !

ਖਿਮਾ ਕਰੀਂ ਮਾਲਿਕ,
ਇਹ ਗੁਫ਼ਤਗੂ ਨਹੀਂ ਸੀ,
ਕੇਵਲ ਇਕ-ਬਚਨੀ ਸੀ।
ਮੈਂ ਆਪਣਾ ਹੀ ਦੱਸੀ ਗਿਆ,
ਉਸ ਦਾ ਮਨੋਰਥ ਨਹੀਂ ਲਿਆ।

ਮੈਂ ਸੁਣਿਆ ਨਹੀਂ, ਸੋ ਸਮਝਿਆ ਨਹੀਂ;
ਸੁਣਿਆ ਨਹੀਂ, ਸੋ ਕੁਝ ਕੀਤਾ ਨਹੀਂ;
ਸੁਣਿਆ ਨਹੀਂ, ਸੋ ਵਿਚਾਰ-ਵਟਾਂਦਰਾ ਨਹੀਂ ਹੋਇਆ।

ਖਿਮਾ ਕਰੀਂ, ਮਾਲਿਕ,
ਅਸੀਂ ਜੁੜੇ ਤੇ ਸਾਂ,
ਪਰ ਵਿਛੜੇ ਵਿਛੜੇ।

—ਮਿਸ਼ਲ ਕੁਆਇਸਟ

ਪ੍ਰਭੂ ਜੀ ਇਹ ਮਨ ਮੂੜ੍ਹ ਨ ਮੰਨਦਾ।
ਕਾਮ, ਕ੍ਰੋਧ, ਮਦ, ਲੋਭ ਦੀ ਡੋਰੀ ਭੱਜ ਭੱਜ ਰਹਿੰਦਾ ਤਣਦਾ।
ਬੜਾ ਨਿਲੱਜ, ਲਾਜ ਨਾ ਇਸਨੂੰ, ਜੋ ਚਾਹੇ ਸੋ ਠਾਣੇ,
ਸਤ-ਅਸੱਤ ਤੇ ਧਰਮ-ਅਧਰਮ 'ਚ ਫ਼ਰਕ ਨਾ ਮੂਲ ਪਛਾਣੇ।
ਕਰ ਕਰ ਹਾਰੀ ਜਤਨ ਨਾਥ ਮੈਂ, ਇਨ ਕੋਈ ਸ਼ਰਮ ਨਾ ਆਈ—
ਦੀਨ ਜਾਣ ਕੇ ਰੂਪ ਕੁੰਵਰ ਦੀ ਲਾਜ ਰਖੋ ਰਘੁਰਾਈ।

—ਰੂਪ ਕੁੰਵਰ

ਅੱਜ ਨ ਚੁੱਪ ਕਰ ਬਹਿੰਦੇ ਨੀ, ਪਛਤਾਵੇ ਮੇਰੇ।
ਗਿਣ ਗਿਣ ਲੇਖਾ ਲੈਂਦੇ ਨੀ, ਪਛਤਾਵੇ ਮੇਰੇ।

ਪਏ ਰਹੇ ਉਮਰਾ ਭਰ ਸੁੱਤੇ,
ਜਾਗ ਪਏ ਨੀ ਪਿੱਛਲ ਰੁੱਤੇ;
ਭੁੜਕ ਭੁੜਕ ਅੱਜ ਪੱਬਾਂ ਉਤੇ
ਮਨ ਆਵੇ ਸੋ ਕਹਿੰਦੇ ਨੀ, ਪਛਤਾਵੇ ਮੇਰੇ।

ਇਕ ਇਕ ਸੌ ਸਲਵਾਤ ਸੁਣਾਂਦਾ,
ਮੈਨੂੰ ਮੇਰਾ ਨੰਗ ਦਿਖਾਂਦਾ,
ਬਦਫ਼ੈਲੀ ਦੀਆਂ ਊਜਾਂ ਲਾਂਦਾ,
'ਭੜੂਆਂ' ਮੈਨੂੰ ਕਹਿੰਦੇ ਨੀ, ਪਛਤਾਵੇ ਮੇਰੇ।

ਸ਼ੀਸ਼ੇ ਸਾਹਵੇਂ ਆਣ ਬਿਠਾਂਦੇ,
ਤਨ ਦਾ ਕੱਚਾ-ਕੋਹੜ ਦਿਖਾਂਦੇ,
ਮੇਰੀ ਨਜ਼ਰੋਂ ਮੁਝੇ ਗਿਰਾਂਦੇ,
ਲਾਅਨਤ ਲੱਖ ਪਵੇਂਦੇ ਨੀ, ਪਛਤਾਵੇ ਮੇਰੇ।

ਲੱਤ ਮਾਰਨ ਧਰਵਾਸ ਮੇਰੀ ਤੇ,
ਥੁੱਕ ਥੁੱਕ ਜਾਵਨ ਆਸ ਮੇਰੀ ਤੇ,
ਕੀੜੇ ਪਾਵਣ ਲਾਸ਼ ਮੇਰੀ ਤੇ,
ਆਪ ਭਲੇ ਹੋ ਬਹਿੰਦੇ ਨੀ, ਪਛਤਾਵੇ ਮੇਰੇ।

ਇਕੇ ਤਾਂ ਮੇਰਾ ਕੋਠਾ ਸਾੜਨ,
ਇਕੇ ਮੇਰੀ ਮੁਨਿਆਦ ਉਖਾੜਨ,
ਏਕਣ ਜਿਹੜਾ ਮਹਿਲ ਉਜਾੜਨ,
ਓਸੇ ਘਰ ਆ ਬਹਿੰਦੇ ਨੀ, ਪਛਤਾਵੇ ਮੇਰੇ।

ਹਿੱਕ ਮੇਰੀ 'ਚੋਂ ਹੌਲ ਉਜਾਲਣ,
ਕਾਇਆ ਅੰਦਰ ਕਾਂਬੇ ਛਾਲਣ;
ਨਾ ਇਹ ਮਾਰਨ, ਨਾਂਹਿ ਜਿਵਾਲਣ,
ਉੱਭੇ ਸਾਸ ਦਿਵੇਂਦੇ ਨੀ, ਪਛਤਾਵੇ ਮੇਰੇ।

ਕਣ ਕਣ ਸੌ ਸੌ ਚਿਣਗ ਜਗਾਵਣ,
ਅੰਗ ਅੰਗ ਅੰਗਿਆਰ ਮਘਾਵਣ;
ਲੂੰ ਲੂੰ ਅੰਦਰ ਲਾਂਬੂ ਲਾਵਣ,
ਤੱਤੀ ਤਵੀ ਤਪੈਂਦੇ ਨੀ, ਪਛਤਾਵੇ ਮੇਰੇ।

ਇਕੇ ਤਾਂ ਪੱਛਦੇ, ਇਕੇ ਤਾਂ ਕੁਹੰਦੇ,
ਹਰ ਦੁਖਦੀ ਰਗ ਵਲ ਵਲ ਛੁਹਦੇ।
ਚਿਰ-ਵਿਸਰਾਈਆਂ ਵੱਤ ਆ ਛੁਹੰਦੇ,
ਬੁੱਝੀਆਂ ਮੁੜ ਸੁਲਗੈਂਦੇ ਨੀ, ਪਛਤਾਵੇ ਮੇਰੇ।



ਕਦੇ ਤਾਂ ਕਹਿਣ ਮੁਝੇ ਆਵਾਰਾ,
ਆਖਣ ਕਦੇ 'ਹਿਰਸ ਦਾ ਮਾਰਾ',
ਰਈ ਕਰਨ ਤਾਂ ਕਹਿਣ 'ਵਿਚਾਰਾ',
ਨਾਮ ਡੇਰਾ, ਪਰ ਲੈਂਦੇ ਨੀ, ਪਛਤਾਵੇ ਮੇਰੇ।

ਅੱਜ ਸਜਨਾ ਜੇ ਤੂੰ ਆ ਜਾਵੇਂ,
ਹੰਝੂ ਮੇਰੇ ਹੂੰਝ ਲਿਜਾਵੇਂ,
ਬਖ਼ਸ਼ਿਸ਼ ਦਾ ਦਰ ਖੋਲ੍ਹ ਦਿਖਾਵੇਂ,
ਫਿਰ ਵੇਖਾਂ ਕੀ ਕਹਿੰਦੇ ਨੀ, ਪਛਤਾਵੇ ਮੇਰੇ। —ਜ.ਸ.ਨ.

ਜੋ ਸੀ ਸਾਡੇ ਸੋਚਣ ਜੋਗਾ, ਅਸਾਂ ਵਿਚਾਰਿਆ ਨਾਹੀਂ।
ਜੋ ਸੀ ਸਾਡੇ ਚਿੰਤਨ ਜੋਗਾ, ਅਸਾਂ ਚਿਤਾਰਿਆ ਨਾਹੀਂ।
ਜੋ ਸੀ ਸਾਡੇ ਆਖਣ ਜੋਗਾ, ਅਸਾਂ ਅਲਾਇਆ ਨਾਹੀਂ।
ਜੋ ਸੀ ਸਾਡੇ ਕਰਨ ਗੋਚਰਾ, ਅਸਾਂ ਕਮਾਇਆ ਨਾਹੀਂ।
ਜੋ ਸੀ ਉੱਠ ਕੇ ਬੋਲਣ ਜੋਗਾ, ਅਸਾਂ ਸੁਣਾਇਆ ਨਾਹੀਂ।
ਜੋ ਸੀ ਸਾਡੇ ਸਿਰਜਣ ਜੋਗਾ, ਅਸਾਂ ਬਣਾਇਆ ਨਾਹੀਂ।
ਜੋ ਸੀ ਨਿਰਾ ਨਕਾਰਨ ਜੋਗਾ, ਸੋਈ ਅਸਾਂ ਕਮਾਇਆ।
ਮਨ-ਬਚ-ਕਰਮਾਂ ਸਾਡਿਆਂ ਤਾਈਂ ਕਰ ਦਈਂ ਮਾਫ਼ ਖ਼ੁਦਾਇਆ।
—ਇਕ ਫ਼ਾਰਸੀ ਦੁਆ



# ਦਰਸਨੁ ਦੇਖਿ ਭਈ ਨਿਹਕੇਵਲ



ਅਰਦਾਸਿ ਸੁਣੀ ਦਾਤਾਰਿ ਪ੍ਰਭਿ ਢਾਢੀ ਕਉ ਮਹਲਿ ਬੁਲਾਵੈ ॥
ਪ੍ਰਭ ਦੇਖਦਿਆ ਦੁਖ ਭੁਖ ਗਈ ਢਾਢੀ ਕਉ ਮੰਗਣੁ ਚਿਤਿ ਨ ਆਵੈ ॥

*— ਮਾਰੂ ਵਾਰ ਮ: ੫ (1097:12)*

ਓਹਾ ਚੰਨ ਹਮੇਸ਼ਾ ਵਰਗਾ।
ਓਕਣ ਵਰਗਾ ਹੀ ਸਦਬਰਗਾ।
ਕੇਵਲ ਮੈਂ ਹੀ ਵੇਖ ਕੇ ਤੈਨੂੰ,
ਵਸਤਾਂ ਦਾ ਵਸਤਿਤਵ ਹੋ ਗਿਆ।

*—ਇਕ ਜਾਪਾਨੀ ਹਾਇਕੂ*

## 12

# ਦਰਸਨੁ ਦੇਖਿ ਭਈ ਨਿਹਕੇਵਲ

ਅਧਿਆਤਮ ਮਾਰਗ ਦੇ ਪਾਂਧੀ ਇੰਦਰਿਆਵੀ ਸੰਸਾਰ ਨਾਲੋਂ ਆਪਣਾ ਮਾਨਸਿਕ ਨਾਤਾ ਤੋੜ ਲੈਂਦੇ ਹਨ। ਫਿਰ ਉਹ ਉੱਚੇ ਪੱਧਰ ਦੀ ਕਿਸੇ ਅਧਿਆਤਮਕ ਚੇਤਨਾ ਵਿਚ ਪ੍ਰਵੇਸ਼ ਕਰਨ ਲਗਦੇ ਹਨ। ਤਦੋਂ ਤੋਂ ਉਹ ਇਸ ਨਵੀਂ ਚੇਤਨਾ ਦੇ ਖ਼ੁਮਾਰ ਵਿਚ ਹੀ ਵਿਚਰਦੇ ਰਹਿਣਾ ਲੋਚਦੇ ਹਨ। ਜਿਉਂ ਜਿਉਂ ਉਹ ਇਸ ਪੰਧ 'ਤੇ ਅੱਗੇ ਵੱਧਦੇ ਹਨ, ਦੈਵੀ ਜ਼ਿੰਦਗੀ ਦੇ ਰਹੱਸ ਉਹਨਾਂ ਉਪਰ ਪ੍ਰਗਟ ਹੋਣੇ ਸ਼ੁਰੂ ਹੋ ਜਾਂਦੇ ਹਨ ਤੇ ਆਖ਼ਰ ਉਹ ਕਿਸੇ ਅਸੀਮ ਸਦੀਵਤਾ ਦੀ ਕੁਰਬਤ ਵਿਚ ਵਿਚਰਦੇ ਤੇ ਉਸ ਉਪਰ ਨਿੱਤ ਵਧਦੀ ਨਿਰਭਰਤਾ ਪ੍ਰਤੀਤ ਕਰਦੇ ਹਨ।

ਉਹ ਆਪ ਇਸ 'ਸਮੀਪਤਾ' ਨੂੰ ਨਿੱਤ ਹੋਰ ਹੋਰ ਸੰਘਣੀ ਹੁੰਦਿਆਂ ਪ੍ਰਤੀਤ ਕਰਦੇ ਹਨ। ਹੌਲੀ ਹੌਲੀ ਇਹ ਸਮੀਪਤਾ 'ਸਾਜੁਜਤਾ' ਵਿਚ ਪਰਿਵਰਤਿਤ ਹੋ ਜਾਂਦੀ ਹੈ। ਤਦ ਪ੍ਰਭੂ ਆਪਣੇ ਕੋਲ ਅਥਵਾ ਨੇੜੇ ਨਹੀਂ ਲਗਦਾ, ਸਗੋਂ ਉਸ ਨਾਲ ਸੰਪੂਰਨ ਇਕਮਿਕਤਾ ਹੋਈ ਪ੍ਰਤੀਤ ਹੋਂਦੀ ਹੈਂ। ਕੋਈ ਵਿੱਥ ਬਾਕੀ ਨਹੀਂ ਰਹਿੰਦੀ, ਕੋਈ ਫ਼ਾਸਲਾ ਨਹੀਂ ਰਹਿੰਦਾ। ਆਤਮਾ ਦਾ ਪਰਮਾਤਮਾ ਅੰਦਰ ਹਲੂਲ ਹੋ ਜਾਂਦਾ ਹੈ।

ਇਸ ਪੱਧਰ 'ਤੇ ਪਹੁੰਚ ਕੇ ਫਿਰ ਸਾਧਕ ਆਪਣੇ ਆਪ ਨੂੰ ਕਿਸੀ ਐਸੀ ਸਰਬ ਵਿਆਪਕ ਗਤੀਸ਼ੀਲ ਜ਼ਿੰਦਗੀ ਨਾਲ ਇਕਮਿਕ ਹੋਇਆ ਪ੍ਰਤੀਤ ਕਰਦਾ ਹੈ, ਜੋ ਹਰ ਵਸਤੂ, ਹਰ ਜੀਵ, ਸਭ ਦੁਨੀਆਵਾਂ ਅੰਦਰ ਧੜਕ ਰਹੀ ਦਿਸਦੀ ਹੈ ਤੇ ਉਸ ਦੀ ਆਪਣੀ ਜ਼ਿੰਦਗੀ ਦੀ ਵੀ ਸ੍ਰੋਤ ਏਹੋ ਲਗਦੀ ਹੈ।

ਭਾਵੇਂ ਇੰਦਰਿਆਵੀ ਗਿਆਨ ਨਾਲ ਉਸ ਦਾ ਸੰਬੰਧ ਟੁੱਟ ਚੁੱਕਾ ਹੁੰਦਾ ਹੈ, ਤਾਂ ਵੀ ਸਾਧਕ ਨੂੰ ਜ਼ਿੰਦਗੀ ਦੀ ਹਰੇਕ ਅਭਿਵਿਅੰਜਨਾ ਵਿਚ ਇਕ ਪਵਿੱਤਰ ਅਰਥ, ਇਕ ਹੈਰਤ ਅੰਗੇਜ਼ ਸੁੰਦਰਤਾ, ਇਕ ਗੰਭੀਰਤਮ ਮਹੱਤਾ ਨਜ਼ਰ ਆਉਂਦੀ ਹੈ, ਜੋ ਹੋਰਨਾਂ ਲੋਕਾਂ ਨੂੰ ਪ੍ਰਤੀਤ ਨਹੀਂ ਹੋਂਦੀ। ਇਸ ਅਵਸਥਾ ਵਿਚ ਉਹ ਬੇਅਖ਼ਤਿਆਰ ਬੋਲਦਾ ਹੈ:

**ਬਿਸਮਨ ਬਿਸਮ ਭਏ ਬਿਸਮਾਦ॥ ਜਿਨਿ ਬੂਝਿਆ ਤਿਸੁ ਆਇਆ ਸ੍ਵਾਦ॥**

*—ਗਉੜੀ ਸੁਖਮਨੀ ਮ: ੫ (285 : 2)*

ਉਸ ਨੂੰ ਸ਼ੁਧ ਅਸਤਿਤਵ ਦੀ ਨਿਹਕੇਵਲ ਸੋਝੀ, ਤੇ ਸੰਪੂਰਨ ਨਿਰਗੁਣਤਾ ਦੀ ਕਾਮਲ ਪਛਾਣ ਪ੍ਰਾਪਤ ਹੋ ਜਾਂਦੀ ਹੈ। ਇਸ ਇਕਮਿਕਤਾ ਸਦਕੇ ਜਨਮ ਮਰਨ ਦੇ ਉਸਦੇ ਸਾਰੇ ਦੁਖ ਕਲੇਸ਼ ਨਿਬੜ ਜਾਂਦੇ ਹਨ। ਉਹ ਸੁਤੈ ਹੀ ਪ੍ਰਤੀਤ ਕਰਦਾ ਹੈ:

**ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ॥**[1]

ਇਸ ਮਿਲਾਪ ਸਦਕਾ ਉਹ ਇਕੋ ਵੇਲੇ ਯਥਾਰਥ ਦੀ ਸਾਮਿਅਕਤਾ ਤੇ ਸਦੀਵਤਾ, ਵਿਆਪਕਤਾ ਤੇ ਪਾਰਗਾਮਤਾ, ਸਰਗੁਣਤਾ ਤੇ ਨਿਰਗੁਣਤਾ ਦਾ ਜਾਣਕਾਰ ਹੋ ਜਾਂਦਾ ਹੈ।

ਇਸ ਅਵਸਥਾ ਦਾ ਅਨੁਭਵ ਨਿਰਾ ਅਕੱਥ ਹੋਂਦਾ ਹੈ। ਜੇਕਰ ਕੋਈ ਇਸ ਨੂੰ ਬਿਆਨਣ ਦਾ ਜਤਨ ਕਰਨਾ ਲੋਚਦਾ ਹੋਵੇ ਤਾਂ ਉਸ ਨੂੰ ਪਦਾਰਥਕ ਸੰਸਾਰ ਵਿਚੋਂ ਲੋੜੀਂਦੇ ਢੁਕਵੇਂ ਸੰਕੇਤਕ ਚਿੰਨ੍ਹ ਚੁਣ ਕੇ, ਕਾਵਿਕ ਪੱਧਰ 'ਤੇ, ਉਹਨਾਂ ਦੀ ਵਰਤੋਂ ਕਰਨੀ ਪੈਂਦੀ ਹੈ। ਇਕ ਚਿੰਨ੍ਹ ਜੋ ਇਸ ਕੰਮ ਲਈ ਆਮ ਚੁਣਿਆ ਜਾਂਦਾ ਹੈ ਉਹ ਇਸਤ੍ਰੀ-ਭਰਤੇ ਦੇ ਮਿਲਾਪ ਦਾ ਚਿੰਨ੍ਹ ਹੈ। ਪਰਮਾਤਮਾ ਨਾਲ ਮਿਲੀ ਹੋਈ ਆਤਮਾ ਆਪਣੇ ਆਪ ਨੂੰ ਉਸ ਸੁਹਾਗਣ ਨਾਲ ਉਪਮਾ ਦੇਂਦੀ ਹੈ ਜਿਸ ਦੀ ਸੇਜ ਨੂੰ ਉਸ ਦੇ ਪਿਆਰੇ ਪਤੀ ਨੇ ਸੁਭਾਇਮਾਨ ਕਰ, ਉਸ ਨੂੰ ਅੰਗੀਕਾਰ ਕਰ ਲਿਆ ਹੋਵੇ। ਯਥਾ:

**ਗੁਰ ਕੀ ਕਾਰ ਕਰੇ ਧਨ ਬਾਲੜੀਏ ਹਰਿ ਵਰੁ ਦੇਇ ਮਿਲਾਏ ਰਾਮ॥**
**ਹਰਿ ਕੈ ਰੰਗਿ ਰਤੀ ਹੈ ਕਾਮਣਿ ਮਿਲਿ ਪ੍ਰੀਤਮ ਸੁਖੁ ਪਾਏ ਰਾਮ॥**
**ਮਿਲਿ ਪ੍ਰੀਤਮ ਸੁਖੁ ਪਾਏ ਸਚਿ ਸਮਾਏ ਸਚੁ ਵਰਤੈ ਸਭ ਥਾਈ॥**
**ਸਚਾ ਸੀਗਾਰੁ ਕਰੇ ਦਿਨੁ ਰਾਤੀ ਕਾਮਣਿ ਸਚਿ ਸਮਾਈ॥**
**ਹਰਿ ਸੁਖਦਾਤਾ ਸਬਦਿ ਪਛਾਤਾ ਕਾਮਣਿ ਲਇਆ ਕੰਠਿ ਲਾਏ॥**
**ਨਾਨਕ ਮਹਲੀ ਮਹਲੁ ਪਛਾਣੈ ਗੁਰਮਤੀ ਹਰਿ ਪਾਏ॥**[2]

ਪਰ, ਫਿਰ ਵੀ ਇਹ ਸੱਚ ਹੈ ਕਿ ਕੋਈ ਵੀ ਦੁਨੀਆਵੀ ਚਿੰਨ੍ਹ, ਕੋਈ ਵੀ ਪਦਾਰਥਕ ਬਿੰਬ ਉਸ ਆਨੰਦ ਦੀ ਤੀਬਰਤਾ ਨਹੀਂ ਦਰਸਾ ਸਕਦਾ ਕਿਉਂਕਿ ਇਹ 'ਗੁੰਗੇ ਦੀ ਮਠਿਆਈ' ਵਾਲੀ ਬਾਤ ਹੋ ਨਿਬੜਦੀ ਹੈ। ਉਹ ਤਾਂ ਬੱਸ ਇਹੋ ਹੀ ਆਖ ਸਕਦਾ ਹੈ:

**ਦਰਸਨੁ ਪੇਖਤ ਹੋਇ ਨਿਹਾਲੁ॥**[3]

---

1. ਸੂਹੀ ਮ: ੧ (764 : 19)
2. ਸੂਹੀ ਮ: ੩ (770 : 7)
3. ਰਾਮਕਲੀ ਮ: ੫ (900 : 14)

ਫਿਰ ਅਸੀਂ ਉਹ ਵੇਖਦੇ ਹਾਂ, ਜੋ ਅਸੀਂ ਹਾਂ; ਤੇ ਉਹ ਹੋਂਦੇ ਹਾਂ ਜੋ ਅਸੀਂ ਵੇਖਦੇ ਹਾਂ। ਸਾਡੇ ਵਿਚਾਰ, ਸਾਡੀ ਜ਼ਿੰਦਗੀ ਤੇ ਸਾਡਾ ਅਸਤਿਤਵ ਕਿਸੇ ਸਾਦਗੀ ਵਿਚ ਉਚਿਆਏ ਗਏ ਹੋਂਦੇ ਹਨ ਤੇ ਸੱਚ ਨਾਲ, ਅਥਵਾ ਰੱਬ ਨਾਲ ਇਕਮਿਕ ਹੋ ਗਏ ਹੁੰਦੇ ਹਨ।

*—ਰਾਈਜ਼ਬ੍ਰੋਇਕ*

• •

**ਬਿਸਮਨ ਬਿਸਮ ਭਈ ਪੇਖਿ ਗੁਣ ਅਬਿਨਾਸੀ ਰਾਮ॥**
**ਕਰੁ ਗਹਿ ਭੁਜਾ ਗਹੀ ਕਟਿ ਜਮ ਕੀ ਫਾਸੀ ਰਾਮ॥**
**ਗਹਿ ਭੁਜਾ ਲੀਨ੍ਹੀ ਦਾਸਿ ਕੀਨ੍ਹੀ ਅੰਕੁਰਿ ਉਦੋਤੁ ਜਣਾਇਆ॥**
**ਮਲਨ ਮੋਹ ਬਿਕਾਰ ਨਾਠੇ ਦਿਵਸ ਨਿਰਮਲ ਆਇਆ॥**
**ਦ੍ਰਿਸਟਿ ਧਾਰੀ ਮਨਿ ਪਿਆਰੀ ਮਹਾ ਦੁਰਮਤਿ ਨਾਸੀ॥**
**ਬਿਨਵੰਤਿ ਨਾਨਕ ਭਈ ਨਿਰਮਲ ਪ੍ਰਭ ਮਿਲੇ ਅਬਿਨਾਸੀ॥੩॥**
**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥**
**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥**
**ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥**
**ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥**
**ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ॥**
**ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ॥੪॥**

*—ਬਿਲਾਵਲੁ ਮ: ੫ (846 : 13)*



ਮੈਂ ਹੈਰਾਨ ਤੇ ਹੈਰਤਮੰਦ ਹੋਈ ਹੋਈ ਹਾਂ, (ਆਪਣੇ) ਅਮਰ (ਪਤੀ) ਦੇ ਗੁਣ ਵੇਖ ਕੇ। (ਉਸ ਨੇ) ਮੇਰਾ ਹੱਥ ਪਕੜ ਲਿਆ, ਬਾਂਹ ਥੰਮ ਲਈ ਤੇ ਜਮ ਦੀ ਫਾਸੀ ਕੱਟ ਦਿੱਤੀ। ਉਸ ਨੇ ਮੇਰੀ ਬਾਂਹ ਫੜ ਕੇ (ਮੈਨੂੰ) ਦਾਸੀ ਬਣਾ ਲਿਆ। ਫਿਰ (ਭਾਗਾਂ) ਦੇ ਅੰਕੁਰ (ਕਾਰਣ), ਗਿਆਨ ਦਾ ਪ੍ਰਕਾਸ਼ ਕਰ ਦਿੱਤਾ। ਸਾਰੀ ਮਲੀਨਤਾ, ਮੋਹ ਤੇ ਵਿਕਾਰਾਂ ਦੀ, ਨੱਸ ਗਈ ਤੇ ਸੁੱਛ ਦਿਨ ਆ ਗਏ। ਫਿਰ (ਕਿਰਪਾ ਦੀ ਐਸੀ) ਨਜ਼ਰ ਕੀਤੀ (ਮੇਰੇ ਉਪਰ), ਕਿ (ਮੇਰੀ) ਬੇਹਦ ਖੋਟੀ ਮਤ ਦਾ ਨਾਸ ਹੋ ਗਿਆ। ਨਾਨਕ ਬੇਨਤੀ ਕਰਦਾ ਹੈ, (ਐਸੇ) ਅਮਰ ਪ੍ਰਭੂ ਦੇ ਮਿਲਣ ਨਾਲ (ਮੈਂ ਵੀ) ਨਿਰਮਲ ਹੋ ਗਈ।



(ਅਭੇਦਤਾ ਇਉਂ ਹੋ ਗਈ) ਜਿਵੇਂ ਸੂਰਜ ਵਿਚ ਕਿਰਨ ਜਾਂ ਜਲ ਵਿਚ ਜਲ ਮਿਲਦਾ ਹੈ। ਇਸ ਤਰ੍ਹਾਂ ਜਦ ਜੋਤ (ਪਰਮਾਤਮਾ) ਵਿਚ (ਮੇਰੀ) ਜੋਤ (ਜੀਵਾਤਮਾ) ਰਲ ਗਈ ਤਾਂ ਮੈਂ ਸੰਪੂਰਨ ਹੋ ਗਿਆ। ਫਿਰ ਮੈਂ (ਜਿਧਰ ਵੇਖਦਾ ਹਾਂ) ਬ੍ਰਹਮ ਹੀ ਬ੍ਰਹਮ ਦਿਸਦਾ, ਤੇ ਬ੍ਰਹਮ ਹੀ ਬ੍ਰਹਮ ਸੁਣਦਾ ਹੈ। (ਹਰ ਪਾਸੇ) ਉਹ ਇਕੋ ਹੀ ਇਕੋ ਪ੍ਰਤੀਤ ਹੋਂਦਾ ਹੈ। ਇਸ ਪ੍ਰਭੂ ਦਾ ਹੀ ਸਾਰਾ ਆਤਮ-ਪਸਾਰਾ ਹੈ, ਉਹੀ ਇਸ ਦਾ ਕਰਣਹਾਰਾ ਹੈ, ਉਸ ਤੋਂ ਬਿਨਾਂ ਜਾਣਨ ਜੋਗਾ ਕੁਝ ਹੈ ਹੀ ਨਹੀਂ। ਆਪੇ ਉਹ ਕਰਨਹਾਰ ਹੈ ਆਪੇ ਭੋਗਣਹਾਰ; ਆਪੇ ਉਸ ਨੇ ਕਾਰਣ ਕੀਤਾ ਹੈ। ਨਾਨਕ ਬੇਨਤੀ ਕਰਦਾ ਹੈ, (ਇਸ ਗੱਲ ਨੂੰ) ਉਹੀ ਅਨੁਭਵ ਕਰ ਸਕਦੇ ਹਨ ਜਿਨ੍ਹਾਂ ਇਹ ਹਰਿ ਰਸ ਪੀਤਾ ਹੈ।

• •

**ਮਨਿ ਚਾਉ ਭਇਆ [1]ਪ੍ਰਭ ਆਗਮੁ ਸੁਣਿਆ ॥**
**ਹਰਿ ਮੰਗਲੁ[2] ਗਾਉ ਸਖੀ [3]ਗ੍ਰਿਹੁ ਮੰਦਰੁ ਬਣਿਆ ॥**
**ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥**
**ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ[4] ॥**
**[5]ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥**
**ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ[6] ॥**

*—ਰਾਮਕਲੀ ਮ: ੩ ਅਨੰਦ (921 : 17)*

**ਦੂਧੁ ਕਟੋਰੈ ਗਡਵੈ ਪਾਨੀ ॥ [7]ਕਪਲ ਗਾਇ ਨਾਮੈ ਦੁਹਿ ਆਨੀ[8] ॥੧॥**
**ਦੂਧੁ ਪੀਉ ਗੋਬਿੰਦੇ ਰਾਇ ॥ ਦੂਧੁ ਪੀਉ ਮੇਰੋ ਮਨੁ ਪਤੀਆਇ[9] ॥**
**ਨਾਹੀ ਤ ਘਰ ਕੋ ਬਾਪੁ ਰਿਸਾਇ[10] ॥੧॥ਰਹਾਉ॥**
**ਸੋੁਇਨ ਕਟੋਰੀ ਅੰਮ੍ਰਿਤ ਭਰੀ ॥ ਲੈ ਨਾਮੈ ਹਰਿ ਆਗੈ ਧਰੀ ॥੨॥**
**[11]ਏਕੁ ਭਗਤੁ ਮੇਰੇ ਹਿਰਦੇ ਬਸੈ ॥ ਨਾਮੇ ਦੇਖਿ ਨਰਾਇਨੁ ਹਸੈ ॥੩॥**
**ਦੂਧੁ ਪੀਆਇ ਭਗਤੁ ਘਰਿ ਗਇਆ ॥ ਨਾਮੇ ਹਰਿ ਕਾ ਦਰਸਨੁ ਭਇਆ ॥੪॥**

*—ਭੈਰਉ ਨਾਮਦੇਉ (1163 : 16)*

---

1. ਪ੍ਰਭੂ ਦਾ ਆਉਣਾ (ਮਨ ਵਿਚ)। 2. ਖ਼ੁਸ਼ੀ ਦਾ ਗੀਤ। 3. (ਕਿਉਂਕਿ) ਮੇਰਾ ਹਿਰਦੇ ਰੂਪ ਘਰ ਸੋਭਨੀਕ ਹੋਇਆ ਹੈ [ਬਣਿਆ = ਸਜਿਆ, ਸੋਭਿਆ]। 4. ਜਾਪ ਰਿਹਾ ਹੈ, ਦਿਸ ਰਿਹਾ ਹੈ। 5. ਗੁਰੂ ਦੇ ਸ਼ਬਦ ਰਾਹੀਂ ਅਨਹਦ ਬਾਣੀ ਦਾਂ ਸੁਆਦ ਆਇਆ ਹੈ। 6. ਸਮਰਥ। 7. ਚਿੱਟੀ ਗਾਂ, ਜਿਸ ਦੇ ਥਣ ਕਾਲੇ ਹੋਣ। 8. ਆਂਦੀ। 9. ਪਤੀਜੇ, ਰਾਜ਼ੀ ਹੋਵੇ। 10. ਗੁੱਸੇ ਹੋਵੇਗਾ। 11. ਹਰੀ ਹੱਸ ਕੇ ਕਹਿ ਰਹੇ ਹਨ, ਇਕ ਭਗਤ ਹੀ ਮੇਰੇ ਹਿਰਦੇ ਵਿਚ ਵੱਸਦਾ ਹੈ।





ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ
ਅਸਾਂ ਧਾ ਗਲਵਕੜੀ ਪਾਈ।
ਨਿਰਾ ਨੂਰ ਤੁਸੀਂ ਹੱਥ ਨ ਆਏ
ਸਾਡੀ ਕੰਬਦੀ ਰਹੀ ਕਲਾਈ।

ਧਾ ਚਰਨਾਂ ਤੇ ਸੀਸ ਨਿਵਾਇਆ
ਸਾਡੇ ਮੱਥੇ ਛੁਹ ਨ ਪਾਈ।
ਤੁਸੀਂ ਉੱਚੇ ਅਸੀਂ ਨੀਵੇਂ ਸਾਂ
ਸਾਡੀ ਪੇਸ਼ ਨ ਗਈਆ ਕਾਈ।

ਫਿਰ ਲੜ ਫੜਨੇ ਨੂੰ ਉਠ ਦੌੜੇ,
ਹਾਏ, ਲੜ ਉਹ ਬਿਜਲੀ ਲਹਿਰਾ,
ਉਡਦਾ ਜਾਂਦਾ, ਪਰ, ਉਹ ਅਪਣੀ,
ਛੁਹ ਸਾਨੂੰ ਗਿਆ ਲਾਈ।

ਮਿੱਟੀ ਚਮਕ ਪਈ ਇਹ ਮੋਈ
ਤੇ ਤੁਸੀਂ ਲੂਆਂ ਵਿਚ ਲਿਸ਼ਕੇ।
ਬਿਜਲੀ ਕੂੰਦ ਗਈ ਥਰਾਂਦੀ,
ਹੁਣ ਚਕਾਚੌਂਦ ਹੈ ਛਾਈ।

*—ਭਾਈ ਵੀਰ ਸਿੰਘ*



ਜ਼ਾਹਰ ਵੇਖਾਂ ਜਾਨੀ ਤਾਈਂ,
(ਨਾਲੇ) ਦਿੱਸੇ ਅੰਦਰ ਸੀਨੇ ਹੂ।
ਬਿਰਹੋਂ ਮਾਰੀ ਨਿੱਤ ਫਿਰਾਂ ਮੈਂ,
ਮੈਨੂੰ ਹੱਸਣ ਲੋਕ ਨਾਬੀਨੇ ਹੂ।
ਮੈਂ ਦਿਲ ਵਿਚੋਂ ਹੀ ਸ਼ਹੁ ਪਾਇਆ,
ਲੋਕ ਜਾਵਣ ਮੱਕੇ ਮਦੀਨੇ ਹੂ।
ਕਹੇ ਫ਼ਕੀਰ ਮੀਰਾਂ ਦਾ ਬਾਹੂ,
ਸਭ ਦਿਲਾਂ ਦੇ ਵਿਚ ਖ਼ਜ਼ੀਨੇ ਹੂ।

*—ਸੁਲਤਾਨ ਬਾਹੂ*

ਸੰਗ ਨ ਛੋੜੀਂ ਪਾਵਨ ਪੀਉ,
ਬਲ ਬਲ ਜਾਵਾਂ ਜੀਵਨ ਜੀਉ।
ਸੰਗ ਤੁਹਾਡੇ ਸੁਖ ਘਨੇਰੇ,
ਚਰਨ-ਕੰਵਲ ਮੁਖ ਦੇਖਾਂ ਤੇਰੇ।
ਅਨਕ ਜਤਨ ਕਰ ਪਾਇਆ ਤੈਨੋਂ,
ਤਾਂ ਸੁਖ ਹੋਇ ਜਾਂ ਵੇਖਾਂ ਨੈਨੋਂ।
ਸਰਨ ਤੁਹਾਡੀ ਮੇਰਾ ਵਾਸਾ,
ਚਰਨ ਕੰਵਲ ਵਿਚ ਦੇਹੁ ਨਿਵਾਸਾ।
ਹੁਣ ਦਾਦੂ ਨੇ ਕਿਤੇ ਨ ਜਾਣਾ,
ਲਗ ਗਈ ਲੌ, ਮਿਲ ਗਿਆ ਟਿਕਾਣਾ।

*—ਦਾਦੂ ਦਇਆਲ*

ਉਹ ਦਿਨ ਕੀਕਣ ਭੁੱਲੇ, ਰੱਬਾ, ਜਦ ਮੇਰੇ ਤੂੰ ਆਇਆ,
(ਤੇ) ਲੈ ਗਿਓਂ ਮੈਨੂੰ ਉਂਗਲੀ ਲਾ ਕੇ, ਜਿੱਥੇ ਤੂੰ ਘਰ ਪਾਇਆ।
ਭਾਵੇਂ ਪਲ ਵਿਚ ਹੋ ਗਿਓਂ ਓਝਲ, ਲੂੰ ਲੂੰ ਤੁਧ ਹੰਢਾਵਾਂ,
ਓਦੋਂ ਤੋਂ ਸਾਡੇ ਦੋਨਾਂ ਵਿਚ, ਭੋਰਾ ਫ਼ਰਕ ਨ ਆਇਆ।

*—ਰੂਥ ਹਾਰਮਜ਼ ਕੈਲਕਿਨ*

ਮੈਂ ਕਿਤਨੀ ਖ਼ੁਸ਼ ਹਾਂ, ਉਨ ਮੁਝ ਅਪਨਾਇਆ ਹੈ,
ਏਸ ਖ਼ੁਸ਼ੀ ਨੂੰ ਕਿਵੇਂ ਛੁਪਾਵਾਂ? ਦੱਸੋ ਨੀ!
ਮਛਲੀ ਨੇ ਅੱਜ ਹਰਾ ਸਮੁੰਦਰ ਪਾਇਆ ਹੈ,
ਕੌਣ ਦਿਸ਼ਾ ਵਲ ਤਾਰੀ ਲਾਵਾਂ? ਦੱਸੋ ਨੀ!
ਨਾ ਸ਼ਹੁ ਸੁਕਦਾ, ਮੁਕਦੀ ਉਸ ਦੀ ਰਹਿਮਤ ਨਾ,
ਇਸ ਬਰਕਤ ਨੂੰ ਕਿਵੇਂ ਮਨਾਵਾਂ? ਦੱਸੋ ਨੀ!
ਆਪੇ ਜੇ ਉਹ ਬਾਂਹ ਪਕੜ ਕੇ ਭੀਚ ਲਵੇ,
ਕਿਵੇਂ ਨ ਉਸ ਦੇ ਅੰਗ ਸਮਾਵਾਂ? ਦੱਸੋ ਨੀ!

*—ਪੱਛਮੀ ਅਫ਼ਰੀਕਾ ਤੋਂ*

ਦਿਨ ਢਲ ਗਿਆ, ਪਉਣ ਬਰਫ਼ਾਲੀ ਸਾਹਮਣਿਓਂ ਪਈ ਵੱਗੇ।
ਥਰ ਥਰ ਮੋਢੇ ਕੰਬੇ ਮੇਰੇ, ਕਦਮ ਜਾਂ ਧਰਿਆ ਅੱਗੇ।
ਪਰ ਮੈਂ ਨਾ ਸਰਦੀ ਤੋਂ ਰੁਕਿਆ, ਨਾ ਨ੍ਹੇਰੇ ਤੋਂ ਡਰਿਆ,
ਕਿਉਂਕਿ ਮੈਂ ਸੀ ਦਿਨੇ ਰਾਤ ਦਰਿਆ ਬਿਰਹਾ ਦਾ ਤਰਿਆ।
ਇਕ ਭਰੋਸਾ ਸੀ ਕਿ ਮੈਂ ਨਾ ਹੰਝੂ ਅਵਾਈਂ ਕੇਰੇ,
ਇਨ੍ਹਾਂ ਹੰਝੂਆਂ ਨਾਲ ਰੱਬ ਵੀ ਆ ਗਿਆ ਹੋਣਾ ਨੇੜੇ।
ਕਿਸੇ ਹਾਲ ਵੀ ਇਹ ਡਰ ਮੇਰੇ ਪਾਸ ਨ ਓਦੋਂ ਆਇਆ;
ਮਤ ਇਸ ਸਰਦੀ ਅੰਦਰ ਮੈਨੂੰ ਤਜ ਦਏ ਮੇਰੀ ਕਾਇਆ।

ਅੱਧ-ਰਾਤੀ ਮੈਂ ਛੋੜ ਵਿਛੌਣਾ ਘਰੋਂ ਬਾਹਰ ਉਠ ਤੁਰਿਆ,
ਅਨਿਕ ਝਿਲਮਿਲਾਂ ਨਾਲ ਜਦੋਂ ਆਕਾਸ਼ ਸਗਲ ਸੀ ਭਰਿਆ।
ਕੀ ਵੇਖਾਂ ਰੱਬ ਸੰਗ ਮੇਰੇ ਤਦ ਤੁਰ ਪਿਆ ਕਦਮ ਮਿਲਾਂਦਾ,
ਨਾਲ ਮੇਰੇ, ਮੇਰੇ ਦੁੱਖਾਂ ਦਾ ਭਾਰ ਉਠਾਈ ਜਾਂਦਾ।
ਇਓਂ ਅੱਧ-ਰੈਣੀ ਦੀ ਬੁੱਕਲ ਵਿਚ ਮੇਲ ਰੂਹਾਨੀ ਹੋਇਆ।
ਸਫਲ ਹੋਈ ਅਰਦਾਸ ਤੇ ਅੰਮ੍ਰਿਤ ਅਸਮਾਨਾਂ 'ਚੋਂ ਚੋਇਆ।

*—ਤੋਯੋਹੀਕੋ ਕਾਮਾਵਾ (ਜਾਪਾਨ)*

ਸੰਧਿਆ ਦੀ ਜਦ ਪ੍ਰਾਰਥਨਾ ਦੇ ਬੋਲ ਮੁਕੰਮਲ ਹੋਏ,
ਮੈਂ ਬੋਲੀ ਕਿ "ਰੱਬਾ ਵੇਖ ਮਹੱਲਾਂ ਬੂਹੇ ਢੋਏ।
ਸਭ ਆਸ਼ਕ ਮਾਸ਼ੂਕ ਆਪਣੇ ਨਾਲ ਸੇਜ ਪਏ ਮਾਣਨ।"
ਤਦ ਝਬਦੇ ਹੀ ਮੈਂ ਗਿਰਦੇ ਵੀ, ਉਨ ਹੱਥ ਘੱਤ ਲਏ ਦੋਏ।

*—ਇਕ ਸੂਫ਼ੀ ਗੀਤ*

ਹੇ ਮੇਰੇ ਪਿਤਾ ਸਮੀਪ ਤੁਹਾਡੇ ਆਣ ਖੜੀ ਜਿੰਦ ਮੇਰੀ।
ਕੀ ਬੋਲਣ, ਪਰ, ਬੋਲ ਤੋਤਲੇ ?—ਤੇਰੀ ਸਮਝ ਉਚੇਰੀ।
ਇਹ ਬਾਲਕ ਤੈਂ ਅੱਗੇ ਏਕਣ ਕਰੇ ਪਿਆ ਅਰਜ਼ੋਈ :
'ਤੇਰੇ ਭੇਜੇ ਨ੍ਹੇਰੇ ਵਿਚ ਮੈਂ ਫੜ ਲਈ ਉਂਗਲੀ ਤੇਰੀ।'

*—ਜਾਰਜ ਮੈਕਡਾਨਲਡ*

ਤੂੰ ਹੀ ਹੈਂ ਮੈਂ ਨਾਹੀਂ, ਸਜਨਾ, ਤੂੰ ਹੀ ਹੈਂ ਮੈਂ ਨਾਹੀਂ।
ਖੋਲੇ ਦੇ ਪਰਛਾਵੇਂ ਵਾਂਗਰ ਘੁੰਮ ਰਿਹਾ ਮਨ ਮਾਹੀਂ।
ਜੇ ਬੋਲਾਂ ਤੂੰ ਨਾਲੇ ਬੋਲੇਂ, ਚੁੱਪ ਰਹਾਂ ਮਨ ਮਾਹੀਂ;
ਜੇ ਸੌਂਵਾਂ ਤੂੰ ਨਾਲੇ ਸੌਂਵੇਂ, ਜੇ ਤੁਰਾਂ ਤੂੰ ਰਾਹੀਂ।
ਬੁਲ੍ਹਿਆ ਸ਼ਹੁ ਘਰ ਆਇਆ ਮੇਰੇ ਜਿੰਦੜੀ ਘੋਲ ਘੁਮਾਈਂ;
ਤੂੰ ਹੀ ਹੈਂ ਮੈਂ ਨਾਹੀਂ ਸਜਨਾ, ਤੂੰ ਹੀ ਹੈਂ ਮੈਂ ਨਾਹੀਂ।

—ਬੁਲ੍ਹੇ ਸ਼ਾਹ



ਰੂਹ ਮੇਰੀ, ਮੇਰੇ ਮਾਲਕ! ਤੁਧ ਵਡਿਆਏ ਪਈ,
ਤੇ ਅੰਦਰਾ ਮੇਰਾ, ਮੇਰੇ ਰਖਿਅਕ ਰੱਬਾ! ਤੇਰਾ ਸੁਖ ਮਾਣੇ ਪਿਆ!
ਤੂੰ ਮੁਝ ਦਾਸੀ ਦੀ ਨਚੀਜ਼ਤਾ ਦੇ ਪਰਦੇ ਕੱਜੇ।
ਹੁਣ ਆਉਣ ਵਾਲੀਆਂ ਸਭੇ ਪੀੜੀਆਂ ਮੁਝ 'ਵਰੋਸਾਈ' ਆਖਸਣ!
ਹੇ, ਸ਼ਕਤੀਮਾਨਾਂ ਤੂੰ ਮੈਨੂੰ ਵਡਿਆਈ ਦਿੱਤੀ ਆਪਣੇ ਕੁਰਬ ਦੀ।
ਪਵਿੱਤਰ ਹੈ ਤੇਰਾ ਨਾਮ!
ਤੇਰੀ ਰਹਿਮਤ ਸੈਆਂ ਕੁਲਾਂ ਤਕ ਬਰਸਦੀ ਉਹਨਾਂ ਤੇ,
ਜੋ ਤੇਰੇ ਭੈ ਵਿਚ ਵਿਚਰਦੇ।
ਕਿਆ ਬਾਤ ਹੈ ਤੇਰੀਆਂ ਬਾਹਾਂ ਦੇ ਤਾਣ ਦੀ!
ਜੋ ਆਪਣੇ ਮਦ ਵਿਚ ਮੱਤੇ, ਤੂੰ ਉਹਨਾਂ ਭੁੰਵੇ ਪਟਕਾਰਿਆ;
ਜੋ ਨਮਰ ਤੇ ਮਸਕੀਨ, ਉਹਨਾਂ ਆਸਣ ਦਿੱਤਾ।
ਭੁੱਖਿਆ ਨੂੰ ਸੁੱਛ ਪਦਾਰਥ ਬਖ਼ਸ਼ੇ
ਧਨਵਾਨਾਂ ਖ਼ਾਲੀ ਹੱਥ ਪਰਤਾਇਆ।
ਆਪਣੀ ਰਹਿਮਤ ਸਦਕਾ,
ਤੂੰ ਆਪਣੇ ਸੇਵਕ ਇਜ਼ਰਾਈਲ ਨੂੰ ਵਰੋਸਾਇਆ—
ਉਸ ਬਚਨ ਅਨੁਸਾਰ, ਜੋ ਤੂੰ ਸਾਡੇ ਵੱਡੇ ਵਡੇਰਿਆਂ,
ਇਬਰਾਹੀਮ, ਤੇ ਉਸ ਦੀ ਬਿੰਦ, ਨਾਲ ਕੀਤਾ!

—ਮੈਗਨੀਫ਼ੀਕੈਟ

ਬਿਰਖ ਖ਼ਾਮੋਸ਼,
ਚੁਪਾਤੀਆਂ ਵੇਲਾਂ।
ਮੌਨ ਅਰਸ਼ ਦੀ ਗੋਦੀ ਸੂਰਜ,
ਤਪਦਾ ਤੇ ਗਰਮਾਂਦਾ।
ਉਸ ਦੀ ਚੁੱਪ ਜਹੀ ਖ਼ਾਮੋਸ਼ੀ
ਮੇਰੇ ਮਨ-ਮੰਦਰ ਵਿਚ ਤੇਰੀ
ਪੂਜਾ ਕਰਦੀ!
ਹੇ ਖ਼ਾਮੋਸ਼ ਸ਼ਹਿਨਸ਼ਾਹ ਮੇਰੇ,
ਤੂੰ ਇਸ ਘਰ ਨੂੰ ਸ਼ਾਂਤੀ ਦਿੱਤੀ,
ਇਸ ਦੇਹੀ ਵਿਚ ਅਦਭੁਤ ਅਪਣਾ
ਮੌਨ ਟਿਕਾਇਆ।
ਹੇ ਸਦੀਵ! ਹੇ ਸਦ ਨਿਹਕੇਵਲ!
ਅਪਣੀ ਇਸ ਖ਼ਾਮੋਸ਼ੀ ਅੰਦਰ
ਅਪਣੇ ਗੀਤ ਕਿਸੇ ਦੀ
ਭਰ ਦੇ ਤਾਨ ਵੀ ਕੋਈ!

*—ਸੀ.ਆਰ. ਦਾਸ*

ਹੇ ਮਾਲਕ! ਇਸ ਭਰਮ-ਸ਼ਾਲ ਦਾ
ਪਰਦਾ ਸਗਲ ਉਠਾਇਆ ਤੂੰ—
ਤੇ ਇਕ ਲੱਸਦਾ ਸ਼ੱਚ ਸਬੂਤਾ
ਮੈਨੂੰ ਆਣ ਦਿਖਾਇਆ ਤੂੰ!

*—ਇਕ ਸੂਫ਼ੀ ਦੁਆ*

ਜਾਗਦਿਆਂ ਦੀ ਰਾਖੀ ਕਰਨੈਂ
ਸੁੱਤਿਆਂ ਲਾਵੇਂ ਚਉਕੀ।
ਜਾਗਦਿਆਂ ਤੇਰੀ ਦੀਦ ਕਮਾਈਏ,
ਸੰਵੀਏ ਤੇਰੀ ਗੋਦੀ।

*—ਅਨਾਮ*

ਤਨ ਮੇਰੇ ਦੀ ਹਰ ਇਕ ਨੁੱਕਰ
ਨੂਰ ਨਾਲ ਰੁਸ਼ਨਾਈ ਤੂੰ।
ਮੇਰੀ ਮੋਈ ਮਿੱਟੀ ਨੂੰ ਵੀ
ਛੂਹ ਅੰਬਰ ਦੀ ਲਾਈ ਤੂੰ।
ਅੰਦਰ ਤੇਰੀ ਜੋਤ ਨਿਹਾਲਾਂ,
ਬਾਹਰ ਕੁਦਰਤ ਤੇਰੀ ਮੈਂ।
ਹੁਣ ਤੂੰ ਹੀ ਤੂੰ ਨਜ਼ਰੀਂ ਆਵੇਂ,
ਖ਼ਤਮ ਹੋ ਗਈ ਮੇਰੀ 'ਮੈਂ'।

—ਅਨਾਮ

# ਮੈਂ ਤੇਰਾ ਭਰਵਾਸਾ



ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ॥
ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ॥
*— ਸਿਰੀਰਾਗੁ ਮ: ੫ (51:17)*

ਭਰੋਸਾ ਇਕ ਜੀਊਂਦਾ ਜਾਗਦਾ ਅਟੁੱਟ ਵਿਸ਼ਵਾਸ ਹੈ
ਰੱਬ ਦੀ ਰਹਿਮਤ ਉਪਰ, ਇਤਨਾ ਪੁਰਯਕੀਨ
ਕਿ ਮਨੁੱਖ ਇਸ ਦੀ ਖ਼ਾਤਰ ਹਜ਼ਾਰ ਵਾਰ
ਮਰਨ ਲਈ ਤਿਆਰ ਹੋ ਸਕਦਾ ਹੈ।

—ਮਾਰਟਿਨ ਲੂਥਰ

13

# ਮੈਂ ਤੇਰਾ ਭਰਵਾਸਾ

ਭਰਵਾਸਾ ਜਾਂ ਭਰੋਸਾ ਮਨੁੱਖ ਦੇ ਰੱਬ ਨਾਲ ਸੰਬੰਧ ਦਾ ਪ੍ਰਮੁਖ ਅੰਗ ਹੈ। ਇਹ ਇਕ ਭਾਵੁਕ ਹੁੰਗਾਰਾ ਹੈ ਮਨੁੱਖ ਦਾ, ਰੱਬ ਦੀ ਰਹਿਮਤ ਵਲ। ਕੋਈ ਮਨੁੱਖ ਕਿਸ ਮਾਨਸਿਕ ਮੁਦ੍ਰਾ ਨਾਲ ਰੱਬ ਦੇ ਸਨਮੁਖ ਹੋਂਦਾ ਤੇ ਕਿਵੇਂ ਉਸ ਦੇ ਆਦੇਸ਼ਾਂ ਦੀ ਪਾਲਨਾ ਕਰਦਾ ਹੈ, ਉਸ ਦੇ ਭਰੋਸੇ ਦੀ ਕਸਉਟੀ ਹੈ। ਰੱਬ 'ਤੇ ਭਰੋਸਾ ਕਰਨਾ ਉਸ ਦੀ ਭਰੋਸੇ-ਯੋਗਤਾ ਦੀ ਪੂਜਾ ਕਰਨਾ ਹੈ। ਉਸ ਮਾਲਕ ਦੀ ਉਪਕਾਰ-ਸ਼ੀਲਤਾ ਦਾ ਭਰੋਸਾ ਹਰ ਧਰਮ ਦਾ ਜੀਵੰਤ ਵਿਸ਼ਵਾਸ ਹੈ।

ਭਰੋਸੇ ਨੂੰ ਮਾਯੂਸੀ ਕਦੇ ਨਹੀਂ ਪੋਂਹਦੀ, ਨਾ ਕੋਈ ਸੰਦੇਹ ਹੀ ਇਸ ਵਿਚ ਦਖ਼ਲ-ਅੰਦਾਜ਼ ਹੋ ਸਕਦਾ ਹੈ। ਬੇ-ਯਕੀਨੀ ਇਸ ਦੇ ਲਾਗਿਓਂ ਨਹੀਂ ਲੰਘ ਸਕਦੀ। ਇਸ ਲਈ ਇਸ ਦੀ ਸਲਤਨਤ ਵਿਚ ਸਦਾ ਖੇੜਾ ਹੀ ਖੇੜਾ ਰਹਿੰਦਾ ਹੈ।

ਭਰੋਸਾ ਕੋਈ ਆਣ ਜਾਣ ਵਾਲੀ ਵਸਤ ਨਹੀਂ। ਇਹ ਤਾਂ ਇਕ ਅਵਿਰਲ ਮੁਦ੍ਰਾ ਹੈ ਆਤਮਾ ਦੀ ਜੋ ਰੱਬ ਦੀ ਰਹਿਮਤ ਤੇ ਉਸ ਦੀ ਸਿਆਣਪ ਨਾਲ ਸਾਨੂੰ ਜੋੜੀ ਰਖਦੀ ਹੈ। ਪਰ, ਅਸੀਂ ਭਰੋਸਾ ਕਦੋਂ ਕਰਦੇ ਹਾਂ, ਉਸ ਦਾ ਆਸਰਾ ਕਦੋਂ ਤਕਦੇ ਹਾਂ?—ਕੇਵਲ ਦੁਖ ਤਕਲੀਫ਼ ਤੋਂ ਨਿਵਿਰਤੀ ਲਈ ਅਰਦਾਸਾਂ ਵੇਲੇ? ਜਾਂ ਸੁਖ ਸੰਪਤੀ ਦੀ ਪ੍ਰਾਪਤੀ ਲਈ ਅਰਜ਼ੋਈਆਂ ਸਮੇਂ? ਕੀ ਅਸੀਂ ਆਪਣੀ ਜ਼ਿੰਦਗੀ ਉਸ ਦੇ ਭਰੋਸੇ ਵਿਚ ਬਿਤਾਉਂਦੇ ਹਾਂ?

ਸਾਡਾ ਸ੍ਵਾਰਥੀ ਇਰਾਦਾ ਤੇ ਹੈਂਕੜੀ ਇੱਛਾਬਲ ਸਾਡੇ ਅੰਦਰ ਇਤਨੀਆਂ ਡੂੰਘੀਆਂ ਜੜ੍ਹਾਂ ਲਾਈ ਬੈਠੇ ਹੁੰਦੇ ਹਨ ਕਿ ਇਹਨਾਂ ਨੂੰ ਓਥੋਂ ਪੁੱਟਣਾ ਸੌਖਾ ਨਹੀਂ ਹੋਂਦਾ। ਇਹ ਤਾਂ ਆਪਣੇ ਬਣੇ ਰਹਿਣ ਖ਼ਾਤਰ ਬੇ-ਸ਼ੁਮਾਰ ਦਲੀਲਾਂ ਤੇ ਸਫ਼ਾਈਆਂ ਪੇਸ਼ ਕਰਨ ਦੇ ਸਮਰਥ ਹੁੰਦੇ ਹਨ। ਬੜੀ ਵਾਰੀ ਅਸੀਂ ਆਪਣੇ ਵਲੋਂ ਤਾਂ ਵਾਹਿਗੁਰੂ ਜੀ ਦਾ ਆਸਰਾ ਭਾਲਣ ਤੁਰਦੇ ਹਾਂ, ਪਰ ਉਹਲੇ ਪਿਛੋਂ ਆਪਣੇ ਹੀ ਕਿਸੇ ਇਰਾਦੇ ਦੀ ਪੂਰਤੀ ਭਾਲ ਰਹੇ ਹੁੰਦੇ ਹਾਂ। ਇਹ ਉਹਲਾ ਭਾਵੇਂ ਪੁੰਨ ਦਾਨ ਦਾ ਹੋਵੇ, ਭਾਵੇਂ ਨਿਆਂ ਦਾ, ਤੇ ਭਾਵੇਂ ਆਵੱਸ਼ਕਤਾ ਦਾ। ਵਿਚੋਂ ਸਾਡੀ ਆਪਣੀ ਕੋਈ ਇੱਛਾ ਹੀ ਆਪਣੀ ਪੂਰਤੀ ਭਾਲ ਰਹੀ ਹੋਂਦੀ ਹੈ। ਪਰ ਰੱਬ ਦੀ ਰਹਿਮਤ ਤਾਂ ਨਾ ਆਪ ਕੋਈ ਉਹਲਾ

ਕਰਦੀ ਹੈ, ਨਾ ਕਿਸੇ ਉਹਲੇ ਨੂੰ ਸ੍ਵੀਕਾਰ ਹੀ ਕਰਦੀ ਹੈ। ਜੇਕਰ ਅਸਾਂ ਰੱਬ ਦਾ ਆਸਰਾ ਭਾਲਣਾ ਹੈ ਤਾਂ ਰੂਹ ਨੰਗੀ ਲੈ ਕੇ ਆਉਣਾ ਪਵੇਗਾ। ਰੱਬ ਬਾਰੇ ਇਤਨਾ ਤਾਂ ਸਮਝ ਲਈਏ ਕਿ ਉਸ ਪਾਸੋਂ ਕੋਈ ਉਹਲਾ ਨਹੀਂ ਹੋ ਸਕਦਾ। ਜਿਸ ਪਾਸੋਂ ਅਸੀਂ ਅਜੇ ਲੁਕਾ ਕਰਨ ਦੇ ਜਤਨਾਂ ਵਿਚ ਲੱਗੇ ਹੋਏ ਹਾਂ, ਉਸ ਉਪਰ ਭਰੋਸੇ ਦੇ ਦਾਅਵੇਦਾਰ ਕਿਵੇਂ ਹੋ ਸਕਦੇ ਹਾਂ?

ਰੱਬ ਦਾ ਆਸਰਾ ਲੈਣ ਵਾਲੇ ਤਾਂ ਉਸ ਨਾਲ ਇੰਝ ਵਰਤਦੇ ਹਨ ਜਿਵੇਂ ਆਪਣੇ ਕਿਸੇ ਪਿਆਰੇ ਨੂੰ ਆਪਣੇ ਘਰ ਦੀਆਂ ਕੁੰਜੀਆਂ ਪਕੜਾ ਕੇ ਆਖ ਦੇਈਏ ਕਿ ਜਿਵੇਂ ਚਾਹੇ ਤਿਵੇਂ ਉਸ ਘਰ ਨੂੰ ਵਰਤੇ। ਜੇਕਰ ਉਹ ਪਿਆਰਾ ਸੱਚ-ਮੁੱਚ ਦਾ ਪਿਆਰਾ ਹੈ ਤਾਂ ਤੁਹਾਡਾ ਘਰ ਤੁਹਾਨੂੰ ਅੱਗੇ ਨਾਲੋਂ ਵੀ ਸੌਰਿਆ ਹੋਇਆ ਮਿਲੇਗਾ। ਸੋਚੋ, ਰੱਬ ਨਾਲੋਂ ਵੱਧ ਪਿਆਰਾ ਕਉਣ ਹੋ ਸਕਦਾ ਹੈ? ਜੇਕਰ ਤਨੋਂ ਮਨੋਂ ਹੋ ਕੇ ਉਸ ਦਾ ਆਸਰਾ ਲਈਏ ਤੇ ਆਪਣੀ ਜ਼ਿੰਦਗੀ ਨੂੰ ਉਸ ਦੇ ਭਰੋਸੇ ਛੋੜ ਦੇਈਏ ਤਾਂ ਉਹ ਵੀ ਇਸ ਜ਼ਿੰਦਗੀ ਨੂੰ ਸੰਵਾਰੇ ਹੀ ਸੰਵਾਰੇਗਾ।

ਪਰ ਉਸ ਦਾ ਆਸਰਾ ਲੈਣ ਲਈ ਤਾਂ ਪਹਿਲਾਂ ਆਪਣੇ ਆਪ ਨਾਲੋਂ ਮੋਹ ਤੋੜਨਾ ਲਾਜ਼ਮੀ ਹੋਂਦਾ ਹੈ। ਏਹੋ ਤਾਂ ਸਾਥੋਂ ਹੋਂਦਾ ਨਹੀਂ। ਪਰ ਜਿਹੜੇ ਵਿਰਲੇ ਸਫਲ ਹੋ ਜਾਂਦੇ ਹਨ, ਉਹਨਾਂ ਬਾਰੇ ਤਾਂ ਲਗਦਾ ਹੈ:

**ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥**[1]

ਜਦ ਅਸੀਂ ਭਰੋਸੇ ਦਾ ਕਦਮ ਪੁੱਟਣ ਲਗਦੇ ਹਾਂ ਤਾਂ ਪਹਿਲਾਂ ਡਰਦੇ ਹਾਂ—ਸਾਨੂੰ ਲਗਦਾ ਹੈ ਜਿਵੇਂ ਅਸੀਂ ਕਿਸੇ ਖ਼ਲਾ ਵਿਚ ਕਦਮ ਰੱਖ ਰਹੇ ਹੋਈਏ। ਪਰ ਜਦ ਪੈਰ ਪੁੱਟ ਲੈਂਦੇ ਹਾਂ ਤਾਂ ਉਸ ਹੇਠਾਂ ਮਜ਼ਬੂਤ ਚੱਟਾਨ ਪਾ ਕੇ ਹੈਰਤਮੰਦ ਹੋਂਦੇ ਹਾਂ।

*—ਵ੍ਹਿੱਟੀਅਰ*

ਭਰੋਸਾ ਆਪਣੇ ਆਪ ਤਾਂ ਕੁਝ ਨਹੀਂ ਕਰਦਾ, ਜੋ ਕੁਝ ਕਰਦਾ ਹੈ, ਰੱਬ ਦੇ ਅਧੀਨ ਹੋ ਕੇ ਕਰਦਾ ਹੈ, ਰੱਬ ਦੇ ਰਾਹੀਂ ਕਰਦਾ ਹੈ, ਤੇ ਰੱਬ ਦੇ ਕਾਰਣ ਕਰਦਾ ਹੈ।

*—ਸਟਾਊਟਨ*

• •

1. ਰਾਮਕਲੀ ਮ: ੩ (917 : 16)

ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ ॥
ਕਰਿ ਕਿਰਪਾ ਪ੍ਰੀਤਮ ਪ੍ਰਭ ਅਪੁਨੇ ਨਾਮੁ ਜਪਉ ਹਰਿ ਰੰਗਿ ॥੧॥
ਜਨ ਕਉ ਪ੍ਰਭ ਅਪਨੇ ਕਾ ਤਾਣੁ ॥
ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ ॥ਰਹਾਉ॥
ਪਤਿ ਪਰਮੇਸਰੁ ਗਤਿ ਨਾਰਾਇਣੁ ਧਨੁ ਗੁਪਾਲ ਗੁਣ ਸਾਖੀ ॥
ਚਰਨ ਸਰਨ ਨਾਨਕ ਦਾਸ ਹਰਿ ਹਰਿ ਸੰਤੀ ਇਹ ਬਿਧਿ ਜਾਤੀ ॥੨॥

*—ਧਨਾਸਰੀ ਮ: ੫ (677 : 9)*

(ਹੇ ਮੇਰੇ) ਪ੍ਰੀਤਮ ! (ਮੈਨੂੰ) ਘਰ ਵਿਚ ਵੀ ਤੇ (ਘਰ ਦੇ) ਬਾਹਰ ਵੀ ਤੇਰਾ ਹੀ ਭਰਵਾਸਾ ਹੈ (ਕਿ ਤੂੰ) ਆਪਣੇ ਬੰਦੇ ਦੇ ਸੰਗ (ਹੋਂਦਾ) ਹੈ। ਮੇਰੇ 'ਤੇ ਇਹ ਕਿਰਪਾ ਕਰ, ਹੇ ਹਰੀ, ਕਿ ਪ੍ਰੇਮ ਨਾਲ ਤੇਰਾ ਨਾਮ ਜਪਾਂ। ਤੇਰੇ ਬੰਦੇ ਨੂੰ ਤਾਂ ਹੇ ਪ੍ਰਭੂ, ਤੇਰਾ ਹੀ ਆਸਰਾ ਹੈ। ਹੇ ਸੁਆਮੀ, ਜੋ ਕੁਝ ਵੀ ਤੂੰ ਕਰਦਾ ਕਰਾਉਂਦਾ ਹੈਂ ਉਹੋ ਸਲਾਹ ਨੇਕ ਹੈ। ਪਰਮੇਸ਼ਰ ਹੀ ਦਾਸਾਂ ਦੀ ਇੱਜ਼ਤ ਹੈ; ਹਰੀ ਹੀ ਉਹਨਾਂ ਦੀ ਮੁਕਤੀ ਹੈ। ਉਹਨਾਂ ਦਾ ਧਨ ਹਰੀ ਦੇ ਗੁਣਾਂ ਦੀਆਂ ਸਾਖੀਆਂ ਹਨ। ਦਾਸ (ਸਦਾ) ਉਸ ਦੇ ਚਰਨਾਂ ਦੀ ਸ਼ਰਨ ਲੈਂਦੇ ਹਨ। ਇਹ (ਉਪਰ ਕਹੀ) ਗੱਲ ਸੰਤਾਂ ਨੇ ਹੀ ਸਮਝੀ ਹੈ।

• •

ਤੇਰਾ ਭਰੋਸਾ ਪਿਆਰੇ ॥ ਆਨ[1] ਨ ਜਾਨਾ [2]ਵੇਸਾ ॥

*—ਰਾਮਕਲੀ ਮ: ੫ (912 : 16)*

ਕਬੀਰ ਪਾਹਨੁ[3] ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ ॥
ਇਸ ਭਰਵਾਸੇ ਜੋ ਰਹੇ [4]ਬੂਡੇ ਕਾਲੀ ਧਾਰ ॥

*—ਸਲੋਕ ਕਬੀਰ (1371 : 16)*



ਹੱਡ, ਮਾਸ ਦੀ ਕਾਇਆ ਮੇਰੀ,
ਇਹ ਤਾਂ ਹੈ ਦਰਵੱਟਣ ਤੇਰੀ।
ਏਸੇ 'ਚੋਂ ਮੈਂ ਸਿਜਦੇ ਕਰਦਾ,
ਇਸੇ ਨਾਲ ਨਜ਼ਰਾਨੇ ਧਰਦਾ।
ਇਨ ਲੈ ਕੇ ਦੋ ਜ਼ਾਨੂ ਹੋਂਦਾ,
ਤਾਬਿਆ ਤੇਰੀ ਆਣ ਖਲੋਂਦਾ।

1. ਦੂਸਰਾ। 2. ਭੇਖ। 3. ਪੱਥਰ। 4. ਮੰਝਧਾਰ ਵਿਚ ਡੁਬਦੇ ਹਨ।

ਅੱਜ ਵੀ ਆਣ ਖਲ੍ਹਾਂ ਤੁਧ ਅੱਗੇ,
ਕੋਈ ਨ ਦੂਜਾ ਠਾਹਰ ਲੱਭੇ।

ਇਹ ਸਰੀਰ ਟਕਸਾਲ ਤਿਹਾਰੀ—
ਇੰਦਰੇ ਤੇਰੀ ਸਨਅਤਕਾਰੀ।
ਧਰੇ ਆਣ ਤੇਰੇ ਚਰਨਾਂ ਤੇ,
ਤੂੰ ਜੋ ਚਾਹੇਂ ਠੇਪ ਇਹਨਾਂ ਤੇ।
ਜਿਸ ਪਾਸੇ ਚਾਹੇਂ ਇਨ ਲਾ ਦੇ,
ਅਪਣਾ ਅਮਰ ਹੁਣੇ ਵਰਤਾ ਦੇ।
ਹੈਂ, ਹੋਸੇਂ ਤੂੰ ਆਕਾ ਮੇਰਾ,
ਵਿਣ ਤੁਧ ਹੋਰ ਭਰੋਸਾ ਕਿਹੜਾ?
ਤੁਧ ਬਿਨ ਵਿਥਿਆ ਕੇਨ ਸੁਣਾਈਂ?—
ਕੋ ਧਿਰ ਹੋਰ ਨ, ਜਿਤ ਧਿਰ ਜਾਈਂ। —*ਸੂਫ਼ੀ ਚਿੰਤਨ*

ਲੈ ਅੱਲਾ ਦਾ ਨਾਮ ਅਤੇ ਪਤਵਾਰ ਚਲਾ ਦੇ,
ਫਿਰ ਅੱਲਾ ਦੇ ਨਾਂ ਤੇ ਜਾ ਕੇ ਲੰਗਰ ਪਾ ਦੇ। —*ਇਕ ਅਰਬ ਦੁਆ*

ਕਾਲ ਵਾਂਗਰਾਂ ਹੀ ਤੂੰ ਰੱਬਾ
ਕਰ ਸਾਡੀ ਰਖਵਾਲੀ—
ਤੇਰਾ ਹੀ ਮੈਂ ਲੜ ਫੜਿਆ
ਕੋ ਹੋਰ ਨ ਦਏ ਦਿਖਾਲੀ। —*ਯਹੂਦੀ ਪ੍ਰਾਰਥਨਾ*

ਅਸੀਂ ਰਵਾਨਾ ਹੋਏ ਸਫ਼ਰ ਤੇ
ਨਾਲ ਅਸਾਡੇ ਚੱਲ ਤੂੰ।
ਰਾਹ ਸਾਡੇ ਦੇ ਹੂੰਝ ਕੇ ਕੰਕਰ
ਕੂਲੇ ਕਰ ਦੇ ਥੱਲ ਤੂੰ।
ਰੁੱਤਾਂ ਹੱਥੋਂ ਕਰ ਰਖਵਾਲੀ,
ਤੁੰਦ ਹਵਾਵਾਂ ਠੱਲ੍ਹ ਤੂੰ।
ਅਸੀਂ ਰਵਾਨਾ ਹੋਏ ਸਫ਼ਰ ਤੇ
ਨਾਲ ਅਸਾਡੇ ਚੱਲ ਤੂੰ। —*ਸੈਲੇਬੀਜ਼ ਤੋਂ ਇਕ ਅਰਦਾਸ*





ਅਸੀਂ ਯਾਤਰੂ ਤੇਰੇ ਰਾਹ ਦੇ,
ਹੇ ਸਜਨਾ, ਅਸਾਂ ਰਾਹੇ ਪਾ ਦੇ।
ਅਪਣੀ ਮਿਹਰਾਮਤ ਦੇ ਸਦਕੇ
ਸਾਡੀ ਆਸ ਉਡੀਨਿ ਪੁਗਾ ਦੇ।
ਚਿੰਤ-ਫ਼ਿਕਰ ਦੇ ਸਾਗਰ ਵਿਚੋਂ
ਇਸ ਬੇੜੇ ਨੂੰ ਪਾਰ ਲਗਾ ਦੇ।
ਹਰ ਡਰ, ਹਰ ਬਿਪਤਾ ਵਿਚ ਹੋਈਏ
ਪਾਤਰ ਤੇਰੀ ਸਦ-ਰੱਛਿਆ ਦੇ—
ਹੇ ਸਜਨਾ, ਅਸਾਂ ਰਾਹ ਦਿਖਲਾ ਦੇ,
ਹੇ ਸਜਨਾ, ਅਸਾਂ ਪਾਰ ਲਗਾ ਦੇ।

*—ਆਰਚਬਿਸ਼ਪ ਟਿਮੁਥੀ ਓਲੂਫ਼ੁਸ਼ਈਏ (ਨਾਈਜੀਰੀਆ)*





ਤੇਰੇ ਸੰਗ ਸਿਦਕ ਵਿਚ ਤੁਰੀਏ
ਅਸਾਂ ਭਿ ਜੋਗ ਬਣਾ ਦੇ।
ਅੱਜ ਵੀ ਤੇਰੇ, ਕਲ ਵੀ ਤੇਰੇ,
ਤੇਰੇ ਅਸੀਂ ਸਦਾ ਦੇ।
ਪਿਆਰ ਤੇਰਾ ਵੱਡੀਆਂ ਕਰ ਜਾਣੇ
ਨਿੱਕੀਆਂ ਸਾਡੀਆਂ ਲੋੜਾਂ,
ਤੇ ਬਲ ਤੇਰਾ ਕਿੰਚਤ ਜਾਣੇ
ਸਾਡੇ ਸਬਲ ਇਰਾਦੇ।

*—ਫ਼ਾਰਸ ਦੀ ਇਕ ਦੁਆ*

ਰੱਬ ਦੀ ਭਗਤਿ, ਨਾਮ ਦੀ ਸ਼ਰਧਾ
ਖੰਡੇ ਦਾ ਭਰਵਾਸਾ।
ਸੰਗਤ-ਪੰਗਤ ਹੋ ਗਏ ਰਾਖੇ
ਥੋੜ ਨ ਥੀਵੇ ਮਾਸਾ।
ਸੰਗ ਸਾਧ ਦਾ, ਰੰਗ ਨਾਮ ਦਾ,
ਭਜਨ ਹੋਇਆ ਪਰਤਾਪੀ।



ਕੀਕਣ ਫੇਰ ਪਵਿੱਤ ਨਾ ਥੀਵਣ,
ਮੈਂ ਜੇਹੇ ਵਡ-ਪਾਪੀ ?
ਤੇਰੀ ਮਿਹਰ ਅਸਾਡੇ ਉੱਤੇ,
ਕਿਉਂ ਨਾ ਰੱਬਾ ਛਾਵੇ ?—
ਪਿਆਰ ਤੇਰਾ ਕੀਕਣ ਨਾ ਸਾਨੂੰ,
ਸੁਕ੍ਰਿਤ ਵੰਨੇ ਲਾਵੇ ?
ਸਦ ਸਦ ਭੁੱਲਣ ਸੁਆਓ ਅਸਾਡਾ,
ਤੇਰਾ ਖਿਮਾ ਸਦੀਵੀ।
ਅਜ ਵਰਤਾ ਦੇ ਖਿਮਾ ਆਪਣੀ
ਬਿਰਦ ਸਲਾਮਤ ਥੀਵੀ।
ਸੁਕ੍ਰਿਤ ਦੁਕ੍ਰਿਤ ਕਰਮ ਅਸਾਡੇ,
ਧੋ ਸੁੱਟ ਪਤਿਤ ਪੁਨੀਤਾ,
ਬਾਂਹ ਲੁਡਾ ਕੇ ਅੰਧ ਕੂਪ 'ਚੋਂ
ਕੱਢ ਲੈ ਸਾਨੂੰ ਮੀਤਾ।
ਤੁੱਧ ਅੱਗੇ ਹੀ ਝੋਲੀ ਅਡੀਏ,
ਤੈਥੋਂ ਮਿਲੇ ਦਿਲਾਸਾ;
ਤੇਰਾ ਹੀ ਅਸਾਂ ਤਕੀਆ ਲੱਧਾ,
ਤੇਰਾ ਹੀ ਭਰਵਾਸਾ।

—ਜ.ਸ.ਨ.

ਗੁੱਝੇ ਸਾਏ ਰੱਬ ਸਾਹਿਬ ਵਾਲੇ
ਕੁਝ ਨਾ ਖ਼ਬਰ ਅਸਲ ਦੀ ਹੂ।
ਗੰਦਮ ਦਾਨਾ ਬਹੁਤਾ ਚੁਗਿਆ
ਗਲ ਪਈ ਡੋਰ ਅਜ਼ਲ ਦੀ ਹੂ।
ਫਾਹੀ ਅੰਦਰ ਮੈਂ ਪਈ ਤੜਪਾਂ
ਬੁਲਬੁਲ ਬਾਗ਼ ਮਿਸਲ ਦੀ ਹੂ।
ਗ਼ੈਰ ਦਿਲੇ ਥੀਂ ਸੱਟ ਕੇ ਬਾਹੂ,
ਰੱਖ ਉੱਮੀਦ ਫ਼ਜ਼ਲ ਦੀ ਹੂ।

—ਸੁਲਤਾਨ ਬਾਹੂ

ਰੱਬਾ ਹੋ ਹਮਸਫ਼ਰ ਅਸਾਡਾ
ਕਰ ਸਾਡੀ ਰਖਵਾਲੀ
ਨੂਰੀ ਤੇਰਾ ਚਿਹਰਾ ਸਾਨੂੰ
ਦੇਂਦਾ ਰਹੇ ਦਿਖਾਲੀ।
ਸਾਨੂੰ ਸਦਾ ਸੁਮੱਤ ਬਖ਼ਸ਼ ਇਹ
ਰਸਤੇ ਤੇਰੇ ਤੁਰੀਏ।
ਤੇਰੇ ਸਨਮੁਖ ਹੋ ਕੇ ਰਹੀਏ
ਕੰਡ ਨਾ ਤੁਧ ਵਲ ਕਰੀਏ।
ਹਰਦਮ ਤੇਰਾ ਭਾਣਾ ਵਰਤੇ
ਜ਼ਿਮੀਂ ਜ਼ਮਾਨਾਂ ਅੰਦਰ।
ਬੇੜੇ ਸਾਡੇ ਪਾਰ ਲਗਾ ਦੇ
ਸ਼ਹੁ ਦਰਿਆਵਾਂ ਅੰਦਰ।
ਪੱਤਣਾਂ ਉਤੇ ਅਸਾਂ ਪੁਚਾ ਦੇ
ਸਜਨਾ ਸਹੀ ਸਲਾਮਤ।
ਹੋਵੇ ਸਫਲ ਯਾਤ੍ਰਾ ਸੋਈ
ਜਿਸ ਤੇ ਤੇਰੀ ਰਹਿਮਤ।
ਕਰ ਨਿਗਰਾਨੀ ਸਾਡੀ, ਰੱਬਾ,
ਜਲਾਂ, ਥਲਾਂ, ਪਉਣਾਂ ਵਿਚ।
ਰੱਛਿਆ ਰਹੇ ਅਸਾਂ ਪੁਰ ਤੇਰੀ
ਧਰ, ਸਾਗਰ, ਗਗਨਾਂ ਵਿਚ।
ਰਾਹ ਵੀ ਦੱਸ, ਹਿੰਮਤ ਵੀ ਦੇ ਦੇ
ਕਦਮ ਵੀ ਸੌਖੇ ਕਰ ਦੇ।
ਮੰਜ਼ਲ ਤੀਕ ਪੁਚਾ ਕੇ, ਸਾਡੇ
ਸਗਲ ਤੌਖਲੇ ਹਰ ਦੇ।
ਅੱਵਲ ਤੋਂ ਲੈ ਆਖ਼ਰ ਤੋੜੀ
ਰਹੇ ਸੁਰੱਖਿਆ ਤੇਰੀ।
ਧੁੱਪਾਂ ਤੋਂ ਰੱਖ ਲਏ ਅਸਾਨੂੰ
ਤੇਰੀ ਛਾਓਂ ਘਨੇਰੀ।



ਨਾ ਕੋ ਰੁੱਤ ਵਿਡਾਣੀ ਹੋਵੇ
ਨਾ ਕੋ ਮੌਸਮ ਖਟਕੇ।
ਸਗਲਾ ਪੰਧ ਸੁਹਾਣਾ ਹੋਵੇ
ਰਹਿਮਤ ਤੇਰੀ ਸਦਕੇ।

*—ਮੁਸਾਫ਼ਰਾਂ ਖ਼ਾਤਰ ਇਕ ਯਹੂਦੀ ਪ੍ਰਾਰਥਨਾ*

ਸਮੇ ਦੀਆਂ ਸਰਹੱਦਾਂ ਤੋੜੀ,
ਮੇਰੀ ਹਰ ਪਲ ਤੈਨੂੰ "ਬਹੁੜੀ!" *—ਮੁਕੱਦਸ ਇੰਜੀਲ (ਮੈਥੀਓ 28 : 20)*

ਮਰ ਵੰਞਾਂ ਜੇ ਕੰਡ ਵਲਾਵਾਂ,
ਤੇਰੇ ਸਨਮੁਖ ਰਹਾਂ ਤਾਂ ਜੀਵਾਂ।
ਤੇਰੀ ਛਾਇਆ ਛਤਰ ਹੇਠ ਹੀ
ਮੈਂ, ਸਜਨਾ, ਸਦ-ਜੀਵਾ ਥੀਵਾਂ।

ਕਰਮ ਧਰਮ ਵਿਚ ਹੋਈਂ ਸਹਾਈ,
ਅਮਨ ਚੈਨ ਦੀ ਭਿਖਿਆ ਦੇਵੀਂ।
ਰਾਹਾਂ ਵਿਚ ਕਰੀਂ ਅਗਵਾਈ,
ਖ਼ੌਫ਼ ਖ਼ਤਰ ਵਿਚ ਰੱਖਿਆ ਦੇਵੀਂ।

ਸੋਗ ਮਿਟਣ, ਦੁਖ ਕਦੇ ਨਾ ਲੱਗੇ,
ਠੰਢੀ ਵਾਓ ਹਮੇਸ਼ਾ ਵੱਗੇ। *—ਸੇਂਟ ਅਗਸਤੀਨ (ਹਿੱਪੋ)*

ਰੱਬਾ ਤੇਰੀ ਸਿਫ਼ਤ ਸਮਾਲਾਂ
ਕੁਫ਼ਰ ਦੇ ਏਸ ਹਨੇਰੇ ਵਿਚ।
ਬੇਰੱਬਿਆਂ ਦੇ ਇਸ ਮੰਦਰ ਵਿਚ
ਦੇਵਲਹੀਣੇ ਡੇਰੇ ਵਿਚ।
ਤੂੰ ਤਾਂ ਅਗਮ ਅਗਾਧ ਅਦੁੱਤੀ
ਸਰਬ ਕਲਾ ਸਭ ਥਾਵੇਂ ਤੂੰ।
ਸੋਇ ਤਾਂ ਤੇਰੀ ਹਰ ਥਾਂ ਵੱਗੇ,
ਐਪਰ ਨਜ਼ਰ ਨ ਆਵੇਂ ਤੂੰ।





ਮੈਂ ਤਾਂ ਏਸ ਕੁਥਾਵੇਂ ਬੈਠਾ
ਗੱਲ ਅਰਥਾਂ ਦੀ ਕਰਾਂ ਪਿਆ।
ਅਰਥਾਂ ਨਾਲ ਬੇਅਰਥ ਦੁਨੀ ਵਿਚ
ਜ਼ਿੰਦਗਾਨੀ ਨੂੰ ਭਰਾਂ ਪਿਆ। —ਅਨਾਮ

ਹੇ ਮਾਲਕ ਮੇਹਰ ਵਰਤਾ ਸਾਡੇ ਉਪਰ,
ਕਿ ਅਸੀਂ ਇਕ ਤੇਰੀ ਰਖਿਆ ਭਾਲੀਏ
ਹਰ ਉਸ ਵੇਲੇ
ਜਦੋਂ ਡਰ ਤੇ ਤੌਖਲੇ ਸਾਨੂੰ ਘੇਰੀ ਖਲੇ ਹੋਣ;
ਅਕੇਵਿਆਂ ਤੇ ਉਦਰੇਵਿਆਂ ਸਾਡੇ ਰਾਹ ਮੱਲੇ ਹੋਣ;
ਜਦੋਂ ਪਾਪ ਕਰਮ ਲੁੱਡੀ ਪਾ ਰਹੇ ਹੋਣ—ਅੰਦਰ ਵੀ, ਬਾਹਰ ਵੀਂ;
ਪਿਆਰ ਨੂੰ ਜਦੋਂ ਸੰਸੇ ਵਾਪਰੇ ਹੋਏ ਹੋਣ
ਤੇ ਆਤਮਾ ਅੰਦਰ ਉਸ ਦਾ ਗਲਾ ਘੋਪ ਰਹੇ ਹੋਣ;
ਜਦੋਂ ਕਦਮ ਕਦਮ ਤੇ ਕੋਈ ਨਵੀਂ ਮੁਸੀਬਤ,
ਨਵੀਂ ਖਲਬਲੀ, ਨਵੀਂ ਬੋਖਲਾਹਟ, ਨਵੇਂ ਭਰਮ
ਪੈਦਾ ਹੋਂਦੇ ਹੋਣ;
ਤੇ ਹਰੇਕ ਵਿਚਾਰ ਸਜਰੇ ਇਲਜ਼ਾਮ ਤੇ ਨਵੇਂ ਉਲਾਹਮੇ
ਢੋ ਕੇ ਲਿਆਂਦਾ ਹੋਵੇ।

ਤਦ, ਮਾਲਕ, ਨਦਰ ਕਰੀਂ ਸਾਡੇ ਉੱਤੇ
ਕਿ ਅਸੀਂ ਜਾਣ ਸਕੀਏ
ਕਿ ਇਸ ਹਨੇਰੇ ਵਿਚ ਸਾਡੇ ਪਾਪਾਂ ਦੀ ਧੁੰਧ ਹੀ
ਤੈਨੂੰ ਸਾਥੋਂ ਲੁਕੋਈ ਬੈਠੀ;
ਕਿ ਧੁੰਧ ਦੇ ਬਾਵਜੂਦ ਤੂੰ ਮੌਜੂਦ ਹੈਂ
ਤੇ ਲਖ ਰਿਹਾ ਹੈਂ
ਕਿ ਅਸੀਂ ਤੈਨੂੰ ਪਿਆਰਦੇ ਹਾਂ।

ਤੇਰੇ ਹੁਕਮ ਉਪਰ ਸਾਡੀ ਨਿਰਭਰਤਾ,
ਇਸ ਪਿਆਰ ਦੀ ਹੀ ਸੂਚਕ ਹੈ। —ਫ਼ਾਦਰ ਗਿਲਬਰਟ ਸ਼ਾਅ

ਹਰੀ, ਮੇਰੇ ਜੀਵਨ ਪ੍ਰਾਣ ਆਧਾਰ!
ਹੋਰ ਆਸਰਾ ਨਹੀਂ ਤੇਰੇ ਬਿਨ
ਤਿੰਨ ਲੋਕਾਂ ਵਿਚਕਾਰ!
ਤੁਧ ਬਿਨ ਮੈਨੂੰ ਕੁਝ ਨਾ ਸੁਖਾਵੇ
ਡਿੱਠਾ ਸਭ ਸੰਸਾਰ।
ਰਾਵਲ! ਮੀਰਾ ਦਾਸੀ ਹੋਈ
ਦਈਂ ਨਾ ਓਨ ਵਿਸਾਰ।

—ਮੀਰਾ ਬਾਈ

ਕਰਨਾਂ ਤੁੱਧ ਹਵਾਲੇ ਸਾਈਆਂ
ਸਾਰੇ ਦਿਨ ਦੀਆਂ ਕਰਮ ਕਮਾਈਆਂ;
ਸਣੇ ਔਕੜਾਂ, ਸਣ ਕਠਿਨਾਈਆਂ;
ਸਣ ਹੁਸ਼ਿਆਰੀਆਂ ਤੇ ਚਤੁਰਾਈਆਂ,
ਕੁਲ ਅਲਗ਼ਰਜ਼ੀਆਂ, ਲਾਪਰਵਾਹੀਆਂ,
ਤੇ ਕੂੜਾਵੀਆਂ ਸੂਰਮਤਾਈਆਂ;
ਨਾਲੇ ਪਿਆਰ, ਮੁਹੱਬਤ ਨਾਲੇ,
ਵੈਰ, ਵਿਰੋਧ, ਅਦਾਵਤ ਨਾਲੇ;
ਸਗਲੇ ਹਾਸੇ, ਸਗਲੇ ਰੋਸੇ,
ਨਾਲੇ ਹੰਝੂ ਕੋਸੇ ਕੋਸੇ;
ਜੋ ਵੀ ਮੁਝ ਲਈ ਕਿਨ ਕੁਝ ਕੀਤਾ,
ਜੋ ਵੀ ਕਿਨ ਮੁਝ ਪਾਸੋਂ ਲੀਤਾ;
ਪੂਜਾ ਤੇ ਅਰਦਾਸ ਆਪਣੀ,
ਸਾਰੇ ਦਿਨ ਦੀ ਰਾਸ ਆਪਣੀ—
ਸੌਂਪ ਰਿਹਾ ਹਾਂ ਤੇਰੇ ਅੱਗੇ
ਸਭ ਕੁਝ ਜੋ ਮੁਝ ਪਿਆਰਾ ਲੱਗੇ।

ਜੋ ਵੀ ਪਿਆਰਾ ਮੈਨੂੰ ਲਗਦਾ,
ਚਿੱਤ ਮੇਰੇ ਨੂੰ ਜੋ ਵੀ ਫਬਦਾ,
ਸੌਂਪਾਂ ਤੇਰੇ ਖਸਮਾਨੇ ਨੂੰ,
ਅਰਪਾਂ ਤੇਰੇ ਨਿਗਰਾਨੇ ਨੂੰ;
ਲਾਵਾਂ ਤੇਰੀ ਸਿਫ਼ਤ-ਸਨਾ ਵਿਚ,
ਰੱਖੀਂ, ਦਾਤਾ, ਅਸਾਂ ਨਿਗਾਹ ਵਿਚ।

ਹੇ ਮਾਲਕ, ਇਕ ਨਦਰ ਲੁਟਾ ਦੇ,
ਅਪਣਾ ਫ਼ਜ਼ਲ ਮੇਰੇ ਵਰਤਾ ਦੇ।

*—ਮਾਰਗ੍ਰੈਟ ਕ੍ਰਾਪਰ 'ਤੇ ਆਧਾਰਿਤ*





ਸ਼ਾਨ ਤੇਰੀ ਦੀ ਸਿਫ਼ਤ ਸਮਾਲੇ ਮੇਰੀ ਮਿੱਟੀ ਮੋਈ ਵੇ,
ਤੇਰੀ ਬਖ਼ਸ਼ਸ਼ ਨ ਮੇਟੇ ਕੋਈ, ਖਿਮਾ ਨ ਰੱਦੇ ਕੋਈ ਵੇ।

ਮੈਨੂੰ ਤਾਂ ਇਕ ਤੇਰਾ ਤਕੀਆ, ਧੁਰੋਂ ਤਵੱਕੁਲ ਤੇਰਾ ਹੀ,
ਤੇਰਾ ਕਰਮ ਮੇਰਾ ਭਰਵਾਸਾ, ਨਦਰ ਮੇਰੀ ਦਿਲਜੋਈ ਵੇ।

ਖ਼ਾਕੀ, ਬਾਦੀ, ਆਬੀ, ਫ਼ਲਕੀ, ਸਭ ਤੇ ਰਹਿਮਤ ਤੇਰੀ ਵੇ,
ਪਹਿਲੇ ਰਿਜ਼ਕ ਤੇ ਪਿਛੋਂ ਕਾਇਆ—ਕੇਡਾ ਫ਼ਜ਼ਲ ਕੀਤੋਈ ਵੇ।

ਭਾਵੇਂ ਫ਼ੇਲ ਅਸਾਡੇ ਵੇਖੇਂ ਫਿਰ ਭੀ ਰਿਜ਼ਕ ਨ ਰੋਕੇਂ ਤੂੰ,
ਕੇਵਡ ਵੱਡੀ ਰਹਿਮਤ ਤੇਰੀ, ਤਿਸ ਮੀਜ਼ਾਨ ਨ ਕੋਈ ਵੇ।

ਕੇ ਇਕਬਾਲ ਕਹੀਂ, ਕੇ ਦੱਸੀਂ?—ਜਾਣੇਂ ਤੂੰ ਸਭ ਵਾਤੜੀਆਂ,
ਘੋਰ ਖ਼ਤਾਵਾਂ ਏਕਨ ਬਖ਼ਸ਼ੇਂ, ਜਿਵ ਕੋ ਬਾਤ ਨ ਹੋਈ ਵੇ।

ਮੈਂ ਜਾਣਾਂ ਕਿਉਂ ਆਪੇ ਸਾਨੂੰ ਖੁੱਲ ਗੁਨਾਹ ਦੀ ਦਿੱਤੀ ਤੂੰ,
ਕਿਵ ਬਖ਼ਸ਼ਿੰਦ ਕਹਾਉਂਦਾ ਤੂੰ ਜੇ ਖ਼ਤਾ ਨ ਕਰਦਾ ਕੋਈ ਵੇ?

ਮੇਰੀ ਨਿਰਬਲ ਮਿੱਟੀ ਤੇ ਵੀ ਕਰਮ ਸਦਾ ਫ਼ਰਮਾ ਰੱਖੀਂ,
ਇਸ ਦੀ ਕਮ-ਅਕਲੀ ਤੋਂ ਵਾਕਿਫ਼ ਤੁਧ ਜਿਹਾ ਹੋਰ ਨ ਕੋਈ ਵੇ।



ਹੇ ਵਡਿਆਂ ਫ਼ਜ਼ਲਾਂ ਦੇ ਵਾਲੀ, ਦਸਤਕ ਤੇਰੇ ਦੇਵਾਂ ਮੈਂ,
ਤੇਰੀ ਦਰਵੱਟਣ ਬਿਨ ਕਿਧਰੇ ਮਿਲਦੀ ਅਸਾਂ ਨ ਢੋਈ ਵੇ।

ਇਕ ਮੈਨੂੰ ਹੀ ਨਹੀਂ ਆਸਰਾ, ਸਗਲ ਜਹਾਨ ਮੁਥਾਜ ਤੇਰਾ,
ਹੋਰ ਨ ਦਰ ਜਿਸ ਅੱਗੇ ਏਵਡ ਭੀੜ ਇਕੱਠੀ ਹੋਈ ਵੇ।

ਕਰਮ ਤੇਰੇ ਦੀ ਸਿਫ਼ਤ ਸਮਾਲੇ ਮੇਰੀ ਮਿੱਟੀ ਮੋਈ ਵੇ,
ਤੇਰੀ ਬਖ਼ਸ਼ ਨ ਮੇਟੇ ਕੋਈ, ਖਿਮਾ ਨ ਰੱਦੇ ਕੋਈ ਵੇ!

*—ਜ.ਸ.ਨ.*

# ਨਿਮ੍ਰਤਾ ਬਨਾਮ ਹਉਮੈ



ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥
*— ਸਲੋਕ ਕਬੀਰ (1364:15)*

ਰੱਬ ਤਕ ਪਹੁੰਚਣ ਦਾ ਕੇਵਲ ਇਕੋ ਰਸਤਾ ਹੈ—
ਉਹ ਹੈ ਨਿਮ੍ਰਤਾ ਦਾ। ਬਾਕੀ ਰਸਤੇ ਭਾਵੇਂ
ਉਹਨਾਂ ਨੂੰ ਹੋਰ ਕਈ ਸਦਗੁਣਾਂ ਦੀ
ਵਾੜ ਕਿਉਂ ਨਾ ਹੋਵੇ,
ਔਝੜਾਂ ਵਿਚ
ਹੀ ਪਾਂਦੇ
ਹਨ।

—ਹੈਲਡੈਨ

14

# ਨਿਮ੍ਰਤਾ ਬਨਾਮ ਹਉਮੈ

ਅੱਜ ਦੇ ਸੰਸਾਰ ਨੂੰ ਨਿਮ੍ਰਤਾ ਦੀ ਗੱਲ ਓਪਰੀ ਓਪਰੀ ਲਗਦੀ ਹੈ। ਜੋ ਲੋਕ ਕਾਰਲ ਮਾਰਕਸ, ਸਿਗਮੰਡ ਫ਼੍ਰਾਇਡ, ਫ਼੍ਰਾਇਡਰਿਖ਼ ਸ਼ਲਾਇਰਮੇਖ਼ਰ, ਨਿਤਸ਼ੇ ਜਾਂ ਮੁਹੰਮਦ ਇਕਬਾਲ ਆਦਿ ਦੀਆਂ ਲਿਖਤਾਂ ਦਾ ਅਸਰ ਕਬੂਲੀ ਬੈਠੇ ਹਨ, ਉਹਨਾਂ ਲਈ ਤਾਂ ਨਿਮ੍ਰਤਾ ਸਮਾਜਕ ਫ਼ਾਲਿਜ, ਬਚਗਾਨਾ ਨਿਰਭਰਤਾ, ਗ਼ੁਲਾਮਾਨਾ ਫ਼ਰਮਾਂਬਰਦਾਰੀ ਜਾਂ ਨਿਰਬਲਾਂ ਕਮਜ਼ੋਰਾਂ ਲਈ ਤਾਕਤ ਹਾਸਲ ਕਰਨ ਦੇ ਵਸੀਲੇ ਦਾ ਦਰਜਾ ਰਖਦੀ ਹੈ। ਉਹਨਾਂ ਨੂੰ ਨਿਮ੍ਰਤਾ ਆਪਣੀਆਂ ਪਸੰਦੀਦਾ ਕਦਰਾਂ-ਕੀਮਤਾਂ ਦੇ ਵਿਰੋਧ ਵਿਚ ਖਲੋਤੀ ਪ੍ਰਤੀਤ ਹੋਂਦੀ ਹੈ। ਪਰ ਜੇ ਅਸੀਂ ਪੱਖ-ਪਾਤ ਤੋਂ ਉਪਰ ਉੱਠ ਕੇ ਸੋਚੀਏ ਤਾਂ ਨਿਮ੍ਰਤਾ ਇਕ ਐਸੀ ਵਿਸ਼ਵ-ਦ੍ਰਿਸ਼ਟੀ ਭਾਸੇਗੀ ਜੋ ਸਮਸਤ ਧਰਮਾਂ ਅੰਦਰ ਮੂਲਾਧਾਰ ਬਣੀ ਬੈਠੀ ਹੈ।

ਨਿਮ੍ਰਤਾ ਨਾ ਕੇਵਲ ਧਰਮਾਂ ਦੀ ਥਾਪੀ ਆਤਮਕ ਰਹਿਤ ਦਾ ਹਿੱਸਾ ਹੀ ਹੈ, ਇਹ ਅਧਿਆਮਕ ਸ਼ਖ਼ਸੀਅਤ ਦੀ ਮਨੋਵਿਗਿਆਨਕ ਪਰਿਭਾਸ਼ਾ ਵਿਚਲਾ ਪ੍ਰਮੁਖ ਗੁਣ ਵੀ ਹੈ। ਉਹਨਾਂ ਧਰਮਾਂ ਦਾ, ਅਰਦਾਸ ਜਿਨ੍ਹਾਂ ਵਿਚ ਪ੍ਰਭੂ ਮਿਲਣ ਦਾ ਇਕ ਪ੍ਰਮੁਖ ਸਾਧਨ ਹੈ, ਨਿਮ੍ਰਤਾ ਬਿਨਾ ਨਿਸਤਾਰਾ ਹੀ ਨਹੀਂ। ਨਿਮ੍ਰਤਾ ਬਿਨਾ ਅਰਦਾਸ ਹੋ ਹੀ ਕਿਵੇਂ ਸਕਦੀ ਹੈ ?

ਆਮ ਤੌਰ 'ਤੇ ਧਰਮਾਂ ਵਿਚ ਦੋ ਤਰਫ਼ੀ ਹਾਠਾਂ ਤਿਆਗ ਕੇ ਮੱਧ-ਵਰਤੀ ਰਾਹ ਅਪਨਾਉਣ 'ਤੇ ਬਲ ਹੁੰਦਾ ਹੈ।[1] ਪਰ ਨਿਮ੍ਰਤਾ ਦੇ ਮਾਮਲੇ ਵਿਚ ਮੱਧ-ਵਰਤੀ ਰਾਹ ਅਪਨਾਉਣ ਦੀ ਥਾਂ ਨਿਰੋਲ ਓੜਕ ਦੀ ਹਾਠ ਅਪਨਾਉਣ ਦੀ ਸਿਫ਼ਾਰਿਸ਼ ਹੀ ਕੀਤੀ ਗਈ ਹੈ। ਇਸ ਦੇ ਦੂਜੇ ਸਿਰੇ ਦੀ ਹਾਠ ਹਉਮੈ ਦੀ ਹਾਠ ਹੈ ਜਿਸ ਦੇ ਮੁਕੰਮਲ ਤਿਆਗ ਦਾ ਆਦੇਸ਼ ਹੈ, ਕਿਉਂਕਿ ਇਹ ਹਉਮੈ ਹੀ ਹੈ ਜੋ ਸਦਾ ਸੰਗ ਵਸਦੇ ਪ੍ਰਭੂ ਨਾਲ ਸਾਡਾ ਮਿਲਾਪ ਨਹੀਂ ਹੋਣ ਦੇਂਦੀ:

1. ਜਿਵੇਂ: **ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ॥**

*—ਮਲਾਰ ਵਾਰ ਮ: ੧ (1280 : 11)*

**ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥**[1]

ਜਿੱਥੇ ਹਉਮੈ ਹੋਵੇ ਉਥੇ ਵਾਹਿਗੁਰੂ ਦਾ ਨਾਮ ਨਹੀਂ ਹੋਂਦਾ।[2] ਅਰਦਾਸ ਮਾਰਗ ਦੇ ਪਾਂਧੀਆਂ ਲਈ ਤਾਂ ਹਉਮੈ ਦਾ ਪਰਿਤਿਆਗ ਤੇ ਨਿਮ੍ਰਤਾ ਦਾ ਅਭਿਆਸ ਅਨਿਵਾਰੀ ਹੈ।

ਪਰ, ਹਉਮੈ ਤਾਂ ਸਾਡੇ ਅੰਦਰ ਜੰਮਦਿਆਂ ਤੋਂ ਹੀ ਘਰ ਕਰੀ ਬੈਠੀ ਹੈ। ਮਾਨਵੀ ਇਤਿਹਾਸ ਦੀ ਸਭ ਤੋਂ ਵੱਧ ਤਲਖ਼ ਸੱਚਾਈ ਇਹੋ ਹੈ ਕਿ ਅਸੀਂ ਕਰੀਬ ਕਰੀਬ ਸਾਰੇ ਹੀ ਆਪਣੀ ਹਉਮੈ ਦੇ ਮਹਿਲ ਉਸਾਰਨ ਵਿਚ ਜੁਟੇ ਰਹਿੰਦੇ ਹਾਂ। ਨਿਮ੍ਰਤਾ ਨੂੰ ਤਾਂ ਕੋਈ ਵਿਰਲਾ ਹੀ ਆਪਣੀ ਜ਼ਿੰਦਗੀ ਵਿਚ ਥਾਂ ਦੇਂਦਾ ਹੈ।

ਪਰ ਰੱਬ ਦਾ ਰਾਹ ਤਾਂ ਨਿਮ੍ਰਤਾ ਦਾ ਰਾਹ ਹੈ। ਜੋ ਨਿਵੰਦਾ ਹੈ, ਵਾਹਿਗੁਰੂ ਉਸੇ ਨੂੰ ਉਪਰ ਉਠਾਲਦਾ ਹੈ। ਨਿਮ੍ਰਤਾ ਹੀ ਉਸ ਦੀ ਪਰਵਾਨਗੀ ਦਾ ਪਰਵਾਨਾ ਹੈ। ਪਰ, ਇਹ ਨਿਮ੍ਰਤਾ ਪੈਦਾ ਕਿਵੇਂ ਕਰੀਏ ? ਨਿਮ੍ਰਤਾ ਦਾ ਮੁੱਢ ਤਾਂ ਵਾਹਿਗੁਰੂ ਦੀ ਹਾਜ਼ਰ-ਨਾਜ਼ਰਤਾ ਦੇ ਅਭਿਆਸ ਤੋਂ ਹੀ ਬੱਝਦਾ ਹੈ। ਮਨੁੱਖ ਦੀ ਨਿਮ੍ਰਤਾ ਬੁਨਿਆਦੀ ਤੌਰ 'ਤੇ ਰੱਬ ਦੀ ਵਡਿੱਤਣ ਤੇ ਪਾਵਨਤਾ ਦੇ ਸਨਮੁਖ ਹੋਇਆਂ ਹੀ ਉਪਜਦੀ ਹੈ। ਤਦ ਸੁਭਾਵਕ ਹੀ ਆਪਣੀ ਤੁੱਛਤਾ ਦਾ ਆਭਾਸ ਪ੍ਰਗਟਦਾ ਹੈ। ਰੱਬ ਦਾ ਹੁਕਮ ਪਛਾਣਨ ਵਾਲੀ ਆਤਮਾ ਆਪਣੇ ਇਰਾਦੇ ਨੂੰ ਕਿਵੇਂ ਸਿੱਧ ਸਮਝ ਸਕਦੀ ਹੈ ? ਉਹ ਤਾਂ ਆਪਣੇ ਇਰਾਦੇ ਨਾਲੋਂ ਵਧੀਕ ਆਗਿਆਪਾਲਨ ਆਸਰੇ ਵਿਚਰਦੀ ਹੈ। ਹਉਮੈ ਨਾਲ ਨੇਮ ਨਹੀਂ ਨਿਭਾਉਂਦੀ, ਰੱਬ ਦੀ ਤਾਬਿਆਦਾਰੀ ਦੇ ਨੇਮ ਪਾਲਦੀ ਹੈ।

ਨਮ੍ਰ ਜਿਗਿਆਸੂ ਹੋਰਨਾਂ ਦੀ ਪੜਚੋਲ ਨਹੀਂ ਕਰਦਾ, ਆਪਣੇ ਅਉਗੁਣ ਭਾਲਦਾ ਹੈ। ਆਪਣੀਆਂ ਕਮਜ਼ੋਰੀਆਂ ਲਈ ਕੋਈ ਸਫ਼ਾਈ ਪੇਸ਼ ਨਹੀਂ ਕਰਦਾ। ਆਪਣੇ ਦੋਸ਼ ਸੁਣ ਕੇ ਖਿੱਝਣ ਦੀ ਥਾਂ ਸੋਚਵਾਨ ਹੋਂਦਾ ਹੈ। ਆਪਣੀ ਪ੍ਰਸ਼ੰਸਾ ਦਾ ਇੱਛੁਕ ਨਹੀਂ ਹੋਂਦਾ, ਸਗੋਂ ਹੋਰਨਾਂ ਦੀ ਵਡਿਆਈ ਕਰ ਕੇ ਖ਼ੁਸ਼ ਹੋਂਦਾ ਹੈ। ਕਿਸੇ ਦੀ ਚੰਗਿਆਈ ਜਾਂ ਵਡਿਆਈ ਨਾਲ ਈਰਖਾ ਨਹੀਂ ਕਰਦਾ, ਸਗੋਂ ਉਸ ਦੀ ਸਿਫ਼ਤ ਕਰਦਾ ਹੈ। ਕਦੇ ਆਪਣੀ ਨਿਰਾਦਰੀ ਨਹੀਂ ਮਨਾਉਂਦਾ। ਨਿਮ੍ਰਤਾ ਦਾ ਤਾਂ ਨਿਰਾਦਰ ਹੋ ਹੀ ਨਹੀਂ ਸਕਦਾ।

ਜਿਥੇ ਹਉਮੈ ਸਭ ਵਿਕਾਰਾਂ ਦੀ ਜੜ੍ਹ ਹੈ, ਓਥੇ ਨਿਮ੍ਰਤਾ ਹਰ ਚੰਗਿਆਈ ਦਾ ਮੂਲ ਹੈ। ਕਿਤਨੀਆਂ ਹੀ ਦਿਲ-ਸ਼ਿਕਨੀਆਂ ਦਾ ਇਸ ਪਾਸ ਇਲਾਜ ਹੈ। ਕਿਤਨੇ ਹੀ ਭਰੋਸਿਆਂ ਦੀ ਇਹ ਆਧਾਰ-ਸ਼ਿਲਾ ਹੈ। ਕਿਤਨੇ ਹੀ ਠਰੰਮੇ ਇਸ ਵਿਚੋਂ ਜਨਮ ਲੈਂਦੇ ਹਨ।

ਅਸੀਂ ਤਾਂ ਬੜੀ ਵਾਰ ਕੂੜਾਵੀ ਨਿਮ੍ਰਤਾ ਦੇ ਭੇਖਧਾਰੀ ਹੋ ਜਾਂਦੇ ਹਾਂ। ਅਸਲ ਨਿਮ੍ਰਤਾ

1. ਮਲਾਰ ਮ: ੪ (1263 : 4)
2. **ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥** —*ਵਡਹੰਸੁ ਮ: ੩ (560 : 12)*

ਨਾ ਗੋਦੜੀਆਂ ਪਹਿਨਣ ਵਿਚ ਹੈ, ਨਾ ਪੋਚੇ ਸੁਆਰੇ ਬਚਨਾਂ ਵਿਚ। ਠੱਗ ਲੋਕ ਵੀ ਠੱਗਣ ਲਈ ਬੜੇ ਮਿੱਠੇ ਤੇ ਨਮ੍ਰ ਬੋਲ ਬੋਲਦੇ ਹਨ। ਅਸਲ ਨਿਮ੍ਰਤਾ ਤਾਂ ਮਨ ਦੀ ਹੈ। ਜੇਕਰ ਮਨ ਨਮ੍ਰ ਨਹੀਂ ਹੋਇਆ ਤਾਂ ਨਿਮ੍ਰਤਾ ਦਾ ਪਾਜ ਨਿਰਾ ਕੂੜਾਵਾ ਹੈ।

ਜਿਨ੍ਹਾਂ ਨੇ ਵੀ ਹਉਮੈ ਤਿਆਗੀ ਤੇ ਨਿਮ੍ਰਤਾ ਵਿਹਾਜੀ ਹੈ ਉਹਨਾਂ ਦੇ ਬੋਲਾਂ ਵਿਚ ਚਾਤੁਰੀ ਦੀ ਥਾਂ ਸਾਦਗੀ ਤੇ ਸੁਹਿਰਦਤਾ ਹੋਂਦੀ ਹੈ। ਉਹ ਜਦ ਵੀ ਬੋਲਦੇ ਹਨ, ਮੋਹ ਲੈਂਦੇ ਹਨ; ਇਕ ਉੱਚਤਮ ਪ੍ਰੇਰਨਾ ਜਗਾਂਦੇ ਤੇ ਧੁਰ ਅੰਦਰੇ ਨੂੰ ਹਿਲੂਣ ਜਾਂਦੇ ਹਨ।

> ਰੱਬੀ ਦਰਗਾਹ ਦੇ ਦਰਵਾਜ਼ੇ ਸ਼ਾਹੀ ਮਹੱਲਾਂ ਵਾਂਗ ਉੱਚੀਆਂ ਮਿਹਰਾਬਾਂ ਵਾਲੇ ਨਹੀਂ ਹੋਂਦੇ। ਓਹਨਾਂ 'ਚੋਂ ਤਾਂ ਗੋਡਿਆਂ ਪਰਨੇ ਹੋ ਕੇ ਹੀ ਲੰਘਣਾ ਪੈਂਦਾ ਹੈ।
>
> —ਜੇ ਵੈਬਸਟਰ

• •

ਸਭਿ ਅਵਗਣ ਮੈ ਗੁਣੁ ਨਹੀ ਕੋਈ ॥
ਕਿਉ ਕਰਿ ਕੰਤ ਮਿਲਾਵਾ ਹੋਈ ॥੧॥
ਨਾ ਮੈ ਰੂਪੁ ਨ ਬੰਕੇ ਨੈਣਾ ॥
ਨਾ ਕੁਲ ਢੰਗੁ ਨ ਮੀਠੇ ਬੈਣਾ ॥੧॥ ਰਹਾਉ ॥
ਸਹਜਿ ਸੀਗਾਰ ਕਾਮਣਿ ਕਰਿ ਆਵੈ ॥
ਤਾ ਸੋਹਾਗਣਿ ਜਾ ਕੰਤੈ ਭਾਵੈ ॥੨॥
ਨਾ ਤਿਸੁ ਰੂਪੁ ਨ ਰੇਖਿਆ ਕਾਈ ॥
ਅੰਤਿ ਨ ਸਾਹਿਬੁ ਸਿਮਰਿਆ ਜਾਈ ॥੩॥
ਸੁਰਤਿ ਮਤਿ ਨਾਹੀ ਚਤੁਰਾਈ ॥
ਕਰਿ ਕਿਰਪਾ ਪ੍ਰਭ ਲਾਵਹੁ ਪਾਈ ॥੪॥
ਖਰੀ ਸਿਆਣੀ ਕੰਤ ਨ ਭਾਣੀ ॥
ਮਾਇਆ ਲਾਗੀ ਭਰਮਿ ਭੁਲਾਣੀ ॥੫॥
ਹਉਮੈ ਜਾਈ ਤਾ ਕੰਤ ਸਮਾਈ ॥
ਤਉ ਕਾਮਣਿ ਪਿਆਰੇ ਨਵ ਨਿਧਿ ਪਾਈ ॥੬॥
ਅਨਿਕ ਜਨਮ ਬਿਛੁਰਤ ਦੁਖੁ ਪਾਇਆ ॥
ਕਰੁ ਗਹਿ ਲੇਹੁ ਪ੍ਰੀਤਮ ਪ੍ਰਭ ਰਾਇਆ ॥੭॥
ਭਣਤਿ ਨਾਨਕੁ ਸਹੁ ਹੈ ਭੀ ਹੋਸੀ ॥
ਜੈ ਭਾਵੈ ਪਿਆਰਾ ਤੈ ਰਾਵੇਸੀ ॥੮॥੧॥

*—ਸੂਹੀ ਮ: ੧ (750 : 13)*



ਮੇਰੇ ਅੰਦਰ ਸਭ ਅਵਗਣ (ਹੀ ਅਵਗਣ) ਹਨ, ਗੁਣ ਕੋਈ (ਇਕ ਵੀ) ਨਹੀਂ। (ਹੇ ਪ੍ਰਭੂ ਫਿਰ) ਮੇਰਾ ਤੁਧ ਮਾਲਕ ਨਾਲ ਮਿਲਾਪ ਕਿਵੇਂ ਹੋਵੇ ? ਨਾ ਮੈਂ ਆਪ (ਕਰਮਾਂ ਕਰਕੇ) ਸੁੰਦਰ ਹਾਂ, ਨਾ ਮੇਰੇ ਨੈਣ (=ਦ੍ਰਿਸ਼ਟੀ) ਹੀ ਸੁਹਣੇ ਹਨ। ਨਾ ਮੇਰਾ (ਉੱਚਾ) ਖ਼ਾਨਦਾਨ ਹੈ ਨਾ (ਮੇਰੇ ਕੋਲ ਚੰਗੇ ਵਰਤਾਓ ਦਾ) ਢੰਗ ਹੈ, ਤੇ ਨਾ ਮਿੱਠੇ ਬੋਲ (ਹੀ ਹਨ)। (ਜਿਹੜੀ) ਇਸਤ੍ਰੀ ਸਾਦਾ (ਕੁਦਰਤੀ) ਸੀਗਾਰ ਕਰ ਕੇ ਆਉਂਦੀ ਹੈ ਓਹੀ ਕੰਤ ਨੂੰ ਪਿਆਰੀ ਲਗਦੀ, ਸੋਹਾਗਣ ਥੀਂਦੀ ਹੈ। ਉਸ (ਹਰੀ ਕੰਤ ਦੀ) ਨਾ ਕੋਈ ਸ਼ਕਲ ਹੈ, ਨਾ ਨੁਹਾਰ ਹੈ ਅਤੇ ਨਾ ਉਹ ਮਾਲਕ (ਉਮਰ ਦੇ) ਅੰਤਲੇ (ਦਿਨਾਂ ਵਿਚ) ਸਿਮਰਿਆ ਹੀ ਜਾ ਸਕਦਾ ਹੈ। ਮੈਂ ਚੰਗੀ ਸਿਆਣੀ ਹਾਂ ਕਿ (ਚਤੁਰ ਬਣ ਕੇ ਵੀ) ਕੰਤ ਦੀ ਪ੍ਰਸੰਨਤਾ ਨਹੀਂ ਪ੍ਰਾਪਤ ਕਰ ਸਕੀ। ਮੈਂ ਤਾਂ ਮਾਇਆ (ਪਿੱਛੇ) ਲੱਗੀ (ਉਸੇ ਦੇ) ਭਰਮ ਵਿਚ ਭੁੱਲੀ ਫਿਰੀ ਹਾਂ। ਜੇਕਰ ਅੰਦਰੋਂ ਹਉਮੈ ਜਾਵੇ ਤਾਂ ਹੀ ਕੰਤ ਵਿਚ ਸਮਾ ਸਕਾਂ। (ਕੰਤ ਵਿਚ ਸਮਾਈ) ਇਸਤ੍ਰੀ ਨੌ ਨਿਧੀਆਂ (=ਖ਼ਜ਼ਾਨੇ) ਪ੍ਰਾਪਤ ਕਰ ਲੈਂਦੀ ਹੈ। ਹੇ ਮੇਰੇ ਪ੍ਰੀਤਮ ਰਾਜੇ, ਮੇਰੇ ਪ੍ਰਭੂ, ਮੈਂ ਤੁਹਾਥੋਂ ਵਿਛੜ ਕੇ ਅਨੇਕਾਂ ਜਨਮਾਂ ਦਾ ਦੁਖ ਭੋਗਿਆ ਹੈ। ਹੁਣ ਤਾਂ ਮੇਰਾ ਹੱਥ ਪਕੜ ਕੇ (ਮੈਨੂੰ) ਬਚਾ ਲਓ। ਨਾਨਕ ਕਹਿੰਦਾ ਹੈ ਕਿ ਮਾਲਕ ਜੋ ਹੁਣ ਹੈ, (ਪਿੱਛੇ ਸੀ) ਤੇ ਅਗੋਂ ਵੀ ਰਹੇਗਾ। ਜਿਸ (ਭਗਤ) ਨੂੰ ਵੀ ਉਹ ਚਾਹੁੰਦਾ ਹੈ ਉਸ ਨੂੰ (ਆਪਣਾ ਬਣਾ ਕੇ) ਮਾਣਦਾ ਹੈ।

• •

**ਫਰੀਦਾ [1]ਥੀਉ ਪਵਾਹੀ ਦਭੁ ॥**
**ਜੇ ਸਾਂਈ ਲੋੜਹਿ ਸਭੁ[2] ॥**
**[3]ਇਕੁ ਛਿਜਹਿ ਬਿਆ ਲਤਾੜੀਅਹਿ ॥**
**ਤਾਂ ਸਾਈ ਦੈ ਦਰਿ ਵਾੜੀਅਹਿ ॥**

*—ਸਲੋਕ ਫ਼ਰੀਦ (1378 : 14)*

**[4]ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥**
**[5]ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥**
**ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ[6] ਦੂਖੁ ਮਿਟਾਇਓ ॥**
**ਕਹੁ ਨਾਨਕ [7]ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ [8]ਪਾਇਓ ॥**

*—ਸੋਰਠਿ ਮ: ੫ (624 : 10)*

---

1. ਹੋ ਜਾ ਪਹੇ ਦੀ ਘਾਹ। 2. ਸਰਬ-ਵਿਆਪਕ। 3. ਇਕ ਤਾਂ ਤੂੰ ਕਟਿਆ ਜਾਵੇਂ, ਦੂਜਾ ਲਿਤਾੜਿਆ ਜਾਵੇਂ (ਇਤਨੀ ਕੁਰਬਾਨੀ ਤੇ ਆਪਾ ਗਵਾਵਣ ਤੋਂ ਬਾਦ ਹੀ ਤੂੰ ਲੋਕਾਂ ਦੇ ਪੈਰਾਂ ਨਾਲ ਲਗੀ) ਰੱਬ ਦੇ ਘਰ (ਮਸੀਤ) ਦੇ ਵਿਚ ਲਿਆਈ ਜਾਵੇਂਗੀ। 4. ਹਉਮੈ ਦੀ ਕੰਧ (ਉਸ ਦੇ ਤੇ ਮੇਰੇ) ਵਿਚਕਾਰ ਆ ਗਈ ਹੈ, ਨਹੀਂ ਤਾਂ ਸੁਣਦੀ ਹਾਂ ਕਿ ਉਹ ਨੇੜੇ ਹੀ ਹੈ, ਦੇਸ ਵਿਚ ਹੀ ਹੈ। 5. (ਉਸਦੇ ਦੇ ਤੇ ਸਾਡੇ ਵਿਚਾਲੇ) ਤਿਤਲੀ ਦੇ ਪਰ ਜਿੰਨਾ ਬਾਰੀਕ ਪਰਦਾ ਹੈ, ਤਦੇ ਸਾਨੂੰ ਦੂਰ ਮਲੂਮ ਹੋਂਦਾ ਹੈ। 6. ਸਾਰਾ। 7. ਹਉਮੈ ਦੀ ਕੰਧ ਗੁਰੂ ਨੇ ਤੋੜ ਦਿੱਤੀ। 8. ਵਿਆਪਕ ਹਰੀ।

ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ[1] ਨਿਮਾਣਾ ਹੋਹੁ ॥
ਅੰਤਰਿ ਅਗਿਆਨੁ [2]ਹਉ ਬੁਧਿ ਹੈ [3]ਸਚਿ ਸਬਦਿ ਮਲੁ ਖੋਹੁ ॥
ਹੋਹੁ ਨਿਮਾਣਾ ਸਤਿਗੁਰੂ ਆਗੈ ਮਤ ਕਿਛੁ[4] ਆਪੁ ਲਖਾਵਹੇ ॥
ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ [5]ਅਪਣਾ ਆਪੁ ਗਵਾਵਹੇ ॥
ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ ॥
ਇਉ ਕਹੈ ਨਾਨਕੁ ਆਪੁ[6] ਛਡਿ ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ ॥

*—ਆਸਾ ਮ: ੩ ਛੰਤ (441 : 9)*

ਖ਼ੁਦ-ਬੀਨੀ ਬਖ਼ਸ਼ੀਂ ਤੂੰ ਮੈਨੂੰ,
ਖ਼ੁਦ-ਨਮਾਈ ਤੋਂ ਹੋੜੀਂ।
ਜੇ ਮੈਂ ਕਰਾਂ ਵਕਾਲਤ ਅਪਣੀ,
(ਸਭ) ਉਜ਼ਰ, ਦਲੀਲਾਂ ਤੋੜੀਂ।

*—ਸੇਂਟ ਅਗਸਤੀਨ (ਹਿੱਪੋ)*

ਹੇ ਰੱਬਾ! ਸਾਨੂੰ ਵੀ ਨਮਰ ਆਪਣੇ ਵਰਗਾ ਕਰ ਦੇ—
ਜੇਕਰ ਤੂੰ ਰੱਥ-ਚੜ੍ਹਿਆ ਆਉਂਦੋਂ (ਅਸੀਂ) ਦਾਮਨ ਕੀਕੂੰ ਫੜਦੇ ?

*—ਹੈਨਰੀ ਮਾਰਟਿਨ*

ਆਸ ਜੋ ਮੈਨੂੰ ਫਿਰੇ ਉਡਾਂਦੀ,
ਅੰਦਰ ਹੈ।
ਸ਼ਰਧਾ, ਜੋ ਧਰਵਾਸ ਬੰਨ੍ਹਾਂਦੀ,
ਅੰਦਰ ਹੈ।
ਸਿਦਕ, ਜੋ ਸਾਨੂੰ ਰਾਹੇ ਪਾਂਦਾ,
ਅੰਦਰ ਹੈ।
ਪਿਆਰ ਸਭਸ ਜੋ ਬੰਨ੍ਹ ਲਿਜਾਂਦਾ,
ਅੰਦਰ ਹੈ।

---

1. ਗੁਰੂ ਦੁਆਰਾ। 2. ਅਹੰਕਾਰ ਵਾਲੀ ਅਕਲ। 3. ਗੁਰੂ ਦੇ ਸੱਚੇ ਉਪਦੇਸ਼ ਦੁਆਰਾ ਇਹ (ਅਹੰਕਾਰ ਦੀ) ਮੈਲ ਦੂਰ ਕਰ। 4. ਆਪਣਾ ਆਪ (ਹਉਮੈ) ਕੁਝ ਨਾ ਜਤਾ। 5. ਆਪਣੀ ਅਸਲੀਅਤ। 6. ਹਉਮੈ।

ਸੱਚ ਕਿ ਜੋ ਸਚਿਆਰ ਬਣਾਂਦਾ,
ਅੰਦਰ ਹੈ।
ਦਰਦ ਕਿ ਜੋ ਉਪਕਾਰ ਸਿਖਾਂਦਾ,
ਅੰਦਰ ਹੈ।
ਖ਼ਾਲੀ 'ਹਉਂ' ਦਾ ਰਸਤਾ ਬਾਹਰ ਜਾਂਦਾ ਹੈ—
ਏਹੋ ਰੱਬ ਵਲੋਂ ਗੁਮਰਾਹ ਕਰਾਂਦਾ ਹੈ।
ਫੇਰ ਨਿਗੂਣੀ ਹਉਂ ਦੇ ਹੋ ਕੇ ਰਹੀਏ ਕਿਉਂ?
ਰਾਸ ਨਿਮਰਤਾ ਦੇ ਘਰ ਦੀ ਨਾ ਲਈਏ ਕਿਉਂ?

*—ਫ਼ਾਦਰ ਸਟੈਨੀਸਲਾਸ ਓਨੇਗੀਓਸ਼ ਕੋਵਾਲਕਜ਼ਿਕ*

ਮਲ ਅਪਣੀ ਦੇ ਨਾਲ ਭਰਾਂ
ਕੂੜੇ ਦਾ ਡੱਬਾ—
ਇਸ ਲਈ ਮੈਨੂੰ ਖਿਮਾਂ ਕਰ ਦਈਂ
ਮੇਰਿਆ ਰੱਬਾ!
ਇਹ ਕਰ ਦੇ, ਕਿ ਜੋ ਵੀ ਏਨ
ਉਠਾਲਣ ਆਏ,
ਉਸ ਵਿਚ ਮੈਨੂੰ ਜਲਵਾ ਤੇਰਾ
ਨਜ਼ਰੀਂ ਆਏ।

*—ਜੇ.ਬੀ.ਸੀ.*

ਜਗ ਵਿਚ ਭਾਵੇਂ ਜਿੱਤ ਹੋਵੇ ਜਰਵਾਣੇ ਦੀ,
ਘਰ ਤੇਰੇ ਤਾਂ ਹੁੰਦੀ ਕਦਰ ਨਿਮਾਣੇ ਦੀ।

*—ਅਲੈਗਜ਼ੈਂਡਰ ਵ੍ਹਾਈਟ*

ਪੈ ਗਈ ਸ਼ਾਮ, ਅਸਾਂ ਘਰ ਜਾਣਾ,
ਲੱਥੇ ਨ੍ਹੇਰੇ, ਦੂਰ ਟਿਕਾਣਾ।
ਬੱਸ ਦੀ ਅਸਾਂ ਉਡੀਕ ਲਗਾਈ—
ਉਹ ਆਈ, ਜੈਸੀ ਨਾ ਆਈ।

ਬਿਨ ਰੁਕਿਆਂ ਹੀ, ਧੂੜ ਉਡਾ ਕੇ,
ਭਰੀ ਭਰਾਤੀ ਲੰਘ ਗਈ ਆ ਕੇ—
ਅਸਾਂ ਕਿਨਾਰੇ ਖੜਾ ਛੋੜ ਕੇ,
ਨਵੀਂ ਬਿਵੱਸੀ ਵਿਚ ਬੋੜ ਕੇ।

.....

ਅਸੀਂ ਵੀ ਕਿਤਨੀ ਵਾਰੀ ਗੁਜ਼ਰੇ
ਏਸੇ ਬੱਸ ਵਾਕਰ ਨਿਜ-ਹੁਦਰੇ—
ਹੋਰਾਂ ਪਾਸੋਂ, ਬਿਨ ਮੁਸਕਾਏ,
ਦੁਖ ਸੁਖ ਪੁੱਛੇ ਬਿਨਾ ਸਿਧਾਏ।

ਤਲਬ ਉਹਨਾਂ ਕੋ ਬੋਲ ਪਿਆਰਾ
ਅਸ਼ਨਾਈ ਦਾ ਕੋਈ ਇਸ਼ਾਰਾ,
ਅੱਖ ਮਿਤ੍ਰਾਲੀ, ਰੂਹ ਕਿਰਪਾਲੂ,
ਇਕ ਮੁਸਕਾਣ ਜੋ ਦਿਲੋਂ ਦਇਆਲੂ!

ਐਪਰ, ਬਿਨਾ ਕਿਸੇ ਕੁਝ ਦਿੱਤੇ,
ਛੋੜ ਆਏ ਅਸੀਂ ਉਨ੍ਹਾਂ ਪਛਿੱਤੇ।
ਸਭ ਨੂੰ ਛਡ ਕੇ ਪਿਆਰ ਤਿਹਾਏ,
ਅਸੀਂ ਵੀ ਬਿਨ ਰੁਕਿਆਂ ਲੰਘ ਆਏ।

.....

ਅਸੀਂ ਵੀ ਸ਼ਾਇਦ ਬੱਸ ਦੇ ਵਾਕਰ
ਕੁੱਟ ਕੁੱਟ ਭਰੇ ਹੋਏ ਸਾਂ ਪਾਤਰ—
ਅਪਣੀ ਹਉਮੈ ਨਾਲ ਭਰਾਤੇ,
ਆਪੇ ਦੇ ਮਦ ਅੰਦਰ ਮਾਤੇ;
ਅੰਦਰ ਚਿੰਤਾ, ਰੰਜ, ਵਿਸਾਸੇ,
ਜਗ ਦੇ ਰੋਸੇ, ਜਗ ਦੇ ਹਾਸੇ,
ਸੰਸੇ, ਮੰਸੇ, ਤ੍ਰਾਸ ਆਪਣੇ,
ਅੱਧ-ਕੱਚੇ ਵਿਸ਼ਵਾਸ ਆਪਣੇ,

ਅਪਣੇ ਆਪੇ ਨੂੰ ਵਰਚਾਂਦੇ
ਮਿਤ੍ਰਾਂ ਕੋਲੋਂ ਅੱਖ ਚੁਰਾਂਦੇ,
ਅਸੀਂ ਵੀ ਬੱਸ ਵਾਕਰ ਲੰਘ ਆਏ,
ਬਿਨਾ ਕਿਸੇ ਸਿਉਂ ਹੱਥ ਮਿਲਾਏ।

*—ਐਮ.ਏ. ਟਾਮਸ*

ਸਰਕਸ ਅੰਦਰ ਤਕਿਆ ਤੈਨੂੰ
ਖੇਲ ਤਮਾਸ਼ੇ ਕਰਦਾ।
ਫਿਰ ਡਿੱਠਾ ਲਾਰੀ ਦੇ ਪਹੀਏ
ਅੰਦਰ ਫੂਕਾਂ ਭਰਦਾ।
ਗਸ਼ਤ ਲਾਂਦਿਆਂ ਤਕਿਆ ਤੈਨੂੰ
ਸੜਕੇ, ਵਰਦੀ ਪਾ ਕੇ।
ਕਿੱਥੇ ਨਹੀਂ ਵੇਖਿਆ ਤੈਨੂੰ ?—
ਉਹ ਤਾਂ ਥਾਓ ਵਿਖਾ ਦੇ!

.....

ਤੂੰ ਤਾਂ ਰੱਬ ਗ਼ਰੀਬਾਂ ਸੰਦਾ
ਬੰਦਾ ਸਾਦ ਮੁਰਾਦਾ।
ਮੱਥਾ ਤੇਰਾ ਮੁੜ੍ਹਕੋ ਮੁੜ੍ਹਕੀ,
ਢਿੱਲਾ ਜਿਹਾ ਲਿਬਾਦਾ।
ਪਤਲਾ ਛਿੰਗ ਇਕਹਿਰਾ ਜੁੱਸਾ,
ਫਿਰ-ਝੁਰੜਾਇਆ ਚਿਹਰਾ।
ਅਸਾਂ ਗ਼ਰੀਬ ਦਿਲਾਂ ਵਾਕਰ ਹੀ
ਨਮਰ ਬੋਲ ਹੈ ਤੇਰਾ।
ਪੈਰ ਬਿਆਈਆਂ-ਪਾਟੇ ਤੇਰੇ,
ਲੀਰਾਂ ਲੱਥਾ ਝੱਗਾ,
ਤੂੰ ਉਹ ਕਾਮਾ, ਜਗ-ਸੇਵਾ ਵਿਚ
ਜੋ ਨਿੱਤ ਰਹਿੰਦਾ ਲੱਗਾ।

*—ਨਿਕਰਾਗੂਆ ਦੇ ਵਾਹਕਾਂ ਦੀ ਇਕ ਜਨ-ਅਰਦਾਸ*

ਜਾਂ ਤਾਈਂ ਖ਼ੁਦੀ ਕਰੇ ਖ਼ੁਦ ਨਫ਼ਸੋਂ ਤਾਂ ਤਾਈਂ ਰੱਬ ਨ ਪਾਵੇਂ ਹੂ।
ਸ਼ਰਤ-ਫ਼ਨਾ ਨੂੰ ਜਾਣੇਂ ਨਾਹੀਂ ਤੇ ਨਾਮ ਫ਼ਕੀਰ ਰਖਾਵੇਂ ਹੂ।
ਮੋਏ ਬਾਝ ਨ ਸੁਹੰਦੀ ਅਲਫ਼ੀ ਐਵੇਂ ਗਲ ਵਿਚ ਪਾਵੇਂ ਹੂ।
ਨਾਮ ਫ਼ਕੀਰ ਤਦ ਸੁਹੰਦਾ ਬਾਹੂ ਜਦ ਜੀਵੰਦਿਆਂ ਮਰ ਜਾਵੇਂ ਹੂ।

*—ਸੁਲਤਾਨ ਬਾਹੂ*

"ਹੇ ਮਾਲਿਕ, ਅਸੀਂ ਪੇਂਡੂ ਬੰਦੇ
ਪੁੱਜੇ ਵਤਨ ਤੁਹਾਡੇ।
ਚੱਜ ਆਚਾਰ ਮਹਿਲ ਅਪਣੇ ਦੇ
ਸਾਨੂੰ ਵੀ ਸਿਖਲਾ ਦੇ,
ਤਾਂ ਜੋ ਅਸੀਂ ਵੀ ਵਾਸੀ ਲਗੀਏ
ਤੇਰੀ ਹੀ ਦਰਗਾਹ ਦੇ!"

.....

"ਤੁਸੀਂ ਜੇ ਹਉਮੈ ਛੱਡ ਆਏ ਹੋ,
ਹੋ ਮੇਰੇ ਸ਼ਹਿਜ਼ਾਦੇ;
ਪਰ, ਜੇ ਹਉਮੈ ਕੋਲ ਤੁਹਾਡੇ,
ਬੈਠੋ ਅਜੇ ਦੁਰਾਡੇ।"

*—ਸੇਂਟ ਥੀਅਰੀਦਾ ਵਿਲੀਅਮ ਦੇ ਆਧਾਰ 'ਤੇ*

ਤਨ, ਮਨ, ਰੂਹ ਨਜ਼ਰਾਨਾ ਲੈ ਕੇ
ਮੈਂ ਤੇਰੇ ਦਰ ਆਈ।
ਰੱਖੀਂ ਲਾਜ ਆਸ ਮੇਰੀ ਦੀ—
ਮੈਂ ਇਹ ਆਸ ਲਗਾਈ।
ਜਾਂ ਮੁਝ ਇਤਨਾ ਵੱਡਾ ਕਰ, ਕਿ
ਦੁਨੀ ਮੇਰੇ ਵਲ ਵੇਖੇ,
ਜਾਂ ਫਿਰ ਇਤਨਾ ਛੋਟਾ ਕਰ, ਕਿ
ਤੁਧ ਵਿਚ ਰਹਾਂ ਸਮਾਈ।

*—ਮਦਰ ਟੈਰੀਜ਼ਾ*





ਸੰਗ ਆਪਣੇ ਲੈ ਚਲ ਰੱਬਾ,
ਸਾਡੇ ਤਨਾਂ ਤਿਹਾਇਆਂ ਨੂੰ।
ਹੱਥ ਪਕੜ ਲੈ, ਪਿੱਛੇ ਲਾ ਲੈ,
ਜੁਗਾਂ ਦਿਆਂ ਸਧਰਾਇਆਂ ਨੂੰ।
ਕਿਬਰ ਅਸਾਡਾ ਜੇਕਰ ਬੋਲੇ
ਮੂੰਹ ਉਸਦਾ ਫਿਟਕਾਰ ਦਈਂ,
ਨਮਰ ਸਬਰ ਸੰਤੋਖ ਸਿਖਾ ਦੇ
ਆਪੇ ਤੋਂ ਘਬਰਾਇਆਂ ਨੂੰ।

*—ਅਨਾਮ*

ਮੇਰਾ ਮੇਰਾ ਛੋੜ ਗੰਵਾਰਾ,
ਸਿਰ ਤੇ ਬੈਠਾ ਸਿਰਜਣਹਾਰਾ।
ਅਪਣੇ ਚਿੱਤ ਵਿਚਾਰ ਜ਼ਰਾ ਤੂੰ
ਕੀ ਖੱਟ ਲੈ ਗਿਆ ਬੰਸ ਤਿਹਾਰਾ ?
ਮੇਰਾ ਮੇਰਾ ਕਰ ਕਰ ਹਾਰੇ
ਉਮਰਾ ਗਾਲੀ ਕਰ ਹੰਕਾਰਾ।
ਫਾਹੀ ਕਾਲ ਜਦੋਂ ਗਲ ਘੱਤੀ,
ਰਹਿ ਜਾਣਾ ਏਥੇ ਘਰ ਬਾਰਾ।
ਕਿਉਂ ਨ ਸੰਜਮ ਉਹ ਸੰਭਾਲੇਂ
ਅੱਗੇ ਜਿਹੜਾ ਬਣੇ ਸਹਾਰਾ ?
ਦਾਦੂ, ਤਨ ਵੀ ਜੇ ਨਾ ਅਪਣਾ
ਕਿਵ ਹੋਸੀ ਅਪਣਾ ਸੰਸਾਰਾ ?

*—ਦਾਦੂ ਦਇਆਲ*

ਨਦੀਆਂ ਦੇ ਸੰਗਮ ਦੇ ਸੁਆਮੀ,
ਸੱਚ ਤੁਹਾਡਾ ਕਹਿਣਾ :
ਵਹਿਣਾਂ ਅੱਗੇ ਅੜੇ ਸੁ ਟੁੱਟੇ,
ਵਹਿਣਾਂ ਖੜੇ ਨ ਰਹਿਣਾ।

*—ਸੇਂਟ ਬਸਵੰਨਾ*

# ਭਗਤੀ ਰੰਗੁ ਨ ਉਤਰੈ




ਸਾਚਿ ਰਤੇ ਭਗਤ ਇਕ ਰੰਗੀ ਦੂਜਾ ਰੰਗੁ ਨ ਕੋਈ॥
ਨਾਨਕ ਜਿਸ ਕਉ ਮਸਤਕਿ ਲਿਖਿਆ ਤਿਸੁ ਸਚੁ ਪਰਾਪਤਿ ਹੋਈ॥

*— ਸੂਹੀ ਮ: ੩ (769 :18)*

ਰੱਬ ਦੀ ਭਗਤੀ ਕੇਵਲ ਓਹੀ ਕਰਦਾ ਹੈ,
ਜੋ ਉਸ ਦਾ ਸ਼ਨਾਸਾ ਹੈ।

—ਸੈਨੇਕਾ

15

# ਭਗਤੀ ਰੰਗੁ ਨ ਉਤਰੈ



ਭਗਤੀ ਸ਼ਬਦ ਸੰਸਕ੍ਰਿਤ ਧਾਤੂ 'ਭਜ' ਵਿਚੋਂ ਨਿਕਲਿਆ ਹੈ, ਜਿਸ ਦਾ ਅਰਥ ਹੈ ਬਾਰ ਬਾਰ ਪੁਕਾਰਨਾ, ਸੇਵਾ, ਆਰਾਧਨਾ ਜਾਂ ਪੂਜਾ ਕਰਨੀ ਆਦਿ। ਈਸ਼ੁਰ ਜਾਂ ਕਿਸੇ ਦੁਨੀਆਵੀ ਗੁਣਵਾਨ ਵਿਅਕਤੀ ਵਿਚ ਪਿਆਰ ਭਾਵਨਾ ਨਾਲ ਦਿਲੋਂ ਸਥਿਤ ਹੋਣ ਦਾ ਨਾਮ ਭਗਤੀ ਹੈ। ਅਧਿਆਤਮ ਮਾਰਗ ਵਿਚ ਭਗਤੀ ਈਸ਼ੁਰ ਭਗਤੀ ਹੈ ਜਾਂ ਫਿਰ ਗੁਰੂ ਭਗਤੀ।

ਨਾਰਦ ਜੀ ਅਨੁਸਾਰ ਭਗਤੀ ਪ੍ਰਭੂ ਲਈ ਨਿਹਾਇਤ ਦਿਲ ਖਿਚਵੀਂ ਕਸ਼ਿਸ਼ ਤੇ ਪ੍ਰੀਤ ਹੈ, ਜਿਸ ਵਿਚ ਧਿਆਨ ਹੋਰ ਸਭ ਧਿਰਾਂ ਤੋਂ ਹਟ ਕੇ ਸੰਪੂਰਨ ਇਕਾਗਰਤਾ ਨਾਲ ਪ੍ਰਭੂ ਉਪਰ ਕੇਂਦ੍ਰਿਤ ਹੋ ਜਾਂਦਾ ਹੈ। ਸ਼ਾਂਡਿਲਜ ਜੀ ਅਨੁਸਾਰ, ਭਗਤੀ ਦੁਨੀਆਵੀ ਖ਼ਿਆਲ ਤੇ ਪਿਆਰ ਤਜ ਕੇ ਆਪਣੇ ਨਿਜ ਸਰੂਪ ਦੇ ਅਨੁਭਵ ਰਾਹੀਂ ਪ੍ਰਭੂ ਵਿਚ ਰਚਣ ਤੇ ਮਗਨ ਰਹਿਣ ਦੀ ਕਿਰਿਆ ਹੈ।

ਭਗਤੀ ਦਾ ਮਾਰਗ ਕੋਈ ਬੌਧਕ ਮਾਰਗ ਨਹੀਂ। ਇਹ ਤਾਂ ਕਿਸੇ ਬੇ-ਅਖ਼ਤਿਆਰੀ ਦੀ ਧੂਹ ਹੁੰਦੀ ਹੈ ਜੋ ਪ੍ਰਭੂ ਵਲ ਖਿੱਚ ਕੇ ਲੈ ਜਾਂਦੀ ਹੈ। ਇਹ ਵੀ ਵਿਚਾਰ ਹੈ ਕਿ ਭਗਤੀ ਪ੍ਰਭੂ ਦਾ ਆਪਣਾ ਹੀ ਰੂਪ ਹੈ:

**ਆਪੇ ਭਗਤੀ ਭਾਉ ਤੂੰ ਆਪੇ ਮਿਲਹਿ ਮਿਲਾਇ ॥**[1]

ਇਸ ਅੰਦਰ ਦਿਖਾਵਾ ਕੋਈ ਨਹੀਂ ਹੋ ਸਕਦਾ:

**ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ ॥**
**ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥**[2]

ਭਗਤੀ ਦਾ ਮੁੱਢ ਸ਼ਰਧਾ ਤੋਂ ਬਝਦਾ ਹੈ। ਜਦੋਂ ਸ਼ਰਧਾਵਾਨ ਦੀਆਂ ਸਾਰੀਆਂ ਇੱਛਾਵਾਂ

1. ਸਿਰੀ ਰਾਗੁ ਮ: ੧ (62 : 2)
2. ਸਿਰੀ ਰਾਗੁ ਮ: ੩ (28 : 17)

ਤੇ ਕਿਰਿਆਵਾਂ ਈਸ਼੍ਵਰ ਪਰਾਇਣ ਹੋ ਜਾਣ ਤਾਂ ਭਗਤੀ ਵਰਤਦੀ ਹੈ। ਤਦ ਇਹ ਪ੍ਰਤੀਤ ਹੁੰਦਾ ਹੈ ਕਿ ਸਭ ਕੁਝ ਉਸੇ ਦਾ ਹੈ, ਮੇਰਾ ਕੁਝ ਵੀ ਨਹੀਂ। ਸ਼ੰਕਰਾਚਾਰੀਜ ਜੀ ਕਹਿੰਦੇ ਹਨ:

**ਸਤਜਪਭੇਦੇ ਨਾਥ ਤਵਾਹੰਨ ਮਾਮਕੀਨਸਨਵਮ।**
**ਸਾਮੁਦ੍ਰੋ ਹਿ ਤਰੰਗ ਨ ਸਮੁਦ੍ਰੋ ਹਿ ਤਾਰੰਗ।**

***ਭਾਵ:*** ਹੇ ਮਾਲਿਕ! ਭਾਵੇਂ ਤੇਰੇ ਮੇਰੇ ਵਿਚ ਭੇਦ ਨਹੀਂ ਤਾਂ ਵੀ ਮੈਂ ਤੂੰ ਹੈਂ, ਤੂੰ ਮੈਂ ਨਹੀਂ; ਸਮੁੰਦਰ ਹੀ ਲਹਿਰ ਹੋਂਦਾ ਹੈ, ਲਹਿਰ ਸਮੁੰਦਰ ਨਹੀਂ ਹੋਂਦੀ।

ਭਗਤੀ ਵਿਚ ਭਗਤ ਆਪਣੀ ਅਕਲ ਤੇ ਉਸ ਦੀਆਂ ਸਭ ਤਦਬੀਰਾਂ ਤਿਆਗ ਦੇਂਦਾ ਹੈ, ਕੇਵਲ ਪ੍ਰਭੂ ਆਸਰੇ ਹੀ ਜੀਊਂਦਾ ਹੈ। ਜਦ ਤੀਕਰ ਕੋਈ ਹੋਰ ਆਸਰਾ-ਆਲੰਬਨਾ ਕਾਇਮ ਰਹੇ, ਤਦ ਤੀਕਰ ਮਨ ਮੰਦਰ ਵਿਚ ਪ੍ਰਭੂ ਲਈ ਥਾਂ ਖ਼ਾਲੀ ਨਹੀਂ ਹੋਈ:

**ਖ਼ਾਨਾ ਖ਼ਾਲੀ ਕੁਨ ਦਿਲਾ ਤਾ ਮੰਜ਼ਿਲੇ ਜਾਨਾਂ ਸ਼ਵੀ।**
**ਕੀਂ ਹਵਸਨਾਕਾਂ ਜਿਗਰ ਰਾ ਜਾਏ ਦੀਗਰ ਮੇ ਕੁਨਦ।**

***ਭਾਵ:*** ਹੇ ਦਿਲਾ, ਤੂੰ ਆਪਣਾ ਘਰ ਖ਼ਾਲੀ ਕਰ ਤਾਂ ਜੋ ਪਿਆਰੇ ਦੇ ਆਵਣ ਦਾ ਟਿਕਾਣਾ ਹੋ ਸਕੇ। ਜੇ ਤੂੰ ਹਵਸ ਨਾਲ ਭਰਿਆ ਮਿਲਿਆ, ਤਾਂ ਉਹ ਹੋਰ ਥਾਂ ਕਰ ਲਵੇਗਾ।

ਆਪਣੇ ਆਪ ਨੂੰ ਸਭ ਇੱਛਾਵਾਂ, ਹਵਸਾਂ, ਮੰਤਵਾਂ ਆਦਿ ਤੋਂ ਖ਼ਾਲੀ ਕਰਨ ਦਾ ਭਾਵ ਪ੍ਰਭੂ ਅੱਗੇ ਮੁਕੰਮਲ ਆਤਮ-ਸਮਰਪਨ ਕਰਨਾ ਹੈ। ਜਦੋਂ ਆਤਮ-ਸਮਰਪਨ ਪ੍ਰਪੱਕ ਹੋਂਦਾ ਹੈ ਤਾਂ ਨਵੀਆਂ ਨਵੀਆਂ ਰਹਿਮਤਾਂ ਨਮੂਦਾਰ ਹੋਣ ਲਗਦੀਆਂ ਹਨ ਤੇ ਮਨ ਵਿਚ ਇਹਨਾਂ ਰਹਿਮਤਾਂ ਸਦਕੇ ਪ੍ਰਭੂ ਪਿਆਰ ਹੋਰ ਵੀ ਤੀਬਰ ਹੋਈ ਜਾਂਦਾ ਹੈ। ਤਦ ਜਿਹੜਾ ਸਿਮਰਨ ਅੱਗੇ ਫਿੱਕਾ ਫਿੱਕਾ ਤੇ ਔਖਾ ਔਖਾ ਲਗਦਾ ਸੀ, ਹੁਣ ਆਪਣੇ ਆਪ ਨਿਰਜਤਨ ਅੰਦਰੋਂ ਫੁੱਟਣ ਲਗਦਾ ਹੈ।

ਇਕ ਤੜਪ ਪ੍ਰਭੂ ਮਿਲਾਪ ਲਈ ਅੰਦਰੋਂ ਜਾਗਦੀ ਹੈ ਜੋ ਤੜਪਾਉਂਦੀ ਵੀ ਹੈ ਸੁਖ ਵੀ ਦੇਂਦੀ ਹੈ। ਦੁਖਦਾਈ ਬਿਰਹਾ ਦੀ ਤੜਪ ਕਾਰਣ ਲਗਦੀ ਹੈ ਤੇ ਸੁਖਦਾਈ ਪ੍ਰਭੂ ਦੀ ਯਾਦ ਕਰਕੇ ਲਗਦੀ ਹੈ ਤੇ ਆਸ ਬੰਨ੍ਹਾਉਂਦੀ ਹੈ। ਇਸ ਅਵਸਥਾ ਤਕ ਅਪੜ ਕੇ ਬੜੀ ਵਾਰ ਅਗਲੀ ਤਰੱਕੀ ਰੁੱਕ ਜਾਂਦੀ ਹੈ। ਆਤਮਾ 'ਤੇ ਇਕ ਹਨੇਰੀ ਕਾਲੀ ਬੋਲੀ ਰਾਤ ਵਰਤ ਜਾਂਦੀ ਹੈ। ਪਰ ਭਗਤ ਲੋਕ ਜਾਣਦੇ ਹਨ ਕਿ ਇਥੇ ਵਾਹਿਗੁਰੂ ਜੀ ਉਹਨਾਂ ਨੂੰ ਇਮਤਿਹਾਨ ਵਿਚ ਪਾ ਕੇ ਉਹਨਾਂ ਦੀ ਭਗਤੀ ਨੂੰ ਹੋਰ ਵੀ ਦ੍ਰਿੜ੍ਹ ਕਰਨ ਦਾ ਇੰਤਜ਼ਾਮ ਕਰ ਰਹੇ ਹਨ। ਇਸ ਇਮਤਿਹਾਨ ਵਿਚ ਬੜੀ ਵੇਰਾਂ

**ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ॥**[1]

---

1. ਸਲੋਕ ਮ: ੫ (1425 : 2)

ਪਰ, ਜੋ ਇਸ ਇਮਤਿਹਾਨ ਵਿਚ ਸਫਲ ਹੋ ਜਾਂਦੇ ਹਨ, ਉਹਨਾਂ ਉਪਰ ਹੋਰ ਨਵੀਆਂ ਰਹਿਮਤਾਂ ਬਰਸਦੀਆਂ ਹਨ ਤੇ ਉਹ ਪ੍ਰੇਮਾ-ਭਗਤੀ ਦੇ ਸਾਰੇ ਪੜਾਵਾਂ ਥਾਣੀਂ ਲੰਘ ਕੇ ਇਸ ਦੀਆਂ ਸਿਖਰਾਂ ਨੂੰ ਜਾ ਛੂਹੰਦੇ ਹਨ। ਇਥੇ ਅਪੜ ਕੇ ਦੁਨੀਆਵੀ ਸੁੱਖਾਂ ਦੀ ਪਕੜ ਤਾਂ ਕੀ ਬਚਣੀ ਹੈ, ਮੁਕਤੀ ਦੀ ਇੱਛਾ ਵੀ ਸਮਾਪਤ ਹੋ ਜਾਂਦੀ ਹੈ। ਉਥੇ ਤਾਂ ਅਰਦਾਸ ਇਉਂ ਹੋ ਜਾਂਦੀ ਹੈ:

**ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥**[1]

ਜਿਥੇ ਭਗਤੀ ਦੌ ਜ਼ਾਨੂ ਹੋਂਦੀ ਹੈ, ਸਭ ਕੁਝ ਪਵਿੱਤਰ ਹੋ ਜਾਂਦਾ ਹੈ।

*—ਓਲਿਵਰ ਵੈਂਡਲ ਹੋਮਜ਼*

• •

**ਸਲੋਕੁ ॥**
**ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥**
**ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥੧॥**
**ਅਸਟਪਦੀ ॥**
**ਜਾਚਕੁ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥**
**ਸਾਧ ਜਨਾ ਕੀ ਮਾਗਉ ਧੂਰਿ ॥ ਪਾਰਬ੍ਰਹਮ ਮੇਰੀ ਸਰਧਾ ਪੂਰਿ ॥**
**ਸਦਾ ਸਦਾ ਪ੍ਰਭ ਕੇ ਗੁਨ ਗਾਵਉ ॥ ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ ॥**
**ਚਰਨ ਕਮਲ ਸਿਉ ਲਾਗੈ ਪ੍ਰੀਤਿ ॥ ਭਗਤਿ ਕਰਉ ਪ੍ਰਭ ਕੀ ਨਿਤ ਨੀਤਿ ॥**
**ਏਕ ਓਟ ਏਕੋ ਆਧਾਰੁ ॥ ਨਾਨਕੁ ਮਾਗੈ ਨਾਮੁ ਪ੍ਰਭ ਸਾਰੁ ॥੧॥**

*—ਗਉੜੀ ਮ: ੫ ਸੁਖਮਨੀ (289 : 9)*

ਹੇ ਪ੍ਰਭੂ! ਫਿਰਦਾ (ਤੇ) ਭਟਕਦਾ (ਮੈਂ ਤੇਰੇ) ਆਇਆ ਹਾਂ (ਤੇ ਆਣ) ਤੇਰੀ ਸ਼ਰਨ ਪਿਆ ਹਾਂ। ਨਾਨਕ ਦੀ (ਇਹ) ਬੇਨਤੀ ਹੈ ਕਿ ਹੇ ਪ੍ਰਭੂ (ਮੈਨੂੰ) ਆਪਣੀ ਭਗਤੀ ਵਿਚ ਲਗਾ ਲੈ।
ਹੇ ਪ੍ਰਭੂ (ਇਹ) ਮੰਗਤਾ ਦਾਸ (ਆਪ ਪਾਸੋਂ ਇਕ) ਦਾਨ ਮੰਗਦਾ ਹੈ; ਕਿਰਪਾ ਕਰਕੇ (ਮੈਨੂੰ) ਹਰਿ ਨਾਮ ਬਖ਼ਸ਼ੋ। (ਨਾਲ ਹੀ ਮੈਂ) ਸਾਧੂ ਜਨਾਂ ਦੀ (ਚਰਨ-) ਧੂੜ ਭੀ ਮੰਗਦਾ ਹਾਂ। ਹੇ ਪਾਰਬ੍ਰਹਮ! ਮੇਰੀ (ਇਹ) ਭਾਵਨਾ (ਵੀ) ਪੂਰੀ ਕਰ। (ਇਹ ਇੱਛਾ ਵੀ ਮੇਰੀ ਪੂਰੀ ਕਰ ਕਿ) ਮੈਂ ਸਦਾ ਸਦਾ ਪ੍ਰਭੂ ਦੇ ਗੁਣ ਗਾਵਾਂ, ਤੇ ਹੇ ਪ੍ਰਭੂ! ਹਰ ਸੁਆਸ ਨਾਲ ਤੁਹਾਨੂੰ ਯਾਦ ਕਰਾਂ। (ਇਉਂ ਆਪ ਦੇ) ਚਰਨ ਕਮਲਾਂ ਨਾਲ ਮੇਰਾ ਪਿਆਰ ਪਵੇ (ਤੇ) ਹੇ ਪ੍ਰਭੂ! ਮੈਂ ਹਰ ਰੋਜ਼ ਲਗਾਤਾਰ ਤੁਹਾਡੀ ਭਗਤੀ ਵਿਚ ਲੱਗਾਂ। (ਤੂੰ) ਇਕੋ (ਮੇਰੀ) ਓਟ ਹੋਵੇਂ, ਇਕੋ (ਮੇਰਾ) ਆਸਰਾ ਹੋਵੇਂ। ਹੇ ਪ੍ਰਭੂ, ਨਾਨਕ ਆਪ ਪਾਸੋਂ ਆਪ ਦੇ ਨਾਮ ਦੀ ਯਾਚਨਾ ਕਰਦਾ ਹੈ (ਜੋ ਅਸਲੋਂ) ਸਾਰ ਵਸਤੂ ਹੈ।

•

1. ਦੇਵਗੰਧਾਰੀ ਮ: ੫ (534 : 2)





ਆਪੇ ਭਗਤੀ ਭਾਉ[1] ਤੂੰ ਆਪੇ ਮਿਲਹਿ ਮਿਲਾਇ ॥
ਨਾਨਕ ਨਾਮੁ ਨ ਵੀਸਰੈ [2]ਜਿਉ ਭਾਵੈ ਤਿਵੈ ਰਜਾਇ ॥

*—ਸਿਰੀਰਾਗੁ ਮ: ੧ (62 : 2)*

ਜਿਸ ਨੋ ਹਰਿ ਭਗਤਿ ਸਚੁ ਬਖਸੀਅਨੁ ਸੋ ਸਚਾ ਸਾਹੁ ॥
[3]ਤਿਸ ਕੀ ਮੁਹਤਾਜੀ ਲੋਕੁ ਕਢਦਾ ਹੋਰਤੁ ਹਟਿ ਨ ਵਥੁ ਨ ਵੇਸਾਹੁ ॥

*—ਬਿਲਾਵਲ ਵਾਰ ਮ: ੪ (852 : 6)*

ਸਾਜਨ ਮੇਰੇ ਪ੍ਰੀਤਮਹੁ[4] ਤੁਮ ਸਹ ਕੀ ਭਗਤਿ ਕਰੇਹੋ[5] ॥.....
ਭਗਤਿ ਕਰਹੁ ਤੁਮ ਸਹੈ ਕੇਰੀ ਜੋ ਸਹ ਪਿਆਰੇ ਭਾਵਏ ॥
ਆਪਣਾ ਭਾਣਾ ਤੁਮ ਕਰਹੁ ਤਾ ਫਿਰਿ ਸਹ ਖੁਸੀ ਨ ਆਵਏ ॥
ਭਗਤਿ ਭਾਵ [6]ਇਹੁ ਮਾਰਗੁ ਬਿਖੜਾ ਗੁਰ ਦੁਆਰੈ ਕੋ ਪਾਵਏ ॥
ਕਹੈ ਨਾਨਕੁ ਜਿਸੁ ਕਰੇ ਕਿਰਪਾ ਸੋ ਹਰਿ ਭਗਤੀ ਚਿਤੁ ਲਾਵਏ ॥

*—ਆਸਾ ਮ: ੩ (440 : 8)*

ਹੇ ਖ਼ੁਦਾਵੰਦ!
ਸਾਨੂੰ ਇਹ ਵਰਦਾਨ ਦੇ ਕਿ ਤੇਰੇ ਪਿਆਰ ਵਿਚ ਰਹੀਏ।
ਵਰ ਦੇ ਕਿ ਉਹਨਾਂ ਨੂੰ ਵੀ ਪਿਆਰ ਕਰੀਏ ਜੋ ਤੇਰੇ ਪਿਆਰ ਵਿਚ ਜੀਊਂਦੇ।
ਸਾਥੋਂ ਉਹ ਕੰਮ ਕਰਵਾ ਜਿਸ ਤੋਂ ਤੇਰਾ ਕੁਰਬ ਪ੍ਰਾਪਤ ਹੋਵੇ।
ਵਰ ਦੇ ਕਿ ਤੇਰੀ ਮੁਹੱਬਤ ਸਾਨੂੰ ਜਿੰਦੂ ਨਾਲੋਂ ਵੀ ਵੱਧ ਅਜ਼ੀਜ਼ ਹੋਵੇ,
ਕੁਟੰਬ ਨਾਲੋਂ ਵੀ ਵੱਧ ਅਜ਼ੀਜ਼ ਹੋਵੇ,
ਦੌਲਤ ਨਾਲੋਂ ਵੀ ਵੱਧ ਅਜ਼ੀਜ਼ ਹੋਵੇ,
ਸੀਤਲ ਜਲ ਨਾਲੋਂ ਵੀ ਵੱਧ ਅਜ਼ੀਜ਼ ਹੋਵੇ।

*—ਹਜ਼ਰਤ ਮੁਹੰਮਦ ਸਾਹਿਬ*

---

1. ਪਿਆਰ। 2. ਜਿਵੇਂ ਉਸ ਨੂੰ ਭਾਵੇ ਤਿਵੇਂ ਉਸ ਦੀ ਰਜ਼ਾ ਵਰਤੇ। 3. ਉਸ ਦੀ ਮੁਥਾਜੀ ਲੋਕ ਕਰਦੇ ਹਨ (ਕਿਉਂਕਿ ਉਹਨਾਂ ਪਾਸੋਂ ਹੀ ਨਾਮ ਪ੍ਰਾਪਤ ਹੋਂਦਾ ਹੈ) ਹੋਰ ਕਿਸੇ ਥਾਂ ਨਾ ਇਹ ਨਾਮ ਵਸਤੂ (ਵਥ) ਹੈ ਨਾ ਹੀ ਇਹ ਵਾਪਾਰ (ਵਿਸਾਹ) ਹੁੰਦਾ ਹੈ। 4. ਪਿਆਰਿਓ। 5. ਕਰੋ। 6. ਇਹ ਔਖਾ ਰਸਤਾ ਹੈ; ਗੁਰੂ ਦੇ ਰਾਹੀਂ ਕੋਈ ਵਿਰਲਾ ਹੀ ਇਸ ਨੂੰ ਲੱਭਦਾ ਹੈ।

ਸਾਗਰ ਤਰ ਆਇਓਂ ਤਾਂ ਕੀ ਹੈ ?
ਅੰਬਰ ਗਾਹ ਆਇਓਂ ਤਾਂ ਕੀ ਹੈ ?
ਪਰਬਤ ਚੜ੍ਹ ਆਇਓਂ ਤਾਂ ਕੀ ਹੈ ?
ਸਾਈਂ ਮਿਲਣ ਦਾ ਇਕੋ ਰਸਤਾ,
ਚੁਪ ਕੀਤੇ ਨਿਜ ਅੰਦਰ ਧੱਸ ਜਾ।

*—ਸੇਂਟ ਬਰਨਰਡ*

ਦਿਲ ਮੇਰੇ ਵਿਚ ਸਜਨ ਬਿਨਾ, ਕੋ
ਦੂਜਾ ਆ ਨਹੀਂ ਸਕਦਾ;
ਸ਼ਾਹੀ ਮਹੱਲ ਵਿਚ ਜਿਵੇਂ ਕੋਈ
ਅੱਵਾਮੀ ਜਾ ਨਹੀਂ ਸਕਦਾ।

*—ਹਜ਼ਰਤ ਮੁਅਈਨੁੱਦੀਨ ਚਿਸ਼ਤੀ*



ਜੋ ਦਿਲ ਤੇਰੇ ਤੇ ਲੁਟਾ ਚੁਕੇ ਨੇ,
ਮਜ਼ਾਕੇ ਉਲਫ਼ਤ ਉਠਾ ਚੁਕੇ ਨੇ,
ਉਹ ਅਪਣੀ ਹਸਤੀ ਮਿਟਾ ਚੁਕੇ ਨੇ,
ਖ਼ੁਦਾ ਨੂੰ ਖ਼ੁਦ ਵਿਚੋਂ ਪਾ ਚੁਕੇ ਨੇ।

ਉਹ ਬੋਲ ਸਕਦੇ ਨ ਹੁਣ ਜ਼ੁਬਾਂ ਤੋਂ,
ਉਹ ਉਠ ਗਏ ਨੇ ਜਿਸਮ ਤੋਂ, ਜਾਂ ਤੋਂ,
ਗੁਜ਼ਰ ਗਏ ਨੇ ਹਰਿਕ ਮਕਾਂ ਤੋਂ,
ਜੋ ਤੇਰੇ ਕੂਚੇ 'ਚ ਆ ਚੁਕੇ ਨੇ।

*—ਸੁਆਮੀ ਰਾਮ ਤੀਰਥ*

ਇਕ ਮਸਜਦ ਮੇਰੇ ਔਲੀਏ ਅੰਦਰ,
(ਜਿਥੇ) ਖ਼ਲਕਤ ਸਿਜਦੇ ਕਰਦੀ।
ਇਕ ਮਸਜਦ ਗਾਰੇ ਮਿੱਟੀ ਦੀ,
ਅੰਨ੍ਹਿਆਂ ਨੂੰ ਜੋ ਸਰਦੀ।
ਦਿਲ ਵਾਲੇ ਦਿਲ ਮਸਜਦ ਕਰਦੇ,
ਮੂਰਖ ਮਸਜਦ ਪੂਜਣ,
ਦਿਲ ਦੇ ਸਾਹਿਬ ਕਰਨ ਸਫ਼ਾਈ,
ਰੱਬ ਲਈ ਦਿਲ ਦੇ ਘਰ ਦੀ।

*—ਮੌਲਾਨਾ ਰੂਮੀ*



ਹੇ ਮਾਲਿਕ, ਇਹ ਸੁਣ ਅਰਦਾਸ:
ਕਾਜ ਆਰੰਭਾਂ ਸਣ ਵਿਸ਼ਵਾਸ।
ਨਿਸਦਿਨ ਤੇਰਾ ਹੁਕਮ ਬਜਾਵਾਂ
ਲਿਵ ਤੇਰੀ ਵਿਚ ਭਗਤਿ ਕਮਾਵਾਂ।

—ਅਨਾਮ

ਤੇਰੇ ਸਨਮੁਖ ਹੋਇਆਂ, ਥਿਰ ਥਿਰ ਤਕੀਏ, ਹੈਰਤ ਹੋਵੇ;
ਦਰਸ ਤੇਰੇ ਤੋਂ ਵਿਹਲ ਮਿਲੇ ਤਾਂ ਅੱਖ ਮੀਟ ਕੋ ਸੌਂਵੇ।

—ਸ਼ੇਖ਼ ਅਹਿਮਦ-ਅਲ-ਅਲਾਵੀ

ਹੇ ਸੁਖ ਸਾਗਰ, ਕਾਂਗ ਅਪਣੀ ਫੇਰ ਚੜ੍ਹਾ।
ਸਾਡੇ ਤੱਟ ਉਪਰ ਵੀ ਅਪਣਾ ਫੇਰਾ ਪਾ।
ਅਸਾਂ ਦਿਲਾਸਾ ਪਿਆਰ ਤੇਰੇ ਦੀ ਸ਼ਕਤੀ ਦਾ,
ਅਸਾਂ ਭਰੋਸਾ ਅਨਹਦ ਤੇਰੀ ਹਸਤੀ ਦਾ।
ਪਿਆਰ ਤੇਰੇ ਦੀ ਮਿਹਰਾਮਤ ਦਾ ਸਾਖੀ ਹਾਂ,
ਪਿਆਰ ਤੇਰੇ ਦੀ ਓੜਕ ਦਾ ਅਭਿਲਾਖੀ ਹਾਂ।
ਮੇਰੇ ਮਨ ਭਗਤੀ ਅਪਣੀ ਵਰਤਾ ਦੇ ਤੂੰ,
ਲਿਵ ਅਪਣੀ ਵਿਚ ਮੁਝ ਇਕਸਾਰ ਟਿਕਾ ਦੇ ਤੂੰ।

—ਅਨਾਮ੍

ਇਸ਼ਕ ਦੀ ਨਵੀਓਂ ਨਵੀਂ ਬਹਾਰ!

ਜਾਂ ਮੈਂ ਸਬਕ ਇਸ਼ਕ ਦਾ ਪੜ੍ਹਿਆ,
ਮਸਜਦ ਕੋਲੋਂ ਜੀਊੜਾ ਡਰਿਆ,
ਪੁੱਛ ਪੁੱਛ ਠਾਕੁਰ ਦੁਆਰੇ ਵੜਿਆ,
ਜਿਥੇ ਵਜਦੇ ਨਾਦ ਹਜ਼ਾਰ!
ਵੇਦ ਕੁਰਾਨਾਂ ਪੜ੍ਹ ਪੜ੍ਹ ਥੱਕੇ,
ਸਿਜਦੇ ਕਰਦਿਆਂ ਘੱਸ ਗਏ ਮੱਥੇ,
ਨਾ ਰੱਬ ਤੀਰਥ, ਨਾ ਰੱਬ ਮੱਕੇ,
ਜਿਨ ਪਾਇਆ ਤਿਨ ਨੂਰ ਅਨਵਾਰ!



ਫੂਕ ਮੁਸੱਲਾ ਭੰਨ ਸਿਟ ਲੋਟਾ
ਨਾ ਫੜ ਤਸਬੀ, ਆਸਾ, ਸੋਟਾ,
ਆਸ਼ਕ ਕਹਿੰਦੇ ਦੇ ਦੇ ਹੋਕਾ:
ਤਰਕ ਹਲਾਲੋਂ ਖਾ ਮੁਰਦਾਰ।
ਹੀਰ ਰਾਂਝੇ ਦੇ ਹੋ ਗਏ ਮੇਲੇ,
ਭੁੱਲੀ ਹੀਰ ਢੂਢੇਂਦੀ ਬੇਲੇ,
ਰਾਂਝਣ ਯਾਰ ਬਗ਼ਲ ਵਿਚ ਖੇਲੇ,
ਸੁਰਤ ਨ ਰਹੀਆ ਸੁਰਤ ਸੰਭਾਰ! —ਬੁਲ੍ਹੇ ਸ਼ਾਹ

ਖੋਲ ਦੇ ਮੋਘਾ ਪਿਆਰ ਮੇਰੇ ਦਾ, ਹੇ ਕਰਤਾਰ!
ਪਾਣੀ ਦੌੜੇ, ਧਰਤੀ ਸਿੰਜੇ, ਖਿੜੇ ਬਹਾਰ! —ਇਕ ਪੰਜਾਬੀ ਈਸਾਈ

ਮੇਰੇ ਮਨ ਮੰਦਰ ਵਿਚ, ਸਜਨਾ,
ਕਦੇ ਤਾਂ ਆ ਕੇ ਰਹਿ ਜਾ,
ਬੁੱਤ ਮੇਰੀ ਇੱਛਾ ਦੇ ਢਾਹ ਕੇ,
ਆਪ ਉਥਾਈਂ ਬਹਿ ਜਾ।
ਕਢ ਦੇ ਓਥੋਂ ਕੁਲ ਪਛਤਾਵੇ,
ਆਸ, ਅੰਦੇਸੇ, ਸਾਰੇ,
ਚਿੱਤ ਮੇਰੇ ਨੂੰ ਇਹ ਸਮਝਾ ਦੇ,
ਤੁਧ ਬਿਨ ਕੋ ਨ ਚਿਤਾਰੇ।
ਮਾਸ ਮੇਰੇ 'ਚੋਂ ਅਚਵੀ ਚੁਗ ਲੈ
ਹਡੀਆਂ ਕਰ ਦੇ ਖ਼ਾਲੀ।
ਫਿਰ ਹਰ ਖ਼ਾਲੀ ਥਾਂ ਤੇ ਲਾ ਦੇ
ਮੁਹਰ ਮੁਹੱਬਤ ਵਾਲੀ।
ਮੈਨੂੰ ਮੇਰੇ ਤਨੋਂ ਉਠਾ ਕੇ
ਅੰਨ੍ਹੇ ਖੂਹ ਪਟਕਾ ਦੇ,
ਫਿਰ ਮੇਰੀ ਥਾਂ ਆਪ ਬੈਠ ਕੇ
ਰੰਗ ਦੇਹੀ ਨੂੰ ਲਾ ਦੇ।



ਦੇ ਬਿਬੇਕ ਮੇਰੀ ਬੁਧੀ ਨੂੰ
ਦਿਲ ਨਿਸ਼ਕਾਮ ਬਣਾ ਦੇ।
ਇੱਛਾ ਨੂੰ ਸੰਤੋਖ ਬਖ਼ਸ਼ ਦੇ,
ਚਿੱਤ ਵਿਚ ਸਿਦਕ ਜਗਾ ਦੇ।
ਧਿਆਨ ਇਕਾਗਰ ਕਰਦੇ ਮੇਰਾ,
ਲਿਵ ਚਰਨਾਂ ਵਿਚ ਲਾ ਦੇ।
ਯਾਦ ਮੇਰੀ ਵਿਚ ਆ ਕੇ ਵੱਸ ਜਾ,
ਸਭ ਕੁਝ ਹੋਰ ਭੁਲਾ ਦੇ।
ਜੀਅੜਾ ਕੋ ਸੁਖ ਹੋਰ ਨ ਲੋਚੇ,
ਐਸਾ ਰੱਸ ਬਰਸਾ ਦੇ;
ਰੋਮ ਰੋਮ ਮੇਰੇ ਜੀਭ ਰਚਾ ਕੇ,
ਸਿਮਰਨ ਅਪਣੇ ਲਾ ਦੇ।
ਐਸੀ ਭਗਤਿ ਕਰਾ ਫਿਰ ਅਪਣੀ,
ਟੁੱਟ ਜਾਏ ਮਾਲਾ, ਖੁਸ ਜਾਏ ਜਪਣੀ।

*—ਜ.ਸ.ਨ.*

ਮੇਰੇ ਜਾਨੀ ਨੇ ਭਰ ਦਿੱਤਾ ਲਬਾ ਲਬ ਇਉਂ ਮੇਰਾ ਅੰਦਰਾ,
ਕਿ ਹੁਣ ਅੰਤਹਕਰਣ ਮੇਰੇ ਨੂੰ ਆਪਣੀ ਵੀ ਨਹੀਂ ਸੋਝੀ।
ਮੇਰੇ ਲੂੰ ਲੂੰ ਤੇ ਉਸ ਨੇ ਕਰ ਲਿਆ ਏ ਇਸ ਤਰ੍ਹਾਂ ਕਬਜ਼ਾ,
ਕਿ ਮੇਰਾ ਨਾਮ ਵੀ ਹੁਣ ਨਾਮ ਮਾਤਰ ਰਹਿ ਗਿਆ ਬਾਕੀ।

*—ਹਾਫ਼ਿਜ਼ ਸ਼ੀਰਾਜ਼ੀ*

ਮਿਲਣ ਦਾ ਸ਼ੌਕ ਜੇ ਰੱਖੇਂ, ਤਾ ਹਰਦਮ ਲਿਵ ਲਗਾਂਦਾ ਜਾ,
ਜਲਾ ਕੇ ਖ਼ੁਦਨੁਮਾਈ ਨੂੰ, ਭਸਮ ਤਨ ਤੇ ਰਚਾਂਦਾ ਜਾ।
ਪਕੜ ਕੇ ਇਸ਼ਕ ਦਾ ਝਾੜਨ, ਸਫ਼ਾ ਕਰ ਦਾਗ਼ ਸਭ ਅਪਣੇ,
ਦੂਈ ਦੀ ਧੂੜ ਤੂੰ ਅਪਣੇ ਮੁਸੱਲੇ 'ਚੋਂ ਉਡਾਂਦਾ ਜਾ।

ਮੁਸੱਲਾ ਪਾੜ, ਤਸਬੀਹ ਸੁੱਟ, ਪੋਥੀ ਰੋੜ੍ਹ ਦਰਿਆਵੇ,
ਵੁਜ਼ੂ ਦਾ ਤੋੜ ਦੇ ਕੂਜ਼ਾ, ਨਿਰੀ ਵਹਦਤ ਕਮਾਂਦਾ ਜਾ।
ਤੂੰ ਭਾਵੇਂ ਖਾ ਤੇ ਭਾਵੇਂ ਪੀ, ਕਰੀਂ ਪਰਹੇਜ਼ ਗ਼ਫ਼ਲਤ ਤੋਂ,
ਖ਼ੁਦਾ ਦੇ ਖ਼ੌਫ਼ ਵਿਚ ਰਹਿ ਕੇ ਖ਼ੁਦੀ ਤਾਈਂ ਜਲਾਂਦਾ ਜਾ।
ਨ ਬਣ ਮੁੱਲਾ, ਨ ਹੋ ਬ੍ਰਹਮਣ, ਦੂਈ ਦਾ ਛੋੜ ਦੇ ਦਾਮਨ,
ਹੁਕਮ ਹੈ ਸ਼ਾਹ ਕਲੰਦਰ ਦਾ 'ਅਨਲਹੱਕ' ਤੂੰ ਗਜਾਂਦਾ ਜਾ।

—ਮਨਸੂਰ

ਹਰ ਚਿਹਰੇ ਤਸਤਾਖਰ ਤੇਰੇ,
ਹਰ ਮੁਖ ਤੇਰੀ ਬਾਣੀ।
ਹਰ ਅਖੜੀ ਵਿਚ ਜੋਤੀ ਤੇਰੀ,
ਹਰ ਹੰਝੂ ਵਿਚ ਪਾਣੀ।





ਹਰ ਦਿਲ ਅੰਦਰ ਤੇਰੀ ਧੜਕਣ,
ਸੀਨੇ ਪ੍ਰਾਣ ਭਿ ਤੇਰੇ।
ਉਦਰ ਉਦਰ ਵਿਚ ਤੇਰੀ ਖੁਧਿਆ,
ਭੁਜਬਲ ਤਾਣ ਭਿ ਤੇਰੇ।

ਪਉਣਾਂ ਵਿਚ ਰਵਾਨੀ ਤੇਰੀ,
ਜਲੀਂ ਤੇਰੀ ਗਹਿਰਾਈ।
ਪਰਬਤ ਵਿਚ ਬੁਲੰਦੀ ਤੇਰੀ,
ਅੰਬਰ ਵਿਚ ਚੌੜਾਈ।

ਵਿਚ ਥਲਾਂ ਮ੍ਰਿਗਜਲੀ ਭਿ ਤੇਰੀ,
ਵਿਚ ਛਲਾਂ ਦੇ ਛਿੱਟੇ,
ਵਿਚ ਗਰਦਾਬ ਭੁਆਟੀ ਤੇਰੀ
ਸਭ ਕੁਝ ਜਿਸ ਵਿਚ ਮਿੱਟੇ।


ਸੂਰਜ ਅੰਦਰ ਆਭਾ ਤੇਰੀ
ਚੰਨ ਵਿਚ ਠੰਢਿਆਈ।
ਤਾਰਿਆਂ ਅੰਦਰ ਜਗਮਗ ਤੇਰੀ
ਜੁਗਨੂ ਬਣ ਵੀ ਆਈ।

ਘਾਹਾਂ ਵਿਚ ਤੇਰੀ ਹਰਿਆਲੀ,
ਫੁੱਲਾਂ ਵਿਚ ਖ਼ੁਸ਼ਬੋਈ।
ਹਰਥੇ ਤੇਰੀ ਮੂਰਤ ਉਕਰੀ,
ਵਿਰਲਾ ਵੇਖੇ ਕੋਈ।

ਦੁਨੀਆ ਤਾਈਂ ਵਲੇਵੇ-ਵਸਤਾਂ
ਬਿਨ ਕੁਝ ਨਜ਼ਰ ਨ ਆਂਦਾ;
ਕੇਵਲ ਵੇਖਣਹਾਰਾ ਨੇਤਰ
ਦਰਸਨ ਤੇਰਾ ਪਾਂਦਾ।

—ਫ਼ਾਦਰ ਯੋਇਨੇ

# ਭੈ ਤੇ ਨਿਰਭਉ ਹੋਇ ਬਸਾਨਾ



ਭੈ ਵਿਚਿ ਸਭੁ ਆਕਾਰੁ ਹੈ ਨਿਰਭਉ ਹਰਿ ਜੀਉ ਸੋਇ॥
ਸਤਿਗੁਰਿ ਸੇਵਿਐ ਹਰਿ ਮਨਿ ਵਸੈ ਤਿਥੈ ਭਉ ਕਦੇ ਨ ਹੋਇ॥

*— ਵਡਹੰਸ ਕੀ ਵਾਰ, ਮ: ੩ (586:1)*

ਇਹ ਕੇਵਲ ਰੱਬ ਦਾ ਭਉ ਹੈ ਜੋ ਸਾਨੂੰ ਮਨੁੱਖ ਦੇ
ਭਉ ਤੋਂ ਮੁਕਤ ਕਰਵਾ
ਸਕਦਾ ਹੈ।

—ਵਿਦਰਸਪੂਨ





# 16

# ਭੈ ਤੇ ਨਿਰਭਉ ਹੋਇ ਬਸਾਨਾ

ਸਿਵਾਇ ਇਕ ਵਾਹਿਗੁਰੂ ਦੇ ਸਾਰਾ ਵਿਸ਼ਵ ਭੈ ਵਿਚ ਗ੍ਰਸਿਆ ਹੋਇਆ ਹੈ।[1] ਧਰਤ, ਆਕਾਸ਼, ਚੰਨ, ਸੂਰਜ, ਤਾਰੇ, ਸਾਰੀ ਤ੍ਰਿਲੋਕੀ ਵਾਹਿਗੁਰੂ ਦੇ ਕਰਾਰੇ ਹੁਕਮ ਵਿਚ ਬੱਝੀ ਹੋਈ ਹੈ।[2] ਸਭ ਦੇ ਮੱਥੇ ਉਤੇ ਉਸ ਦੇ ਭੈ ਵਿਚ ਰਹਿਣ ਦਾ ਲੇਖ ਲਿਖਿਆ ਹੋਇਆ ਹੈ। ਇਕ ਇਕੱਲਾ ਸੱਚਾ ਨਿਰੰਕਾਰ ਹੀ ਹੈ ਜੋ ਨਿਰਭਉ ਹੈ।[3]

ਮਨੁੱਖੀ ਜ਼ਿੰਦਗੀ ਦੇ ਸੰਦਰਭ ਵਿਚ ਭਉ ਕਈ ਪੱਧਰਾਂ 'ਤੇ ਵਾਪਰਦਾ ਹੈ—ਦੁਨੀਆਵੀ ਪੱਧਰ 'ਤੇ, ਦੀਨੀ ਪੱਧਰ 'ਤੇ, ਅਤੇ ਦੈਵੀ ਪੱਧਰ 'ਤੇ।

**ਦੁਨੀਆਵੀ ਭੈ** ਸਾਡੀ ਦੁਨੀਆਵੀ ਜ਼ਿੰਦਗੀ ਦੇ ਭੈ ਹਨ। ਇਹਨਾਂ ਵਿਚ ਕੁਝ ਤਾਂ ਸਾਨੂੰ ਵਿਰਸੇ ਵਿਚ ਮਿਲਦੇ ਹਨ ਜੋ ਜਨਮ-ਜਾਤ ਸਾਡੀ ਪ੍ਰਕਿਰਤੀ ਵਿਚ ਅੰਕਿਤ ਹੋਏ ਹੋਏ ਹੁੰਦੇ ਹਨ। ਐਸੇ ਭੈਆਂ ਵਿਚ ਅੱਗ, ਪਾਣੀ, ਬਿਜਲੀ, ਹਨੇਰੇ, ਇਕਲਾਪੇ ਤੇ ਓਪਰੇ ਜੀਆਂ ਆਦਿ ਦੇ ਭੈ ਸ਼ਾਮਿਲ ਹਨ। ਕੁਝ ਭੈ ਸਾਨੂੰ ਸੰਸਾਰ ਅਥਵਾ ਸਮਾਜ ਸਿਖਾਲਦਾ ਹੈ। ਇਹਨਾਂ ਵਿਚ ਸਰਕਾਰ ਦਾ ਭੈ, ਕਾਨੂੰਨ ਦਾ ਭੈ, ਬਾਹਰਲੇ ਖ਼ਤਰਿਆਂ ਦਾ ਭੈ ਆਦਿ ਸ਼ਾਮਿਲ ਹਨ। ਇਹਨਾਂ ਤੋਂ ਛੁੱਟ ਟੂਣੇ-ਟਪਾਰਾਂ ਤੇ ਹੋਰ ਵਹਿਮਾਂ-ਭਰਮਾਂ ਦੇ ਡਰ ਵੀ ਇਸੇ ਸ਼੍ਰੇਣੀ ਦੇ ਡਰ ਹੁੰਦੇ ਹਨ। ਕੁਝ ਤਰਕਹੀਣ ਡਰ ਐਸੇ ਵੀ ਹੁੰਦੇ ਹਨ ਜੋ ਮਨੁੱਖ ਆਪਣੀ ਕਲਪਨਾ ਨਾਲ ਆਪੇ ਘੜ ਲੈਂਦਾ ਹੈ, ਤੇ ਆਪੇ ਉਹਨਾਂ ਤੋਂ ਤ੍ਰਾਹੁੰਦਾ ਫਿਰਦਾ ਹੈ। ਐਸੇ ਭੈ, ਰੋਗਾਤਮਕ ਭੈ ਹੁੰਦੇ ਹਨ। ਬੰਦ ਕਮਰੇ ਦਾ ਭੈ, ਰਾਤ ਵੇਲੇ ਦਾ ਭੈ, ਹਵਾਈ ਜਹਾਜ਼ ਵਿਚ ਉਡਣ ਦਾ ਭੈ, ਆਦਿ ਇਸ ਤਰ੍ਹਾਂ ਦੇ ਸੈਂਕੜੇ ਰੋਗਾਤਮਕ

---

1. **ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ॥** *—ਮਾਰੂ ਮ: ੫ (999 : 1)*
2. **ਡਰਪੈ ਧਰਤਿ ਅਕਾਸੁ ਨਖੵਤ੍ਰਾ ਸਿਰ ਊਪਰਿ ਅਮਰੁ ਕਰਾਰਾ॥**
   **ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰੁ ਬਿਚਾਰਾ॥** *—ਮਾਰੂ ਮ: ੫ (998 : 17)*
3. **ਸਗਲਿਆ ਭਉ ਲਿਖਿਆ ਸਿਰਿ ਲੇਖੁ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥** *—ਵਾਰ ਆਸਾ ਮ: ੧ (464 : 16)*

ਭੈ ਹੁੰਦੇ ਹਨ। ਹਾਲਾਤ ਨਾਲ ਸੰਬੰਧਤ ਉਪਰੋਕਤ ਡਰਾਂ ਤੋਂ ਇਲਾਵਾ ਕੁਝ ਹੋਂਦਵਾਦੀ ਭੈ ਵੀ ਮਨੁੱਖ ਦੀ ਹੋਣੀ ਵਿਚ ਸ਼ਾਮਿਲ ਹਨ। ਮੌਤ, ਅਥਵਾ ਆਪੇ ਦੇ ਓੜਕ ਦਾ ਭੈ ਇਨ੍ਹਾਂ ਵਿਚੋਂ ਪ੍ਰਮੁਖ ਹੈ। ਮੌਤ ਦੇ ਭੈ ਵਿਚੋਂ ਹੀ ਭੁਖਮਰੀ, ਬੀਮਾਰੀ, ਤੰਗਦਸਤੀ ਆਦਿ ਦੇ ਭੈ ਵੀ ਪੈਦਾ ਹੁੰਦੇ ਹਨ। ਇਕ ਹੋਰ ਹੋਂਦਵਾਦੀ ਭੈ ਹੈ ਅਗਿਆਤ ਦਾ ਭੈ। ਅਸੀਂ ਅਣਡਿੱਠੇ, ਅਣਜਾਣੇ ਹਾਲਾਤ ਪਾਸੋਂ ਡਰਦੇ ਹਾਂ, ਇਸ ਲਈ ਜਿਸ ਹਾਲ ਹੁੰਦੇ ਹਾਂ, ਉਸੇ ਵਿਚ ਬਣੇ ਰਹਿਣਾ ਪਸੰਦ ਕਰਦੇ ਹਾਂ। ਪਰਿਵਰਤਨ ਦਾ ਭੈ ਇਸੇ ਦਾ ਇਕ ਮੁਹਾਂਦਰਾ ਹੈ।

**ਦੀਨੀ ਭੈ** ਅਥਵਾ ਸ਼ਰੀਅਤ ਦੇ ਭੈਆਂ ਵਿਚ ਸਭ ਤੋਂ ਵੱਡਾ ਭੈ ਰੱਬ ਦੀ ਹੁਕਮ ਅਦੂਲੀ ਕਾਰਣ ਉਸ ਵਲੋਂ ਮਿਲਣ ਵਾਲੀ ਸਜ਼ਾ ਦਾ ਭੈ ਹੈ—ਇਹ ਸਜ਼ਾ ਭਾਵੇਂ ਇਸ ਲੋਕ ਦੀ ਹੋਵੇ (ਜਿਹਾ ਕਿ ਬੀਮਾਰੀ, ਹਾਨੀ ਆਦਿ) ਜਾਂ ਪਰਲੋਕ ਦੀ ਹੋਵੇ (ਜਿਹਾ ਕਿ ਨਰਕ ਦਾ ਭਉ)। ਆਪਣੀ ਫ਼ਿਤਰਤ ਵਲੋਂ ਇਹ ਭੈ ਦੁਨੀਆਵੀ ਭੈਆਂ ਦੇ ਨੇੜੇ ਨੇੜੇ ਹੁੰਦੇ ਹਨ। ਇਹ ਵੀ ਇਕ ਸਰਬ-ਵਿਆਪਕ ਭਉ ਹੈ—ਲੋਕ-ਭਉ। ਹਰ ਅਪਦਾ ਤੇ ਹਰ ਤਕਲੀਫ਼ ਨੂੰ ਇਹ ਆਪਣੇ ਕਰਮਾਂ ਦੀ ਸਜ਼ਾ ਮੰਨਦਾ ਹੈ।

ਕੁਝ ਲੋਕ ਐਸੇ ਵੀ ਹੁੰਦੇ ਹਨ, ਜੋ ਇਹਨਾਂ ਅਪਦਾਵਾਂ ਆਦਿ ਨੂੰ ਸਜ਼ਾ ਦੀ ਥਾਂ ਰੱਬ ਵੱਲੋਂ ਪਾਇਆ ਗਿਆ ਇਮਤਿਹਾਨ ਮੰਨਦੇ ਹਨ। ਉਹਨਾਂ ਦਾ ਡਰ ਇਹ ਹੁੰਦਾ ਹੈ ਕਿ ਕਿਧਰੇ ਉਹ ਇਸ ਇਮਤਿਹਾਨ ਵਿਚ ਫ਼ੇਲ੍ਹ ਨਾ ਹੋ ਜਾਣ।

ਕੁਝ ਵਿਚਾਰਵਾਨ ਲੋਕ ਇਉਂ ਵੀ ਸੋਚਦੇ ਹਨ ਕਿ ਉਹਨਾਂ ਦੇ ਮੰਦੇ ਕਰਮਾਂ ਕਾਰਣ ਇਸ ਧਰਤੀ ਉਪਰ ਪਾਪਾਂ ਦਾ ਭਾਰ ਵਧ ਜਾਵੇਗਾ, ਅਥਵਾ ਵਿਸ਼੍ਵ ਦੇ ਵਿਆਪਕ ਸਮਤੋਲ ਵਿਚ ਫ਼ਰਕ ਆ ਜਾਵੇਗਾ ਜਿਸ ਤੋਂ ਕੋਈ ਵੱਡੀ ਅਪਦਾ ਵਿਆਪ ਸਕਦੀ ਹੈ ਤੇ ਉਹ ਐਸੀ ਅਪਦਾ ਦੇ ਵਾਪਰਨ ਦੇ ਕਾਰਣ ਦੇ ਭਾਗੀਦਾਰ ਬਣ ਜਾਣਗੇ।

**ਦੈਵੀ ਭਉ** ਉਪਰੋਕਤ ਸਾਰੇ ਭੈਆਂ ਤੋਂ ਅਡਰੀ ਕਿਸਮ ਦਾ ਹੁੰਦਾ ਹੈ। ਇਹ ਇਕ ਨਿਰਮਲ ਭਉ ਹੈ ਜਿਸ ਵਿਚ ਭਉ ਤੋਂ ਛੁੱਟ ਵਿਸਮਾਦ, ਸਤਿਕਾਰ, ਹੈਰਤ ਤੇ ਪ੍ਰਸੰਸਾ ਆਦਿ ਦੇ ਭਾਵ ਵੀ ਸ਼ਾਮਿਲ ਹੁੰਦੇ ਹਨ। ਇਹ ਰੱਬ ਦੀ ਅਪਾਰ ਵਡਿੱਤਣ ਤੇ ਆਪਣੀ ਤੁਛਤਾ ਅਥਵਾ ਉਸ ਦੀ ਨਿਰਮਲਤਾ ਤੇ ਆਪਣੀ ਗੁਨਹਗਾਰੀ ਦੇ ਟਾਕਰੇ ਤੋਂ ਉਪਜਦਾ ਹੈ। ਇਸ ਤੋਂ ਪਹਿਲਾਂ ਵਿਚਾਰੇ ਗਏ ਸਾਰੇ ਭੈ ਹਉਂ-ਕੇਂਦ੍ਰਿਤ ਹੁੰਦੇ ਹਨ; ਇਸ ਦਾ ਕੇਂਦਰ ਬਿੰਦੂ ਵਾਹਿਗੁਰੂ ਹੁੰਦਾ ਹੈ। ਐਸਾ ਸ੍ਰੇਸ਼ਟ ਭਉ ਹਰੇਕ ਦੇ ਹਿੱਸੇ ਨਹੀਂ ਆਉਂਦਾ—ਕੇਵਲ ਕੁਝ ਵਿਰਲੇ ਵਿਚਾਰਕਾਂ, ਬਿਬੇਕੀਆਂ ਤੇ ਸੰਤਾਂ ਦੇ ਹਿੱਸੇ ਹੀ ਆਉਂਦਾ ਹੈ। ਨਿਰਮਲ ਭੈ ਦੇ ਉਪਜਦਿਆਂ ਹੀ ਹਉਮੈ ਆਤਮ-ਸਮਰਪਨ ਕਰ ਜਾਂਦੀ ਹੈ। ਤਦ ਇਕ ਸੁੱਛ ਨਿਮ੍ਰਤਾ ਵਾਪਰਦੀ ਹੈ ਜੋ ਵਾਹਿਗੁਰੂ ਨਾਲ ਮੇਲ ਦਾ ਰਾਹ ਬਣਾਉਂਦੀ ਹੈ।

ਵਾਹਿਗੁਰੂ ਨਾਲ ਮੇਲ ਤੋਂ ਮਗਰੋਂ ਇਕ ਡਰ ਪ੍ਰਾਪਤ ਹੋਈ ਇਸ ਅਨਾਹਦ ਖ਼ੁਸ਼ੀ ਦੇ ਖੁਸ ਜਾਣ ਦਾ ਹੋਂਦਾ ਹੈ। ਇਹ ਡਰ ਬਿਰਹਾ ਦੀਆਂ ਅਸਹਿ ਕਸਕਾਂ ਦਾ ਹੁੰਦਾ ਹੈ। ਇਹ ਵੀ ਉਸੇ ਨਿਰਮਲ ਭਉ ਦੀ ਇਕ ਵੰਨਗੀ ਹੈ। ਨਿਰਮਲ ਭਉ, ਪਿਆਰ ਨਾਲ ਗੜੁੱਚ ਹੋਇਆ ਹੁੰਦਾ ਹੈ। ਇਸ ਦੇ ਉਪਜਦਿਆਂ ਹੀ ਪਹਿਲੇ ਸਮਸਤ ਡਰ ਛਾਈਂ ਮਾਈਂ ਹੋ ਜਾਂਦੇ ਹਨ।[1]

ਇਸ ਪੱਧਰ 'ਤੇ ਭਉ ਤੇ ਭਾਉ ਆਪਸ ਵਿਚ ਗਲਵੱਕੜੀਆਂ ਪਾਈ ਦਿਸਦੇ ਹਨ। ਭਉ ਵਿਚੋਂ ਭਾਉ ਤੇ ਭਾਉ ਵਿਚੋਂ ਭਉ ਉਪਜਦਾ ਹੈ, ਇਤਨੀ ਸੁਭਾਵਕਤਾ ਨਾਲ ਜਿਤਨੀ ਸੁਭਾਵਕਤਾ ਨਾਲ ਰਾਤ ਵਿਚੋਂ ਦਿਨ ਉਦੈ ਹੋਂਦਾ ਹੈ ਤੇ ਦਿਨ ਉਪਰ ਰਾਤ ਛਾ ਜਾਂਦੀ ਹੈ।

ਉਪਰੋਕਤ ਹਰੇਕ ਪ੍ਰਕਾਰ ਦਾ ਭਉ ਮਨੁੱਖੀ ਮਨ ਨੂੰ ਅਰਦਾਸ ਵਲ ਪ੍ਰੇਰਦਾ ਹੈ। ਦੁਨੀਆਵੀ ਭੈਆਂ ਲਈ ਅਰਦਾਸ ਨਿਵਿਰਤੀ ਦੀ ਪ੍ਰਾਰਥਨਾ ਬਣ ਕੇ ਜਾਗਦੀ ਹੈ; ਦੀਨੀ ਭੈਆਂ ਲਈ ਖਿਮਾ ਦੀ ਯਾਚਨਾ ਬਣ ਕੇ; ਤੇ ਦੈਵੀ ਭੈਆਂ ਲਈ ਉਹਨਾਂ ਦੇ ਬਣੇ ਰਹਿਣ ਦਾ ਤਰਲਾ ਹੋ ਕੇ। ਜਿਉਂ ਜਿਉਂ ਭਉ ਨਿਰਮਲ ਹੋਈ ਜਾਂਦਾ ਹੈ, ਤਿਉਂ ਤਿਉਂ ਅਰਦਾਸ ਸੂਖਮ ਤੋਂ ਸੂਖਮਤਰ ਹੋਈ ਜਾਂਦੀ ਹੈ।

ਓੜਕ, ਜਦ ਨਿਰਭਉ ਵਾਹਿਗੁਰੂ ਨਾਲ ਮਿਲਾਪ ਹੋ ਜਾਂਦਾ ਹੈ ਤਾਂ ਨਿਰਭਉ ਦਾ ਉਪਾਸ਼ਕ ਆਪ ਨਿਰਭਉ ਹੋ ਨਿਬੜਦਾ ਹੈ। ਇਉਂ ਭੈ ਤੋਂ ਆਰੰਭ ਹੋਈ ਯਾਤ੍ਰਾ ਨਿਰਭਉ ਪਦ ਦੀ ਪ੍ਰਾਪਤੀ 'ਤੇ ਜਾ ਮੁਕਦੀ ਹੈ:

**ਭੈ ਤੇ ਨਿਰਭਉ ਹੋਇ ਬਸਾਨਾ ॥**[2]

ਕਾਇਰਾਂ ਲਈ ਭਉ ਜਿਤਨਾ ਦੁਖਦਾਈ ਹੁੰਦਾ ਹੈ, ਸੂਰਮਿਆਂ ਲਈ ਉਤਨੀ ਮੌਤ ਦੁਖਦਾਈ ਨਹੀਂ ਹੋਂਦੀ।

*—ਸਰ ਪੀ.ਸਿਡਨੀ*

ਜੋ ਭੈ ਗੁਨਾਹਗਾਰੀਆਂ ਤੇ ਬਦਫ਼ੈਲੀਆਂ ਕਾਰਣ ਉਪਜਦਾ ਹੈ, ਸੁੱਛ ਸੀਨੇ ਉਸ ਤੋਂ ਕਦਾਚਿਤ ਵਾਕਿਫ਼ ਨਹੀਂ ਹੋਂਦੇ।

*—ਹਾਰਵਰਡ*

---

1. **ਡਡਾ ਡਰ ਉਪਜੇ ਡਰੁ ਜਾਈ ॥ ਤਾ ਡਰ ਮਹਿ ਡਰੁ ਰਹਿਆ ਸਮਾਈ ॥**
**ਜਉ ਡਰ ਡਰੈ ਤ ਫਿਰਿ ਡਰੁ ਲਾਗੈ ॥ ਨਿਡਰ ਹੂਆ ਡਰੁ ਉਰ ਹੋਇ ਭਾਗੈ ॥** *—ਗਉੜੀ ਕਬੀਰ (341 : 6)*
2. ਗਉੜੀ ਮ: ੫ ਸੁਖਮਨੀ (285 : 10)



ਰੱਬ ਨੇ ਆਪ ਹੀ ਸਾਡੀ ਆਤਮਾ ਅੰਦਰ ਭਉ ਦਾ ਬੀਜ ਬੀਜਿਆ ਹੈ; ਉਵੇਂ, ਜਿਵੇਂ ਉਸ ਨੇ ਉਥੇ ਆਸ ਤੇ ਸਾਹਸ ਦਾ ਬੀਜ ਬੀਜਿਆ ਹੈ। ਇਹ ਭਉ ਇਕ ਘੰਟਾ ਹੈ ਜੋ ਜਦੋਂ ਵੀ ਵੱਜਦਾ ਹੈ ਜ਼ਿੰਦਗੀ ਨੂੰ ਚੇਤੰਨ ਕਰਦਾ ਤੇ ਤੁਰੇ ਆਉਂਦੇ ਖ਼ਤਰਿਆਂ ਨਾਲ ਜੂਝਣ ਤੇ ਉਹਨਾਂ ਤੋਂ ਬਚਣ ਲਈ ਤਤਪਰ ਕਰਦਾ ਹੈ। ਇਹ ਤਾਂ ਸਫ਼ਬੰਦੀ ਕਰਨ ਲਈ ਆਤਮਾ ਦੀ ਸੈਨਤ ਹੈ।

—ਐਚ.ਡਬਲਯੂ. ਬੀਚਰ

• •

ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ ॥
ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥
ਤੁਧੁ ਬਿਨੁ ਦੂਜੀ ਨਾਹੀ ਜਾਇ ॥
ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥੧॥
ਡਰੀਐ ਜੇ ਡਰੁ ਹੋਵੈ ਹੋਰੁ ॥
ਡਰਿ ਡਰਿ ਡਰਣਾ ਮਨ ਕਾ ਸੋਰੁ ॥੧॥ਰਹਾਉ॥
ਨਾ ਜੀਉ ਮਰੈ ਨ ਡੂਬੈ ਤਰੈ ॥
ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥
ਹੁਕਮੇ ਆਵੈ ਹੁਕਮੇ ਜਾਇ ॥
ਆਗੈ ਪਾਛੈ ਹੁਕਮਿ ਸਮਾਇ ॥੨॥
ਹੰਸੁ ਹੇਤੁ ਆਸਾ ਅਸਮਾਨੁ ॥
ਤਿਸੁ ਵਿਚਿ ਭੂਖ ਬਹੁਤੁ ਨੈਸਾਨੁ ॥
ਭਉ ਖਾਣਾ ਪੀਣਾ ਆਧਾਰੁ ॥
ਵਿਣੁ ਖਾਧੇ ਮਰਿ ਹੋਹਿ ਗਵਾਰ ॥੩॥
ਜਿਸ ਕਾ ਕੋਇ ਕੋਈ ਕੋਇ ਕੋਇ ॥
ਸਭੁ ਕੋ ਤੇਰਾ ਤੂੰ ਸਭਨਾ ਕਾ ਸੋਇ ॥
ਜਾ ਕੇ ਜੀਅ ਜੰਤ ਧਨੁ ਮਾਲੁ ॥
ਨਾਨਕ ਆਖਣੁ ਬਿਖਮੁ ਬੀਚਾਰੁ ॥੪॥

*—ਗਉੜੀ ਮ: ੧ (151 : 8)*

(ਜਿਸ ਕਿਸੇ ਨੇ ਵੀ ਆਪਣੇ) ਅੰਤਹਕਰਣ ਵਿਚ (ਪ੍ਰਭੂ ਦਾ) ਡਰ (ਧਾਰ ਲਿਆ ਹੈ ਤੇ) ਟਿਕਾਣਾ ਹੀ (ਇਸ) ਡਰ ਵਿਚ (ਲਾ ਲਿਆ ਹੈ, ਉਸ ਦਾ ਹੋਰ ਹਰੇਕ) ਡਰ (ਇਸ) ਡਰ ਦੇ ਕਾਰਣ ਖ਼ਤਮ ਹੋ ਜਾਂਦਾ ਹੈ। ਉਹ ਡਰ ਕਿਹੜੇ ਕੰਮ ਦਾ ਹੈ ਜਿਸ ਕਰ ਕੇ (ਬੰਦਾ ਹੋਰ) ਡਰਾਂ ਤੋਂ ਡਰਦਾ ਰਹੇ ?

(ਹੇ ਵਾਹਿਗੁਰੂ!) ਤੇਰੇ ਬਿਨਾ ਹੋਰ ਕੋਈ ਟਿਕਾਣਾ ਨਹੀਂ। ਜੋ ਕੁਝ ਵੀ ਵਰਤਦਾ ਹੈ ਸਭ ਤੇਰੀ ਰਜ਼ਾ ਦੇ ਮੁਤਾਬਿਕ ਹੀ ਵਰਤਦਾ ਹੈ (ਸੋ, ਸਾਨੂੰ ਆਪਣੇ ਭੈ ਵਿਚ ਟਿਕਾਈ ਰੱਖ।)

ਜੇ (ਰੱਬ ਦੇ ਡਰ ਜੇਹਾ) ਕੋਈ ਹੋਰ ਡਰ ਹੋਵੇ ਤਾਂ ਉਸ ਤੋਂ ਡਰੀਏ ਵੀ। (ਐਵੇਂ ਹਰ ਛੋਟੇ ਮੋਟੇ) ਡਰ ਪਾਸੋਂ ਡਰਦੇ ਫਿਰਨਾ ਨਿਰਾ ਮਨ ਦਾ ਰੌਲਾ ਹੈ।

(ਜਿਸ ਕਿਸੇ ਨੇ ਮਨ ਦੇ ਸ਼ੋਰ ਵਾਲਾ ਡਰ ਦੂਰ ਕਰ ਲਿਆ, ਉਹ ਤਾਂ ਜਾਣ ਲੈਂਦੇ ਹਨ ਕਿ) ਜੀਵ (ਆਪ) ਨਾ ਤਰਦਾ ਹੈ, ਨਾ ਡੁੱਬਦਾ ਹੈ। ਜਿਸ ਨੇ ਇਹ (ਸਭ) ਕੁਝ ਬਣਾਇਆ ਹੈ, (ਉਹੀ) ਸਭ ਕੁਝ ਕਰ ਰਿਹਾ ਹੈ। (ਹਰ ਜੀਵ) ਉਸ ਦੇ ਹੁਕਮ ਅਨੁਸਾਰ (ਸੰਸਾਰ ਵਿਚੱ) ਆਉਂਦਾ ਤੇ (ਏਥੋਂ) ਚਲਾ ਜਾਂਦਾ ਹੈ। (ਆਉਣ ਤੋਂ) ਪਹਿਲੋਂ ਵੀ ਤੇ (ਤੁਰ ਜਾਣ ਤੋਂ) ਮਗਰੋਂ ਵੀ ਹੁਕਮ ਵਿਚ ਹੀ ਸਮਾਇਆ ਹੁੰਦਾ ਹੈ।

(ਜਿਸ ਦੇ ਅੰਦਰ) ਹਿੰਸਾ, ਮੋਹ ਤੇ ਆਕਾਸ਼ (ਜੇਡੀ ਵਿਸ਼ਾਲ) ਆਸਾ ਹੋਵੇ, ਉਸ ਵਿਚ ਦਰਿਆ ਜਹੀ (ਅਵਿਰਲ) ਤ੍ਰਿਸ਼ਨਾ ਹੋਂਦੀ ਹੈ। ਪਰ ਜੋ (ਪ੍ਰਭੂ ਦੇ ਭਉ ਨੂੰ) ਖਾਣੇ ਪੀਣੇ ਵਰਗਾ (ਨਿਤ ਦਾ) ਆਧਾਰ ਬਣਾ ਲੈਂਦੇ ਹਨ, ਉਹ (ਉਹਨਾਂ ਨਾਲੋਂ ਵਖਰੇ ਹਨ) ਜੋ ਗਵਾਰ (ਇਸ ਨੂੰ) ਆਹਾਰ ਬਣਾਏ ਬਿਨਾ ਮਰਦੇ (ਜੰਮਦੇ) ਰਹਿੰਦੇ ਹਨ।

(ਹੇ ਮਾਲਕ! ਮੇਰਾ ਤਾਂ ਇਕ ਤੂੰ ਹੀ ਹੈਂ) ਜਿਸ ਦਾ ਕੋਈ (ਹੋਰ) ਹੈ ਉਹ ਕੋਈ (ਦਸੋ ਕਿ) ਕਿਹੜਾ ਹੈ। ਤੂੰ ਹੀ ਸਭਨਾਂ ਦਾ ਹੈਂ ਤੇ ਸਭ ਕੋਈ ਤੇਰਾ ਹੈ। (ਤੂੰ) ਜਿਸ ਦੇ ਰਚੇ ਸਭ ਜੀਅ ਜੰਤ (ਤੇ ਉਹਨਾਂ ਨੂੰ ਪ੍ਰਾਪਤ) ਧਨ ਤੇ ਮਾਲ ਹਨ, (ਤੇਰਾ) ਵੀਚਾਰ ਆਖਣਾ ਕਠਨ ਹੈ, ਨਾਨਕ ਕਹਿੰਦਾ ਹੈ।

• •

**ਨਾ ਓਹੁ ਮਰਤਾ ਨਾ ਹਮ ਡਰਿਆ ॥**
**[1]ਨਾ ਓਹੁ ਬਿਨਸੈ ਨਾ ਹਮ ਕੜਿਆ ॥**
**ਨਾ ਓਹੁ ਨਿਰਧਨੁ ਨਾ ਹਮ ਭੂਖੇ ॥**
**ਨਾ ਓਸੁ ਦੂਖੁ ਨ ਹਮ ਕਉ ਦੂਖੇ ॥੧॥**
**ਅਵਰੁ ਨ ਕੋਊ ਮਾਰਨਵਾਰਾ ॥**
**[2]ਜੀਅਉ ਹਮਾਰਾ ਜੀਉ ਦੇਨਹਾਰਾ ॥੧॥ਰਹਾਉ॥**
**ਨਾ ਉਸੁ ਬੰਧਨ ਨਾ ਹਮ ਬਾਧੇ ॥**
**ਨਾ ਉਸੁ ਧੰਧਾ ਨ ਹਮ ਧਾਧੇ[3] ॥**
**ਨਾ ਉਸੁ ਮੈਲੁ ਨ ਹਮ ਕਉ ਮੈਲਾ ॥**
**ਓਸੁ ਅਨੰਦੁ ਤ ਹਮ ਸਦ ਕੇਲਾ[4] ॥੨॥**

---

1. ਨਾ ਉਹ ਵਾਹਿਗੁਰੂ ਨਾਸ ਹੁੰਦਾ ਹੈ, ਤੇ ਨਾ ਅਸੀਂ ਨਾਸ ਹੋਣ ਦੇ ਡਰ ਤੋਂ ਝੁਰਦੇ ਹਾਂ। 2. ਜੀਵੇ ਸਾਡਾ ਜੀਵਨਦਾਤਾ। 3. ਧਾਧਾ = ਧੰਦਾ, ਕਜ਼ੀਆ, ਰੁਝੇਵੇਂ ਦਾ ਕਲੇਸ਼। 4. ਖੁਸ਼ੀ।

ਨਾ ਉਸੁ ਸੋਚੁ ਨ ਹਮ ਕਉ ਸੋਚਾ ॥
ਨਾ ਉਸੁ ਲੇਪੁ ਨ ਹਮ ਕਉ ਪੋਚਾ[1] ॥
ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ ॥
[2]ਜਾ ਉਹੁ ਨਿਰਮਲ ਤਾਂ ਹਮ ਜਚਨਾ ॥੩॥
ਹਮ ਕਿਛੁ ਨਾਹੀ ਏਕੈ ਓਹੀ ॥
ਆਗੈ ਪਾਛੈ ਏਕੋ ਸੋਈ ॥
ਨਾਨਕ ਗੁਰਿ ਖੋਏ [3]ਭ੍ਰਮ ਭੰਗਾ ॥
ਹਮ ਓਇ ਮਿਲਿ ਹੋਏ ਇਕ ਰੰਗਾ ॥੪॥ —*ਆਸਾ ਮ: ੫ (391 : 1)*

ਨਾਨਕ ਜਿਨ੍ ਮਨਿ ਭਉ ਤਿਨ੍ਹਾ ਮਨਿ ਭਾਉ[4] ॥
—*ਵਾਰ ਆਸਾ ਮ: ੧ (465 : 14)*

ਜੇ ਮਰ ਜਾਣਾ ਲਿਖਿਆ ਹੈ,
ਮਰ ਜਾਵਣ ਦੇ;
ਪਰ, ਇਸ ਡਰ ਤੋਂ, ਮੈਨੂੰ
ਛੁੱਟੀ ਪਾਵਣ ਦੇ। —*ਐਟੀ ਹਿਲੇਸਮ*

ਕਿਸੇ ਕਿਆਮਤ ਤੋਂ ਵੀ, ਰੱਬਾ,
ਮੈਨੂੰ ਡਰਨ ਨ ਦੇਵੀਂ।
ਜੋ ਹੁੰਦਾ ਏ, ਸੋ ਹੋ ਜਾਵੇ,
ਚਿੰਤਾ ਕਰਨ ਨ ਦੇਵੀਂ।
ਸਹਿਜ ਕਬੂਲਾਂ ਦੁਖ ਸੁਖ ਦੋਵੇਂ,
ਤੇਰੀ ਦਾਤ ਮਨਾ ਕੇ।
ਤੂੰ ਜਦ ਅੰਗੀ ਸੰਗੀ ਮੇਰਾ,
ਕਿਉਂ ਭਉ ਲੱਗੇ ਆ ਕੇ ?
—*ਇਕ ਸੂਫ਼ੀ ਅਰਦਾਸ*

---

1. ਦੋਸ਼। 2. ਜੇ ਉਹ ਪਵਿੱਤਰ ਹੈ ਤਾਂ ਅਸੀਂ ਉਸ ਨਾਲ ਜਚਦੇ ਹਾਂ (ਢੁਕਦੇ ਹਾਂ)। 3. ਭਰਮ ਅਤੇ ਭੁੱਲਾਂ, ਸਹਸੇ ਤੇ ਅਉਗੁਣ। 4. ਪਿਆਰ।

ਦੋਂਹ ਸਿਰਿਓਂ ਧੁਖਦੀ ਕਾਠੀ ਤੇ
ਜਿਉਂ ਭਜਦਾ ਕੋਈ ਕਾਢਾ ਵੋ,
ਓਵੇਂ ਮੈਂ ਵੀ ਏਧਰ ਓਧਰ
ਭਟਕ ਰਿਹਾ ਹਾਂ ਡਾਢਾ ਵੋ।
ਮੇਰਾ ਹੀ ਪਰਛਾਵਾਂ, ਜੀਕਣ,
ਪਿੱਛਾ ਮੇਰਾ ਕਰਦਾ ਏ,
ਉਵੇਂ ਪਲੰਦਾ ਕਰਮਾਂ ਵਾਲਾ
ਮਗਰੇ ਲੱਗਾ ਫਿਰਦਾ ਏ।
ਜਿਉਂ ਪ੍ਰੇਤਾਂ ਤੋਂ ਲੋਕ ਸਹਿਮਦੇ,
ਮੈਂ ਕਰਮਾਂ ਤੋਂ ਡਰਦਾ ਹਾਂ।
ਰਹਿਮਤ ਕਰ, ਤੇ ਮੁਝੇ ਬਚਾ ਲੈ,
ਮੈਂ ਵੀ ਤੇਰਾ ਬਰਦਾ ਹਾਂ।

*—ਇਕ ਭਾਰਤੀ ਈਸਾਈ*



ਹੇ ਮਾਲਕ, ਮੇਰੀ ਸ਼ਰਧਾ ਨੰਨ੍ਹੀ,
ਕੱਚ ਮੇਰਾ ਭਰਵਾਸਾ।
ਕਿਤਨੀਆਂ ਕਾਂਗਾਂ ਆਈਆਂ, ਗਈਆਂ,
ਮੈਨੂੰ ਯਾਦ ਨ ਮਾਸਾ।
ਪਰ, ਜੋ ਹੁਣ ਚੜ੍ਹ ਕੇ ਪਈ ਆਵੇ,
ਤ੍ਰਾਹਿਆ ਫਿਰਨਾ ਉਸ ਤੋਂ;
ਹੱਥ ਪਸਾਰ ਦੂਨੀ ਵਲ ਵੇਖਾਂ,
ਮਦਦ ਵਿਹਾਜਾਂ ਕਿਸ ਤੋਂ ?
ਏਥੇ ਕਿਸ ਨੂੰ ਕਉਣ ਬਚਾਵੇ ?—
ਸੱਭੇ ਡੁੱਬੇ ਫਿਰਦੇ—
'ਬਹੁੜੀ ! ਬਹੁੜੀ !' ਪਏ ਪੁਕਾਰਨ
ਛੱਲਾਂ ਅੰਦਰ ਘਿਰ ਕੇ।

ਮੈਂ ਡੁਬਦੇ ਨੇ ਆਖ਼ਰ ਪਾਈ
ਤੇਰੇ ਤਾਈਂ ਦੁਹਾਈ,
ਤੂੰ ਝਬਦੇ ਤਦ ਮੇਰੇ ਗਿਰਦੇ
ਅਪਣੀ ਬਾਂਹ ਵਲਾਈ।
ਹੁਣ ਕੋ ਕਾਂਗ ਨ ਜ਼੍ਵਾਰ ਡਰਾਵੇ,
ਨਾ ਕੋ ਘੁੰਮਣ ਘੇਰੀ,
ਹੁਣ ਮੈਨੂੰ ਪਰਤੱਖ ਦਿੱਸ ਪਈ,
ਮਾਲਕ, ਸ਼ਕਤੀ ਤੇਰੀ।
ਪਹਿਲਾਂ ਤੇਰਾ ਹੱਥ ਨ ਦਿਸਿਆ,
ਤਦੇ ਨ ਕੀਤੀ ਆਸਾ,
ਤਦੇ ਤਾਂ ਮੇਰੀ ਕੱਚ-ਸ਼ਰਧਾ ਸੀ,
ਨਾਲੇ ਕੱਚ ਭਰਵਾਸਾ।

.....

ਉਹ ਛੱਲ ਵੀ ਜਿਵ ਆਈ ਚਲੀ ਗਈ,
ਸੁਪਨਾ ਹੋ ਗਈ ਜਾਂਦੀ,
ਕਾਂਗ ਹੋਰ ਇਕ ਚੜ੍ਹ ਕੇ ਆ ਗਈ
ਢੇਰਾਂ ਝੱਗ ਉਡਾਂਦੀ।
ਹੁਣ ਮੈਂ ਤੇਰਾ ਹੱਥ ਪਛਾਣਾਂ,
ਹੁਣ ਮੈਂ ਰਤਾ ਨਾ ਡਰਦਾ;
ਜਿਸ ਦਾ ਤੂੰ ਹੋਵੇਂ ਰਖਵਾਲਾ,
ਸਾਗਰ ਉਸ ਦਾ ਬਰਦਾ।

—ਐਮ.ਏ. ਟਾਮਸ

ਮਾਲਕ! ਸਾਨੂੰ ਮੁਕਤ ਕਰ
ਸਮਸਤ ਭੈਆਂ ਤੋਂ।
ਕਿਰਪਾ ਨਿਧ! ਸਹਾਈ ਹੋ, ਤੇ
ਮੁਕਾ ਦੇ ਸਾਡੇ ਸ਼ਤ੍ਰੂਆਂ।

ਜਿਸ ਪਉਣ 'ਚੋਂ ਸਾਹ ਲਈਏ,
ਨਿਰਭੈਤਾ ਜਗਾਵੇ;
ਨਿਰਭੈਤਾ ਜ਼ਿਮੀਂ 'ਤੇ,
ਨਿਰਭੈਤਾ ਅਸਮਾਨ 'ਤੇ।
ਇਹ ਨਿਰਭੈਤਾ ਅਸਾਂ ਬਚਾਵੇ
ਅਗਾੜੀਓਂ ਵੀ,
ਪਿਛਾੜੀਓਂ ਵੀ।
ਇਸੇ ਦੀ ਚਉਕੀ ਰਹੇ
ਉਪਰੋਂ ਵੀ,
ਹੇਠੋਂ ਵੀ।

ਸਾਨੂੰ ਕੋਈ ਤ੍ਰਾਸ ਨ ਰਹੇ,
ਨਾ ਸ਼ਤ੍ਰੂ ਦਾ, ਨਾ ਮਿਤ੍ਰਾਂ ਦਾ।
ਨਾ ਗਿਆਤ, ਨਾ ਅਗਿਆਤ ਦਾ,
ਨਾ ਦਿਨ ਵੇਲੇ ਨਾ ਰਾਤ ਦੇ ਹਨੇਰੇ ਵਿਚ।
ਸਮਸਤ ਸੰਸਾਰ ਨੂੰ
ਸਾਡਾ ਮਿੱਤਰ ਕਰ ਦੇ।

*—ਰਾਏਮੁੰਡੋ ਪਾਨੀਕਰ*





ਤੇਰਾ ਕੋਈ ਨ ਰੋਕਣਹਾਰ, ਮਗਨ ਹੋ ਮੀਰਾ ਚਲੀ।
ਲਾਜ, ਸ਼ਰਮ, ਕੁਲ ਦੀ ਮਰਯਾਦਾ, ਸਿਰ ਤੋਂ ਪਟਕ ਧਰੀ।
ਮਾਨ ਅਪਮਾਨ ਵਗਾਹ ਕੇ ਮਾਰੇ, ਨਿਕਲੀ ਗਿਆਨ ਗਲੀ।
ਉੱਚੀ ਅਟਾਰੀ ਕੁੰਡੀ ਮਾਰੀ, ਨਿਰਗੁਣ ਸੇਜ ਵਿਛੀ।
ਪੰਜ ਰੰਗਾਂ ਦੀ ਝਾਲਰ ਝਮਕੇ, ਮਹਿਕੇ ਫੁੱਲ ਕਲੀ।
ਬਾਜੂ ਬੰਦ ਕੰਠਲਾ ਸੋਹੇ, ਮਾਂਗ ਸੰਧੂਰ ਭਰੀ।
ਸਿਮਰਨ ਥਾਲ ਹੱਥ ਵਿਚ ਲੀਤਾ, ਸੋਭਾ ਬਹੁਤ ਬਣੀ।
ਸੇਜ ਸੁਖਮਨਾ ਮੀਰਾ ਸੋਹੇ, ਅੱਜ ਦੀ ਸ਼ੁਭ ਘੜੀ।
ਰਾਣਾ ਜੀ, ਘਰ ਜਾਓ ਆਪਣੇ, ਤੇਰੀ ਮੇਰੀ ਨਹੀਂ ਸਰੀ।

*—ਮੀਰਾ ਬਾਈ*



ਹੇ ਮਾਲਕ! ਡਰ ਤੇ ਮਾਯੂਸੀ ਤੋਂ ਮੈਨੂੰ ਮੁਕਤ ਰੱਖ!
ਹਿੰਮਤ ਤੇ ਜੁਰਅਤ ਦਾ ਜੋ ਰਾਹ ਤੂੰ ਦਿਖਾਲਿਆ,
ਉਸ ਉਪਰ ਤੋਰੀ ਚੱਲ।

ਜੋ ਭਾਗ ਵੀ ਤੇਰੀ ਆਗਿਆ ਵਿਚ ਮਿਲੇ,
ਖਿੜੇ ਮੱਥੇ ਉਸ ਨੂੰ ਕਬੂਲ ਕਰਾਂ।
ਤੇਰੀ ਬਖ਼ਸ਼ੀ ਸੱਤਾ ਨੂੰ
ਸਿਦਕ ਤੇ ਸਿਰੜ ਨਾਲ
ਸਦ-ਜੂਝਣ ਲਈ ਵਰਤਾਂ।
ਨਾ ਮੈਨੂੰ ਨਾਮਣੇ ਦੀ ਤਮਾਅ ਹੋਵੇ,
ਨਾ ਖੁਨਾਮੀ ਦਾ ਡਰ।
ਹੋਰ ਕੋਈ ਦਰਸ਼ਕ ਹੋਵੇ ਭਾਵੇਂ ਨਾ
ਤੈਨੂੰ ਹਾਜ਼ਰ ਨਾਜ਼ਰ ਜਾਣਾਂ
ਤੇ ਕਦੇ ਕ੍ਰੋਧ ਵਿਚ ਆ ਕੇ
ਸ਼ਕਤੀ ਦੀ ਕੁਵਰਤੋਂ ਨਾ ਕਰਾਂ।
ਹੇ ਮਾਲਕ! ਆਪਣੇ ਨਾਮ ਵਿਚ ਰੰਗੀ ਰੱਖ
ਕਿ ਸਦਾ ਚੜ੍ਹਦੀ ਕਲਾ ਦੀ
ਨਿਰਭੈਤਾ ਵਿਚ ਵਿਚਰ ਸਕਾਂ। —ਜ.ਸ.ਨ.

ਹੇ ਦਾਤਾ!
ਮੁਝ ਉੱਦਮ, ਦ੍ਰਿੜ੍ਹਤਾ, ਸਾਹਸ ਦੇ;
ਜੁਰਅਤ, ਹਿੰਮਤ, ਤਾਕਤ ਅਤੇ ਤਪਾਵਸ ਦੇ।
ਤੈਥੋਂ ਬਿਨ ਮੈਂ ਕਿਸੇ ਧਿਰੋਂ ਖ਼ਮ ਖਾਵਾਂ ਨਾ।
ਤੈਥੋਂ ਇਤਨਾ ਡਰਾਂ ਕਿ ਕਿਸੇ ਡਰਾਵਾਂ ਨਾ। —ਅਨਾਮ

ਸਾਹਿਬ ਜੀ, ਮੈਂ ਬਰਦਾ ਤੈਂਢੇ ਨਾਈਂ ਦਾ।
ਜਾਂ ਡਰ ਤੈਂਢੇ ਲੰਗਰ ਘੱਤਿਆ,
ਰਿਹਾ ਨਾ ਡਰਨਾ ਕਾਈਂ ਦਾ।

ਰਿਹਾ ਨ ਭਉ ਕੋ ਅੱਖ ਕੈਰੀ ਦਾ,
ਨਾ ਕੋ ਲਾਜ ਲੋਕਾਣੀ ਦਾ।
ਨਾ ਡਰ ਬਚਿਆ ਨਰਕ-ਸੁਰਗ ਦਾ,
ਨਾ ਪੀੜੀਂਦੀ ਘਾਣੀ ਦਾ।
ਪਾਪ-ਪੁੰਨ ਦਾ ਕਿਹਾ ਬਸੇਰਾ,
ਜਿੱਥੇ ਆਪ ਨ ਪਾਈਂਦਾ!

ਉਠ ਗਿਆ ਖ਼ਤਰਾ ਅਪਬਚਨਾਂ ਦਾ
ਖ਼ੌਫ਼ ਨਸ਼ਰ ਹੋ ਜਾਵਣ ਦਾ।
ਨਿੰਦਾ ਵੀ ਹੁਣ ਏਕਣ ਲੱਗੇ
ਜੀਕਣ ਛਿੱਟਾ ਸਾਵਣ ਦਾ।
ਹੁਣ ਨਾ ਫ਼ਿਕਰ ਸੋਇ ਮੰਦੀ ਦਾ,
ਨਾ ਕੋ ਡਰ ਅਫ਼ਵਾਹੀਂ ਦਾ।

ਉਠ ਗਿਆ ਖਟਕਾ ਦਿਲ ਮੇਰੇ ਤੋਂ
ਦਿਲ ਮੇਰੇ ਦੀਆਂ ਤਲਬਾਂ ਦਾ।
ਹੁਣ ਕੋ ਡਰ ਨਾ ਘਰ ਦੇ ਜਨ ਦਾ,
ਨਾ ਆਲਮ ਦੀਆਂ ਖ਼ਲਕਾਂ ਦਾ।
ਉਠ ਗਿਆ ਸਹਿਮ ਜੋ ਵਹਿਮ ਉਗਾ ਕੇ
ਪਿੱਛੇ ਪਿਆ ਕਦਾਈਂ ਦਾ।

ਲੱਦ ਗਏ ਸੰਸੇ ਗ੍ਰਹਿ-ਉਪਗ੍ਰਹਿ ਦੇ,
ਸਣ ਅਲਕਾਂ ਦੀਆਂ ਗੁੱਤਾਂ ਦੇ।
ਵਹਿਮ ਨਿਬੜ ਗਏ ਥਿੱਤ-ਵਾਰਾਂ ਦੇ,
ਸਹਿਮ ਨਿਬੜ ਗਏ ਰੁੱਤਾਂ ਦੇ।
ਧੁੱਪਾਂ ਦਾ ਹੁਣ ਡਰ ਕੀ ਮੈਨੂੰ ?—
ਮੈਂ ਨਹੀਂ ਬੂਟਾ ਛਾਈਂਦਾ।



ਉਠ ਗਿਆ ਅਸਲੋਂ ਖ਼ੌਫ਼ ਦਿਲੇ ਤੋਂ
ਜਮ ਦੇ ਵੱਸ ਪੈ ਵੰਞਣ ਦਾ।
ਹੁਣ ਤਾਂ ਕਾਲ ਵਿਚਾਰਾ ਦੇਂਦਾ
ਪਹਿਰਾ ਮੇਰੇ ਅੰਙਣ ਦਾ।
ਸਾਹਵੇਂ ਮਲਕ ਸਲਾਮ ਕਰੇਂਦਾ
'ਸਾਹਿਬ!' ਆਖ ਅਲਾਈਂਦਾ।

ਪਿੱਛੇ ਬਚਿਆ ਡਰ ਇਕ ਤੈਂਢਾ
ਤਕੀਆ ਜਹਿੰਦਾ ਤਕਿਆ ਮੈਂ।
ਸਗਲੇ ਡਰ ਜਿਸ ਪਿੱਛੇ ਨਿਬੜੇ,
ਸੀਨੇ ਲਾ ਕੇ ਰਖਿਆ ਮੈਂ।
ਜਿੱਥੇ ਬਰਕਤ ਇਸ ਦੀ ਵਰਤੇ,
ਹੋਇਆ ਫਿਰਾਂ ਉਥਾਈਂ ਦਾ।

—ਜ.ਸ.ਨ.

# ਦੁੱਖ-ਸੁੱਖ



ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥
ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥
*— ਵਾਰ ਮਾਝ ਮ: ੧ (149:4)*

ਸੁੱਖਾਂ ਜਾਂਦਿਆਂ ਨੂੰ ਧਿਆਨ ਵਿਚ ਰੱਖੋ,
ਆਉਂਦਿਆਂ ਨੂੰ ਨਹੀਂ।

*—ਹਕੀਮ ਅਰਸਤੂ*

# 17
# ਦੁੱਖ-ਸੁੱਖ

ਦੁੱਖ ਤੇ ਸੁੱਖ ਸਾਨੂੰ ਰੁੱਤਾਂ ਵਾਂਙੂੰ ਮਿਲਦੇ ਹਨ—ਆਉਂਦੇ ਹਨ, ਚਲੇ ਜਾਂਦੇ ਹਨ। ਇਹਨਾਂ ਨੂੰ ਤਨ ਦੇ ਕਪੜਿਆਂ ਨਾਲ ਵੀ ਉਪਮਾ ਦਿੱਤੀ ਜਾਂਦੀ ਹੈ—ਜੋ ਪਹਿਨੇ ਜਾਂਦੇ ਹਨ, ਉਤਾਰੇ ਜਾਂਦੇ ਹਨ।

ਸੁੱਖ ਸਾਡੇ ਸਰੀਰ ਨੂੰ, ਸਾਡੇ ਇੰਦਰਿਆਂ ਨੂੰ, ਸਾਡੀ ਮਾਨਸਿਕਤਾ ਨੂੰ ਸੁਖਾਉਂਦੇ ਹਨ; ਇਸ ਲਈ ਅਸੀਂ ਉਨ੍ਹਾਂ ਦੀ ਲਾਲਸਾ ਕਰਦੇ ਹਾਂ। ਪਰ, ਇਹ ਨਾ ਕੇਵਲ ਛਿੰਨ ਭੰਗਰ ਹੀ ਹੋਂਦੇ ਹਨ, ਸਗੋਂ ਬੜੀ ਵਾਰ ਦੁੱਖ ਨੂੰ ਜਨਮ ਵੀ ਦੇਂਦੇ ਹਨ। ਰਸਦਾਇਕ ਭੋਜਨ ਸੁਖਦਾਈ ਲਗਦੇ ਹਨ; ਪਰ, ਜਦੋਂ ਭੁੱਖ ਤ੍ਰਿਪਤ ਹੋ ਚੁਕੇ ਤਾਂ ਉਹਨਾਂ ਵਲ ਵੇਖਣ ਨੂੰ ਵੀ ਚਿੱਤ ਨਹੀਂ ਕਰਦਾ। ਏਥੇ ਹੀ ਬੱਸ ਨਹੀਂ, ਕਈ ਸੁੱਖ ਤਾਂ ਭਿਆਨਕ ਦੁੱਖਾਂ ਦਾ ਦਰਵਾਜ਼ਾ ਖੋਲ੍ਹਣ ਦੀ ਸਮਰਥਾ ਰਖਦੇ ਹਨ। ਕਾਮ ਦਾ ਸੁੱਖ ਹੀ ਲਓ, ਇਹ ਕਈ ਪ੍ਰਕਾਰ ਦੇ ਡਰਾਉਣੇ ਕਾਮ-ਜਨਕ ਰੋਗਾਂ ਦਾ ਕਾਰਣ ਬਣ ਖਲੋਂਦਾ ਹੈ। ਇਸੇ ਲਈ ਬਿਬੇਕੀ ਲੋਕ ਸਰੀਰਕ ਸੁੱਖਾਂ ਦੀ ਲਾਲਸਾ ਤਿਆਗ ਦੇਂਦੇ ਹਨ।

ਇਹਨਾਂ ਦੇ ਟਾਕਰੇ ਦੁੱਖ ਸਰੀਰਕ ਜਾਂ ਮਾਨਸਿਕ ਤਕਲੀਫ਼ ਦੇਂਦੇ ਹਨ। ਇਸੇ ਲਈ ਅਸੀਂ ਇਹਨਾਂ ਤੋਂ ਬਚਣ ਦੇ ਉਪਾਓ ਕਰਦੇ ਰਹਿੰਦੇ ਹਾਂ। ਪਰ ਬੜੀ ਵਾਰੀ ਇਹ ਚੰਗੇ ਗੁਣਾਂ ਦੇ ਧਾਰੰਨੀ ਵੀ ਹੋਂਦੇ ਹਨ—ਕੌੜੀ ਦਵਾਈ ਵਾਂਙੂੰ। ਦੁੱਖ ਨੂੰ ਤਾਂ ਚੇਤਨਾ ਦਾ ਸ੍ਰੋਤ ਆਖਿਆ ਗਿਆ ਹੈ।[1] ਦੁੱਖਾਂ ਦੀ ਅਗਨ ਵਿਚ ਤਪ ਕੇ ਹੀ ਮਨੁੱਖੀ ਆਤਮਾ ਫ਼ੌਲਾਦੀ ਬਣਦੀ ਹੈ। ਦੁਖਾਂਤ ਹੀ ਸਾਨੂੰ ਸਦਾਚਾਰਕ ਤੌਰ 'ਤੇ ਤਕੜਿਆਂ ਕਰਦੇ ਹਨ।

ਦੁੱਖ ਕੋਈ ਰਹੱਸ ਨਹੀਂ ਹੋਂਦਾ, ਇਹ ਤਾਂ ਬੇਨਕਾਬ ਹੋ ਕੇ ਆਉਂਦਾ ਹੈ, ਤੇ ਜਿੱਧਰ ਵੀ ਜਾਂਦਾ ਹੈ, ਭਾਵਾਂ ਨੂੰ ਬੇਨਕਾਬ ਕਰੀ ਤੁਰੀ ਜਾਂਦਾ ਹੈ। ਜਿਵੇਂ ਸੀਤੇ ਜਾਣ ਤੋਂ ਪਹਿਲਾਂ ਕਪੜੇ ਦਾ ਵੇਤਰਿਆ ਜਾਣਾ ਜ਼ਰੂਰੀ ਹੈ, ਉਵੇਂ ਤਕਮੀਲ ਦੀ ਪ੍ਰਾਪਤੀ ਤੋਂ ਪਹਿਲਾਂ ਮਨੁੱਖ ਨੂੰ ਦੁੱਖਾਂ

1. ਦੋਸਤਾਏਵਸਕੀ: *ਨੋਟ੍ਸ ਫ਼੍ਰਾਮ ਦੀ ਅੰਡਰਗ੍ਰਾਉਂਡ* (1864) i.a.





ਦੀ ਚੋਟ ਸਹਾਰਨੀ ਪੈਂਦੀ ਹੈ। ਅਧਿਆਤਮਕ ਅਭਿਆਸ ਲਈ ਵੀ ਤਪੱਸਿਆ ਤੋਂ ਬਿਨਾ ਗੁਜ਼ਾਰਾ ਨਹੀਂ। ਮਰਨ ਕਿਨਾਰੇ ਪੁੱਜਾ ਮਨੁੱਖ ਵੀ ਮਰਨ ਹੱਥੋਂ ਤ੍ਰਾਹੀ ਜਾਂਦਾ ਹੈ, ਲੱਖਾਂ ਹੀ ਭਾਵੇਂ ਉਸ ਨੇ ਜ਼ਿੰਦਗੀ ਵਿਚ ਦੁੱਖ ਹੀ ਦੁੱਖ ਕਿਉਂ ਨਾ ਵੇਖੇ ਹੋਣ ਤੇ ਜੀਵਨ ਹੱਥੋਂ ਸਤਿਆ ਵੀ ਕਿਉਂ ਨਾ ਪਿਆ ਹੋਵੇ। ਮਰਨ ਨਾਲ ਤਾਂ ਉਹ ਕਾਲ ਹੱਥੋਂ ਮੁਕਤ ਹੋ, ਅਕਾਲ ਵਲ ਜਾ ਸਕਦਾ ਹੈ, ਪਰ, ਇਸ ਦੇ ਬਾਵਜੂਦ ਵੀ ਉਹ ਮਰਨ ਤੋਂ ਡਰਦਾ ਹੀ ਹੈ।

ਪਰ, ਕੁਝ ਐਸੇ ਲੋਕ ਵੀ ਤਾਂ ਹੋਂਦੇ ਹਨ, ਜੋ ਮਰਨਾ ਕਬੂਲ ਕਰ ਲੈਂਦੇ ਹਨ, ਸ਼ਹੀਦੀ ਨੂੰ ਆਮੰਤ੍ਰਿਤ ਕਰਦੇ ਹਨ। ਇਹ ਨਹੀਂ ਕਿ ਉਹਨਾਂ ਨੂੰ ਦੁੱਖ ਪ੍ਰਤੀਤ ਨਹੀਂ ਹੋਂਦਾ। ਹੋਂਦਾ ਹੈ, ਪਰ ਇਸਦੇ ਬਾਵਜੂਦ ਉਹ ਆਪ ਉਸ ਨੂੰ ਸ੍ਵੀਕਾਰ ਕਰਨਾ ਕਬੂਲਦੇ ਹਨ ਕਿਉਂਕਿ ਉਹ ਉਸ ਨੂੰ ਕੂੜਾਵੇ ਸੁੱਖਾਂ ਨਾਲੋਂ ਬਿਹਤਰ ਮੰਨਦੇ ਹਨ। ਐਸੇ ਬਿਬੇਕੀਆਂ ਨੂੰ, ਜਿਨ੍ਹਾਂ ਅੰਦਰੋਂ ਸੁੱਖ ਦੀ ਲਾਲਸਾ ਚੁੱਕੀ ਜਾਂਦੀ ਹੈ, ਦੁੱਖ ਦਾਰੂ-ਰੂਪ ਲਗਦੇ ਹਨ, ਤੇ ਸੁੱਖ ਰੋਗ-ਰੂਪ।[1]

ਜਿਹੜੇ ਇਨਸਾਨ ਆਪਣੇ ਆਪ ਨੂੰ ਰੱਬ ਦੇ ਹਵਾਲੇ ਕਰ ਦੇਂਦੇ ਹਨ, ਉਹ ਸਦਾ ਵਿਗਾਸ ਵਿਚ ਰਹਿੰਦੇ ਹਨ। ਉਨ੍ਹਾਂ ਅੰਦਰੋਂ ਕਾਮਨਾਵਾਂ ਉੱਠ ਜਾਂਦੀਆਂ ਹਨ, ਈਰਖਾ ਬਿਨਸ ਜਾਂਦੀ ਹੈ, ਨਫ਼ਰਤ ਬੁਹਾਰੀ ਜਾਂਦੀ ਹੈ, ਨਿੰਦਿਆ ਚੁੱਕੀ ਜਾਂਦੀ ਹੈ। ਉਹ ਤਾਂ ਆਪਣੀ ਨਿੰਦਿਆ ਦਾ ਵੀ ਦੁੱਖ ਨਹੀਂ ਮਨਾਉਂਦੇ, ਉਹਨਾਂ ਕਿਸੇ ਦੀ ਆਲੋਚਨਾ ਕੀ ਕਰਨੀ ਹੈ ? ਉਹ ਕਿਸੇ ਨੂੰ ਨੀਵਾਂ ਨਹੀਂ ਚਿਤਾਰਦੇ, ਕਿਸੇ ਦਾ ਹਾਸ ਨਹੀਂ ਉਡਾਉਂਦੇ। ਮੁਸੀਬਤਾਂ ਤੋਂ ਉਹ ਨਹੀਂ ਘਬਰਾਂਦੇ, ਸਮੱਸਿਆਵਾਂ ਤੋਂ ਉਹ ਨਹੀਂ ਡਰਦੇ—ਕਿਉਂਕਿ ਜਿਵੇਂ ਉਹ ਆਪਣੇ ਆਪ ਨੂੰ ਰੱਬ ਹਵਾਲੇ ਕਰ ਲੈਂਦੇ ਹਨ, ਆਪਣੀਆਂ ਸਮੱਸਿਆਵਾਂ ਨੂੰ ਵੀ ਉਸੇ ਦੇ ਹਵਾਲੇ ਕਰ ਦੇਂਦੇ ਹਨ। ਪਰ, ਸੰਸਾਰੀ ਜੀਵ ਆਪਣੇ ਆਪ ਨੂੰ ਰੱਬ ਦੇ ਹਵਾਲੇ ਕਰਦਿਆਂ ਘਬਰਾਉਂਦੇ ਹਨ—ਸ਼ਾਇਦ ਇਸ ਲਈ ਕਿ ਆਤਮ-ਸਮਰਪਨ ਤੋਂ ਪ੍ਰਾਪਤ ਹੋਣ ਵਾਲੇ ਆਨੰਦ ਤੋਂ ਉਹ ਅਜੇ ਜਾਣੂ ਨਹੀਂ ਹੋਏ।

ਪਰ ਅਰਦਾਸ ਦੇ ਅਭਿਆਸੀ ਆਪਣੇ ਦੁੱਖ ਵੀ, ਸੁੱਖ ਵੀ ਆਪਣੇ ਰੱਬ ਨਾਲ ਸਾਂਝੇ ਕਰਦੇ ਹਨ। ਉਹ ਇਹਨਾਂ ਦੋਨਾਂ ਨੂੰ ਹੀ ਉਸ ਦਾ ਪ੍ਰਸਾਦ ਮੰਨਦੇ ਹਨ, ਖ਼ਾਸ ਕਰ ਦੁੱਖ ਨੂੰ:

**ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥**[2]

ਆਓ, ਇਹਨਾਂ ਸ਼ਰਧਾਵਾਨ ਜੀਉੜਿਆਂ ਦੇ ਬੋਲਾਂ ਦੀ ਸੰਗਤ ਕਰੀਏ।

---

1. **ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥** *—ਆਸਾ ਮ: ੧ (469 : 9)*
2. ਜਪੁ ਜੀ (5 : 13)

ਹਰ ਸੁੱਖ ਪਾਸ ਪਹਿਲਾਂ ਤਾਂ ਇਹ ਪਰਵਾਨਾ ਹੋਣਾ ਚਾਹੀਦਾ ਹੈ ਕਿ ਇਹ ਗੁਨਾਹ ਤੋਂ ਬੇਲਾਗ ਹੈ; ਫਿਰ ਮੀਜ਼ਾਨ ਦੀ ਇਹ ਪਰਚੀ ਹੋਣੀ ਚਾਹੀਦੀ ਹੈ ਕਿ ਉਹ ਲੋੜ ਨਾਲੋਂ ਕਿਸੇ ਹਾਲ ਵਧੀਕ ਨਹੀਂ।

*—ਹੈਨਰੀ ਗਾਰਡਨਰ ਐਡਮਜ਼*

• •

**ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥**
**ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ ॥**
**ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ ॥੧॥**
**ਆਦੇਸੁ ਬਾਬਾ ਆਦੇਸੁ ॥**
**ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥੧॥ਰਹਾਉ॥**
**ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥**
**ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥**
**ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥**
**ਇਕੁ ਲਖੁ ਲਹਨ੍ਹਿ ਬਹਿਠੀਆ ਲਖੁ ਲਹਨ੍ਹਿ ਖੜੀਆ ॥**
**ਗਰੀ ਛੁਹਾਰੇ ਖਾਂਦੀਆ ਮਾਣਨ੍ਹਿ ਸੇਜੜੀਆ ॥**
**ਤਿਨ੍ਹ ਗਲਿ ਸਿਲਕਾ ਪਾਈਆ ਤੁਟਨ੍ਹਿ ਮੋਤਸਰੀਆ ॥੩॥**
**ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥**
**ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥**
**ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥੪॥**
**ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥**
**ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥**
**ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥**
**ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ ॥**
**ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ ॥**
**ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥੬॥**
**ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ ॥**
**ਇਕਨ੍ਹਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥**
**ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥੭॥** *—ਆਸਾ ਮ: ੧ (417:2)*

[ਇਹ ਸ਼ਬਦ ਬਾਬਰ ਦੀ ਸੈਦਪੁਰ ਸੰਡਯਾਲੀ ਦੀ ਕਤਲਾਮ ਤੇ ਲੁੱਟ ਦੇ ਹਾਲਾਤ ਦੇਖ ਕੇ ਰਚਿਆ ਗਿਆ ਮੰਨਿਆ ਜਾਂਦਾ ਹੈ।]

ਜਿਨ੍ਹਾਂ (ਸੁੰਦਰੀਆਂ) ਦੇ ਸਿਰਾਂ ਉਤੇ ਪੱਟੀਆਂ ਸੋਭਦੀਆਂ ਸਨ (ਤੇ ਵਿਚਾਲੇ) ਚੀਰ ਵਿਚ ਸੰਧੂਰ ਪਾਏ ਹੁੰਦੇ ਸਨ, ਉਹ ਸਿਰ (ਹੁਣ) ਕੈਂਚੀਆਂ ਨਾਲ ਮੁੰਨੇ ਜਾ ਰਹੇ ਹਨ (ਸਿਰਾਂ ਦੇ ਗਹਿਣੇ ਉਤਾਰਨ ਲਈ); ਤੇ (ਉਹਨਾਂ ਸੁੰਦਰੀਆਂ ਦੇ) ਗਲੇ ਵਿਚ ਮਿੱਟੀ ਭਰ ਰਹੀ ਹੈ। (ਕਿਸੇ ਵੇਲੇ ਇਹ) ਮਹਿਲਾਂ ਵਿਚ (ਮਹਿਲਾਂ ਵਾਲੀਆਂ ਹੋ ਕੇ) ਵਸਦੀਆਂ ਸਨ; ਹੁਣ (ਮਹਿਲਾਂ) ਦੇ ਸਾਹਮਣੇ (ਹਜ਼ੂਰ) ਵੀ ਨਹੀਂ ਬੈਠਣਾ ਮਿਲਦਾ। ਹੇ ਆਦਿ ਪੁਰਖ। ਤੇਰਾ ਅੰਤ ਕਿਸੇ ਨਹੀਂ ਪਾਇਆ (ਤੂੰ ਤਾਂ) ਕਈ ਭੇਸਾਂ ਵਿਚ (ਇਹ ਤਮਾਸ਼ਾ ਵੇਖਦਾ ਪਿਆ ਹੈਂ। (ਤੈਨੂੰ) ਹੇ ਪਿਤਾ, (ਬਾਰ ਬਾਰ) ਨਮਸਕਾਰ ਹੈ।

ਜਦੋਂ (ਇਹ ਸੁੰਦਰੀਆਂ) ਵਿਆਹੀਆਂ ਸਨ ਤਾਂ (ਇਹਨਾਂ ਦੇ) ਲਾੜੇ ਇਹਨਾਂ ਕੋਲ ਬੈਠੇ ਸੋਭਦੇ ਸਨ। ਇਹ ਪਾਲਕੀਆਂ ਵਿਚ ਚੜ੍ਹ ਕੇ (ਸਹੁਰੇ) ਆਈਆਂ ਸਨ (ਜਿਨ੍ਹਾਂ ਉਤੇ) ਦੰਦ-ਖੰਡ ਦੀ ਜੜਤ ਕੀਤੀ ਹੋਈ ਸੀ। ਇਹਨਾਂ ਉਤੋਂ ਪਾਣੀ ਵਾਰੇ ਜਾਂਦੇ ਸਨ ਤੇ ਝਿਲਮਿਲ ਕਰਦੇ ਜੜਾਊ ਪੱਖੇ (ਇਹਨਾਂ ਨੂੰ ਝੱਲੇ ਜਾਂਦੇ ਸਨ)।

ਇਕ ਲੱਖ ਰੁਪਿਆ ਬੈਠਨ ਲਗਿਆਂ (ਸ਼ਗਨ) ਲੈਂਦੀਆਂ ਸਨ, ਇਕ ਲੱਖ ਖਲੋਣ ਵੇਲੇ ਲੈਂਦੀਆਂ ਸਨ (ਭਾਵ ਨਿੱਕੀ ਨਿੱਕੀ ਗੱਲ 'ਤੇ ਸਿਰਵਾਰਨੇ ਕੀਤੇ ਜਾਂਦੇ ਸਨ); ਗਰੀਆਂ ਛੁਹਾਰੇ ਖਾਂਦੀਆਂ ਸਨ ਤੇ ਸੇਜਾਂ ਮਾਣਦੀਆਂ ਸਨ। (ਅੱਜ) ਉਹਨਾਂ ਦੇ ਗਲ (ਜਰਵਾਣਿਆਂ ਨੇ) ਰੱਸੀਆਂ ਪਾਈਆਂ ਹੋਈਆਂ ਹਨ ਤੇ (ਗਲ ਪਏ) ਮੋਤੀਆਂ ਦੇ ਹਾਰ ਟੁੱਟ ਟੁੱਟ ਪੈ ਰਹੇ ਹਨ।

ਧਨ ਤੇ ਜੋਬਨ ਦੋਵੇਂ ਹੀ (ਹੁਣ ਇਹਨਾਂ ਦੇ) ਵੈਰੀ ਹੋ ਗਏ ਹਨ, ਜਿਨ੍ਹਾਂ ਨੇ ਇਹਨਾਂ ਨੂੰ ਰੰਗ-ਰਲੀਆਂ ਵਲ ਲਾਈ ਰਖਿਆ। ਜਮਦੂਤਾਂ (ਭਾਵ ਸਿਪਾਹੀਆਂ) ਨੂੰ ਹੁਕਮ ਹੋਇਆ ਹੈ (ਕਿ ਇਹਨਾਂ ਨੂੰ) ਬੇਪੱਤ ਕਰਕੇ ਲੈ ਚੱਲੋ। (ਮਾਲਕ ਦਾ ਕੀ ਕਹਿਣਾ) ਜੇਕਰ ਉਸ ਨੂੰ ਭਾਂਵਦਾ ਹੈ ਤਾਂ ਵਡਿਆਈ ਦੇ ਦੇਂਦਾ ਹੈ, ਜੇ ਭਾਵੇ ਤਾਂ ਸਜ਼ਾ ਦੇ ਦੇਂਦਾ ਹੈ।

(ਪਠਾਣ) ਬਾਦਸ਼ਾਹਾਂ ਨੇ (ਪਰਜਾ-ਪਾਲਨ ਛੱਡ) ਰੰਗ-ਤਮਾਸ਼ਿਆਂ ਤੇ ਚਾਵਾਂ ਵਿਚ ਸੁਰਤ ਗੁਆ ਦਿੱਤੀ। (ਤੇ ਬਾਬਰ ਦੇ ਮੁਕਾਬਲੇ ਦੀ ਪਹਿਲਾਂ ਤਿਆਰੀ ਨਾ ਕੀਤੀ)। ਹੁਣ ਬਾਬਰ (ਦੀ ਸ਼ਹਿਨਸ਼ਾਹੀ ਦੀ) ਦੁਹਾਈ ਫਿਰ ਗਈ ਹੈ (ਜਿਸ ਦਾ ਅਜਿਹਾ ਡਰ ਬੈਠਾ ਹੈ) ਕਿ ਸ਼ਾਹਜ਼ਾਦੇ ਵੀ ਰੋਟੀ ਤੋਂ ਭੁੱਖੇ ਹਨ। ਜੇ ਪਹਿਲੋਂ ਤੋਂ (ਰੱਬ ਨੂੰ) ਯਾਦ ਰਖੀਏ ਤਾਂ (ਐਸੀ) ਸਜ਼ਾ ਕਿਉਂ ਮਿਲੇ?

ਇਕਨਾ (ਮੁਸਲਮਾਨੀਆਂ) ਦੇ (ਨਮਾਜ਼ਾਂ ਪੜ੍ਹਨ ਦੇ) ਵਕਤ ਖੁੰਝ ਗਏ ਹਨ; ਇਕਨਾ (ਹਿੰਦਵਾਣੀਆਂ) ਦੇ ਪੂਜਾ (ਦੇ ਸਮੇਂ ਬਿਰਥੇ) ਜਾ ਰਹੇ ਹਨ। ਹਿੰਦਵਾਣੀਆਂ ਨੇ ਇਸ਼ਨਾਨ ਵੀ ਨਹੀਂ ਕੀਤੇ ਹਨ, ਟਿੱਕੇ ਕਿਵੇਂ ਕੱਢਣ; ਤੇ ਚਉਕੇ ਬਿਨਾ (ਰੋਟੀ ਕਿਵੇਂ ਖਾਣ)? ਜਿਹਨਾਂ (ਐਸ਼ ਵਿਚ ਲੱਗੀਆਂ ਨੇ) ਕਦੇ ਰਾਮ ਵੀ ਨਹੀਂ ਸੀ ਕਿਹਾ (ਉਹ ਹੁਣ ਆਪਣੇ ਬਚਾਓ ਵਾਸਤੇ ਜੇ 'ਖ਼ੁਦਾ' ਵੀ ਕਹਿਣਾ ਚਾਹੁਣ ਤਾਂ ਉਹਨਾਂ ਨੂੰ) ਖ਼ੁਦਾ ਕਹਿਣਾ ਵੀ ਨਹੀਂ ਮਿਲਦਾ।

(ਕਤਲਾਮ ਤੋਂ ਬੱਚ ਰਹੇ ਲੋਕ ਜੋ) ਘਰਾਂ ਨੂੰ ਮੁੜੇ, (ਲੁਕੇ ਛਿਪੇ ਬੈਠੇ ਆਪਣਿਆਂ ਨੂੰ) ਮਿਲ ਮਿਲ ਕੇ ਉਹਨਾਂ ਦੀ ਸੁੱਖ (ਸਾਂਦ) ਪੁੱਛਦੇ ਹਨ। ਇਕਨਾ ਦਾ (ਜੋ ਲੁੱਟੇ ਪੁੱਟੇ ਗਏ ਜਾਂ ਜਿਨ੍ਹਾਂ ਦੇ ਲੋਕੀ ਮਾਰੇ ਗਏ, ਧੁਰੋਂ) ਏਹੋ ਲਿਖਿਆ ਸੀ (ਕਿ) ਬੈਠ ਬੈਠ ਕੇ ਦੁੱਖ-ਰੋਣੀਆਂ ਰੋਣ। (ਲੰਮੀ ਨਦਰ ਨਾਲ ਵੇਖੋ ਤਾਂ) ਓਹੋ ਵਰਤਦਾ ਹੈ ਜੋ ਉਸ (ਪ੍ਰਭੂ) ਨੂੰ ਭਾਉਂਦਾ ਹੈ, (ਵਰਨਾ) ਹੇ ਨਾਨਕ। ਮਨੁੱਖ ਵਿਚਾਰਾ ਕੀ (ਕਰਨ ਜੋਗਾ ਹੈ)?

• •





ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ ॥
[1]ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ ॥
ਸੁਖ ਦੁਖ ਸਮ ਕਰਿ[2] ਜਾਣੀਅਹਿ [3]ਸਬਦਿ ਭੇਦਿ ਸੁਖੁ ਹੋਇ ॥

*—ਸਿਰੀਰਾਗੁ ਮ: ੧ (57 : 12)*

[4]ਜਿਸੁ ਮਾਨੁਖ ਪਹਿ ਕਰਉ ਬੇਨਤੀ ਸੋ ਅਪਨੈ ਦੁਖਿ ਭਰਿਆ ॥
ਪਾਰਬ੍ਰਹਮੁ ਜਿਨਿ ਰਿਦੈ ਅਰਾਧਿਆ ਤਿਨਿ [5]ਭਉ ਸਾਗਰੁ ਤਰਿਆ ॥੧॥
ਗੁਰ ਹਰਿ ਬਿਨੁ ਕੋ ਨ ਬ੍ਰਿਥਾ[6] ਦੁਖੁ ਕਾਟੈ ॥
[7]ਪ੍ਰਭੁ ਤਜਿ ਅਵਰ ਸੇਵਕੁ ਜੇ ਹੋਈ ਹੈ ਤਿਤੁ ਮਾਨੁ ਮਹਤੁ ਜਸੁ ਘਾਟੈ ॥.....
ਫਿਰਤ ਫਿਰਤ ਤੁਮ੍ਰੇ ਦੁਆਰਿ ਆਇਆ ॥ [8]ਭੈ ਭੰਜਨ ਹਰਿ ਰਾਇਆ ॥
ਸਾਧ ਕੇ ਚਰਨ ਧੂਰਿ ਜਨੁ ਬਾਛੈ[9] ਸੁਖੁ ਨਾਨਕ ਇਹੁ ਪਾਇਆ ॥

*—ਗੂਜਰੀ ਮ: ੫ (497 : 2)*

ਦੁੱਖ ਤੇ ਸੁੱਖ,
ਲਾਜ ਤੇ ਨਿੰਦਿਆ,
ਧੁੱਪ ਤੇ ਬਰਖਾ,
ਸੋਗ ਤੇ ਹਰਖਾ,
ਦਿਨ ਤੇ ਰਾਤ,
ਸੰਝ-ਪਰਭਾਤ—
ਇਹ ਸਭ ਜੋੜੇ ਤੇਰੇ ਸਾਜੇ,
ਜਗ ਮੇਰੇ ਵਿਚ ਆਣ ਬਿਰਾਜੇ।
ਇਕ ਦੇ ਗੁਣ ਦੂਜਾ ਸਮਝਾਵੇ,
ਤੇਰੀ ਸਿਫ਼ਤ ਹਰੇਕ ਅਲਾਵੇ।

*—ਹਵਾਈ ਤੋਂ ਇਕ ਅਰਦਾਸ*



1. ਸੁੱਖਾਂ ਦੀ ਆਸ ਰੱਖਣ ਨਾਲ ਸਗੋਂ ਵਧੇਰਾ ਦੁੱਖ ਹੋਂਦਾ ਹੈ। 2. ਇਕੋ ਜਿਹਾ। 3. ਸ਼ਬਦ ਵਿਚ ਵਿੰਨ੍ਹਿਆ ਜਾ ਕੇ। 4. ਜਿਸ ਕਿਸੇ ਮਨੁੱਖ ਪਾਸ ਆਪਣਾ ਦੁੱਖ ਫੋਲਦਾ ਹਾਂ, ਉਹ ਅੱਗੋ ਹੀ ਦੁੱਖ ਨਾਲ ਭਰਿਆ ਨਿਕਲਦਾ ਹੈ। 5. ਦੁੱਖ ਦਾ ਸਮੁੰਦਰ। 6. ਪੀੜਾ। 7. ਵਾਹਿਗੁਰੂ ਨੂੰ ਛੱਡ ਕੇ ਜੇ ਹੋਰ ਕਿਸੇ ਦੇ ਸੇਵਕ ਬਣੀਏ ਤਾਂ ਇਸ ਨਾਲ ਇੱਜ਼ਤ, ਵਡਿਆਈ ਅਤੇ ਸੋਭਾ ਘਟਦੀ ਹੈ। 8. ਭੈ ਦੂਰ ਕਰਨ ਵਾਲੇ ਹਰੀ ਰਾਜਾ। 9. ਮੰਗਦਾ ਹੈ।

ਵਸਤਾਂ ਵਚੋਂ ਸੁੱਖ ਚੁਗਣਾ ਬੇਕਾਰ ਨਹੀਂ।
ਪਰ ਉਸ ਦੀ ਮਾਤਹਿਤੀ ਮੇਰੇ ਵਾਰ ਨਹੀਂ।
ਮਾਲਕ, ਭਾਵੇਂ ਕਿਤਨਾ ਸੁੱਖ ਵਿਖਾ ਮੈਨੂੰ,
ਉਸ ਦਾ, ਐਪਰ, ਬੰਦੀ ਨਹੀਂ ਬਣਾ ਮੈਨੂੰ।

*—ਟਾਮਸ ਕਾਰਲਾਈਲ 'ਤੇ ਆਧਾਰਿਤ*

ਸੁੱਖ ਤੇ ਦੁੱਖ ਦੀ ਇਕ ਸ਼ਕਲ ਹੈ, ਇਕੋ ਜਿਹਾ ਨੱਜ਼ਾਰਾ,
ਫੁੱਲ ਦਾ ਦਿਲ ਖਿਲਿਆ ਕਿ ਪਾਟਾ, ਕਿਹੜਾ ਆਖਣਹਾਰਾ ?

*—ਖ਼੍ਵਾਜਾ ਮੀਰ ਦਰਦ ਦੇ ਆਧਾਰ 'ਤੇ*

ਰੱਬਾ ਜੀ, ਕਲ ਹੜ੍ਹ ਚੜ੍ਹ ਆਇਆ ਅੱਧੀ ਰਾਤੀ।
ਗਿੱਟੇ ਗਿੱਟੇ, ਗੋਡੇ ਗੋਡੇ, ਛਾਤੀ ਛਾਤੀ......।

ਪਹਿਲਾਂ ਚੁਪ-ਕੀਤੇ ਚੋਰਾਂ ਦੇ ਵਾਕਰ ਵੜਿਆ ਉਹ,
ਮਗਰੋਂ, ਸ਼ੋਰ ਮਚਾਂਦਾ, ਘਰ ਘਰ ਚੜ੍ਹਿਆ ਉਹ।
ਕੋਈ ਨਹੀਂ ਸੀ ਕਿਧਰੇ ਉਸ ਨੂੰ ਰੋਕਣਹਾਰਾ।
ਸਭ ਕੁਝ ਰੋੜ੍ਹ ਲਿਜਾਂਦਾ ਜਿਤ ਵਲ ਕਰਦਾ ਧਾੜਾ।
ਨਫ਼ਰ ਅਨੇਕਾਂ ਰੋੜ੍ਹ ਲੈ ਗਿਆ ਸੁੱਤੇ ਸੁੱਤੇ।
ਸੱਖਣੇ ਮੰਜੇ ਤਰ ਪਏ ਚੜ੍ਹੇ ਪਾਣੀਆਂ ਉੱਤੇ।
ਵਿਣ ਆਈ ਡੁੱਬ ਮਰ ਗਏ ਕੇਤੇ ਪਾਣੀ ਮਾਹੀਂ,
ਰੱਬਾ ਜੀ, ਤੂੰ ਬਖ਼ਸ਼ ਲਈਂ ਉਨ ਸਭਨਾਂ ਤਾਈਂ।
ਰੁੜ੍ਹ ਗਏ ਕੋ ਜਗਰਾਤਾ ਕੱਟਦੇ, ਕਾਰ ਕਮਾਂਦੇ,
ਰੁੜ੍ਹਦੇ ਗਏ ਵਿਚਾਰੇ ਹਾਲ ਦੁਹਾਈਆਂ ਪਾਂਦੇ।
ਹੁਣ ਤਕ ਰੁੜ੍ਹਦੇ ਪਏ ਜੋ, ਉਹਨਾਂ ਬੰਨੇ ਲਾ ਦੇ,
ਮਰਨ ਪਏ ਭੈ ਭੀਤ ਉਨ੍ਹਾਂ ਦੀ ਧੀਰ ਬੰਨ੍ਹਾ ਦੇ।
ਜੋ ਬਚ ਰਹੇ, ਸੋ ਬਚਿਆ ਮਾਲ ਸੰਭਾਲ ਰਹੇ।
ਇਸ ਅਪਦਾ ਵਿਚ ਤੇਰਾ ਨਾਮ ਸਮਾਲ ਰਹੇ।
ਦੁੱਖ ਵਿਚ ਹੋ ਗਏ ਇਕ ਦੂਜੇ ਦੇ ਨੇੜੇ ਨੀ।
ਆਪਣੇ ਸਗਲ ਤਫ਼ਰਕੇ ਉਨ੍ਹਾਂ ਨਿਬੇੜੇ ਨੀ।

ਅੱਜ ਕਠੋਰਾਂ ਦੇ ਵੀ ਦਿਲ ਨਰਮਾਏ ਨੀ।
ਬਿਪਤਾ ਨੇ ਸਭਨਾਂ ਦੇ ਭਰਮ ਚੁਕਾਏ ਨੀ।
ਹਿੰਮਤ ਵਾਲੀਆਂ ਹੋ ਗਈਆਂ ਮੁਟਿਆਰਾਂ ਵੀ,
ਘੜਿਆਂ ਉਤੇ ਠਿਲ੍ਹ ਖਲੋਤੀਆਂ ਨਾਰਾਂ ਵੀ।
ਨੌਜਵਾਨ ਵੀ ਹੋ ਗਏ ਰਤਾ ਵਡੇਰੇ ਨੀ।
ਸਭਨਾਂ ਦੇ ਭਰਵਾਸੇ ਹੋਏ ਪਕੇਰੇ ਨੀ।
ਭੇਦ ਭਾਵ ਉਹ ਸਗਲ ਮਿਟਾਈ ਖਲੋਤੇ ਨੀ।
ਹੱਥ ਜੋੜ, ਗਲ ਪੱਲਾ ਪਾਈ, ਖਲੋਤੇ ਨੀ।
ਵੇਖ ਵੇਖ ਹੜ੍ਹ ਚੜ੍ਹਦਾ ਪਿਆ ਚੁਗਿਰਦੇ ਨੀ,
ਤੁੱਧ ਅੱਗੇ ਅਰਦਾਸਾਂ ਕਰਦੇ ਫਿਰਦੇ ਨੀ।
ਰੋ ਰੋ ਕੇ ਅਰਜ਼ੋਈਆਂ ਪਏ ਅਲਾਂਦੇ ਨੀ,
ਨਾਮ ਤੇਰੇ ਦਾ ਪਏ ਵਾਸਤਾ ਪਾਂਦੇ ਨੀ।
ਤੈਨੂੰ ਪਏ ਪੁਕਾਰਨ, ਆਖਣ: "ਆ ਜਾ ਤੂੰ,
ਹੜ੍ਹ ਵਾਂਗਣ ਬਿਨ ਰਸਤਾ ਭਾਲੇ, ਆ ਜਾ ਤੂੰ!
ਕ੍ਰੋਧਵਾਨ ਛੱਲਾਂ ਅੰਦਰ ਸ਼ਾਂਤੀ ਵਰਤਾ।
ਪਉਣ ਸ਼ੂਕਦੀ ਨੂੰ ਵੀ ਆ ਕੇ ਚੁੱਪ ਕਰਾ।"

*—ਸੋਮਾਲੀਆ ਦੇ ਹੜ੍ਹ-ਪੀੜਤਾਂ ਦੀ ਪੁਕਾਰ*



ਰੱਬਾ, ਦੁਨੀਆ ਕੈਸੀ ਆਪਾਂ
ਬੱਚਿਆਂ ਖ਼ਾਤਰ ਛੋੜ ਚਲੇ?
ਲੋਥਾਂ ਨਗਨ ਬਜ਼ਾਰੀਂ ਛਡ ਕੇ,
ਲ਼ਹੂ ਚੁਵੱਲੀਂ ਰੋੜ੍ਹ ਚਲੇ!
ਥਾਂ ਥਾਂ ਜੰਗਾਂ ਲਗੀਆਂ ਹੋਈਆਂ,
ਜਿੰਦਾਂ ਤਨ ਅੰਦਰ ਅੱਧਮੋਈਆਂ।
ਐਪਰ ਕਹਿਨ ਕਿ ਜੁਗ ਸ਼ਾਂਤੀ ਦਾ,
ਸਗਲ ਦੁਨੀ ਵਿਚ ਵਰਤ ਰਿਹਾ।



ਤੂੰ ਹੀ ਬਹੁੜੀ ਕਰ ਹੁਣ ਆ ਕੇ,
ਦੂਜੀ ਅਸਾਂ ਕੋਈ ਦੁਨੀਆ ਦੇ,
ਜਿਸ ਵਿਚ ਅਮਨ-ਸ਼ਾਂਤੀ ਵਰਤੇ,
ਜਿਸ ਵਿਚ ਖ਼ੁਸ਼ੀ ਚੁਪਾਸੀਂ ਚਹਿਕੇ,
ਉਜਲਾ ਕਰਨ ਭਵਿੱਖਤ ਜਗ ਦਾ,
ਜਿਸ ਵਿਚ ਸਗਲੇ ਮਿੱਤਰ ਰਲ ਕੇ।

ਘੜ ਕੋਈ ਐਸੀ ਦੁਨੀਆ ਜਿਸ ਵਿਚ
ਹੋਣ ਨਹੀਂ ਕੋਈ ਜਰਵਾਣੇ—
ਕਰਨ ਨ ਜੋ ਤੇਰੀ ਦੁਨੀਆ ਨੂੰ,
ਏਸ ਤਰ੍ਹਾਂ ਬਰਬਾਦ ਧਿੰਙਾਣੇ।

*—ਲਾਇਬੇਰੀਆ ਤੋਂ ਇਕ ਅਰਦਾਸ*

ਕੰਮ ਮੁਕਾਵਾਂ ਤਾਂ ਸੁੱਖ ਪਾਵਾਂ,
ਸੁੱਖ ਬਿਨਸੇ ਪਛਤਾਵਾਂ ਮੈਂ;
ਉਮਰਾ ਜੋਗਾ ਕੰਮ ਬਖ਼ਸ਼ ਦੇ
ਸੁਆਸਾਂ ਨਾਲ ਨਿਭਾਵਾਂ ਮੈਂ।

*—ਬਲਤਾਸਰ ਗ੍ਰਾਸੀਆ 'ਤੇ ਆਧਾਰਿਤ*

ਮੇਰੇ ਸੁੱਖਾਂ ਤਾਈਂ ਹੁਕਮ ਦੇ
ਪਾਪ-ਰਹਿਤ ਹੋ ਜਾਵਣ।
ਮੇਰੇ ਦੁੱਖਾਂ ਨੂੰ ਸਮਝਾ ਦੇ
ਹਿੰਮਤ ਨਾਹਿ ਡੁਲਾਵਣ।

ਖ਼ੁਸ਼ੀਆਂ ਮੈਨੂੰ ਬਖ਼ਸ਼, ਆਪਣੇ
ਫ਼ਰਜ਼ ਨਿਭਾਵਣ ਸੰਦੀਆਂ।
ਤੜਪਾਂ ਮੈਨੂੰ ਬਖ਼ਸ਼, ਕਿਸੇ ਦੇ
ਦੁੱਖ ਵੰਡਾਵਣ ਸੰਦੀਆਂ।

ਸੁੱਖ ਆਪਣਾ ਲੋੜਾਂ, ਸੁੱਖ
ਹੋਰਾਂ ਦਾ ਵਿਗਸਾ ਕੇ,
ਦੁੱਖ ਘਟਾਵਾਂ ਆਪਣਾ, ਸਭ
ਦੇ ਦਰਦ ਘਟਾ ਕੇ।

*—ਜ.ਸ.ਨ.*

ਹਰ ਮਾਯੂਸੀ ਵਿਚ ਨਿਹਿਤ ਹੈ
ਮੌਕਾ ਸਬਰ ਕਰਨ ਦਾ।
ਹਰ ਪਰਾਪਤੀ ਥਾਣੀਂ ਝਾਕੇ
ਅਉਸਰ ਸ਼ੁਕਰ ਕਰਨ ਦਾ।
ਹਰ ਪੀੜਾ ਦੇ ਅੰਦਰ ਬੈਠੀ
ਸ਼ਕਤੀ ਦਰਦ ਜਰਨ ਦੀ।
ਹਰ ਨਿੰਦਿਆਂ ਦੇ ਉਹਲੇ ਵਰਤੇ
ਤਾਕਤ ਸਹਿ ਗੁਜ਼ਰਨ ਦੀ।
ਹਰ ਖ਼ਤਰੇ 'ਚੋਂ ਜੁਰਅਤ ਉਪਜੇ,
ਹਰ ਜੋਖਮ 'ਚੋਂ ਹਿੰਮਤ,
ਹਰ ਅਸਫਲਤਾ ਵਿਚੋਂ ਉਮਡੇ
ਸਿਰੜ-ਸਵਾਰਿਆ ਸਾਹਸ।
ਹਰ ਬੇਕਦਰੀ ਵਿਚੋਂ ਲਹੀਏ
ਨੀਅਤ ਕਦਰ ਕਰਨ ਦੀ।
ਹਰ ਪਰਸੰਸਾ ਵੇਲੇ ਮੰਗੀਏ
ਬਖ਼ਸ਼ਿਸ਼ ਰੂਹ ਨਮਰ ਦੀ।



*—ਅਨਾਮ*

ਇਸ ਜਗ ਸੁਖੀਆ ਕੋਇ ਨ ਡਿੱਠਾ, ਜੋ ਡਿੱਠਾ ਸੋ ਦੁਖੀਆ ਹੋ।
ਰਾਜਾ, ਪਰਜਾ, ਰੰਕ, ਧਨੀ ਨਰ, ਕੀ ਨਾਇਕ ਕੀ ਮੁਖੀਆ ਹੋ।

ਥੋੜਾ ਘਣਾ ਤਾਂ ਹਰ ਕੋ ਦੁਖੀਆ, ਕੀ ਗਿਰਹੀ ਕੀ ਤਿਆਗੀ ਹੋ,
ਨਾ ਕੋ ਸੁਖੀ ਕੁਟੰਬੀ ਏਥੇ, ਨਾ ਕੋ ਸੁਖੀ ਵਿਰਾਗੀ ਹੋ।







ਜੋਗੀ ਦੁਖੀਆ, ਜੰਗਮ ਦੁਖੀਆ, ਤਪਸੀ ਦਾ ਦੁਖ ਦੂਣਾ ਹੋ,
ਆਸ਼ਾ ਤ੍ਰਿਸ਼ਨਾ ਸਭਸ ਵਿਆਪੀ, ਕੋਇ ਸਰੀਰ ਨ ਊਣਾ ਹੋ।

ਸੱਚ ਆਖਾਂ ਤਾਂ ਕੋਇ ਨ ਮੰਨੇ, ਕੂੜ ਨ ਜਾਇ ਅਲਾਇਆ ਹੋ,
ਬ੍ਰਹਮਾ, ਵਿਸ਼ਨ, ਮਹੇਸ਼ਰ ਦੁਖੀਏ, ਜਿਨ ਇਹ ਜਗਤ ਚਲਾਇਆ ਹੋ।

ਅਉਧੂ ਦੁਖੀਆ, ਰਾਜਾ ਦੁਖੀਆ, ਦੁਖੀਆ ਰੰਕ ਅਮਿਤਿਆਂ ਹੋ,
ਕਹੇ ਕਬੀਰ ਸੁਣੋ ਭਾਈ ਸਾਧੋ, ਸੁਖ ਕੇਵਲ ਦਿਲ ਜਿੱਤਿਆਂ ਹੋ।

*—ਭਗਤ ਕਬੀਰ*

# ਮਾਂਗਉ ਰਾਮ ਤੇ ਸਭਿ ਥੋਕ



ਮਾਂਗਉ ਰਾਮ ਤੇ ਸਭਿ ਥੋਕ ॥
ਮਾਨੁਖ ਕਉ ਜਾਚਤ ਸ੍ਰਮੁ ਪਾਈਐ, ਪ੍ਰਭ ਕੈ ਸਿਮਰਨਿ ਮੋਖ ॥
*— ਧਨਾਸਰੀ ਮ: ੫ (682:15)*

ਰੱਬ ਦੀਆਂ ਦਾਤਾਂ ਮਨੁੱਖ ਦੇ ਉੱਚਿਓਂ ਉੱਚੇ
ਸੁਪਨਿਆਂ ਨੂੰ ਸ਼ਰਮਸਾਰ
ਕਰ ਜਾਂਦੀਆਂ ਹਨ।

*—ਐਲਿਜ਼ੈਬਿਥ ਬੈਰਿਟ ਬਰਾਊਨਿੰਗ*





## 18

# ਮਾਂਗਉ ਰਾਮ ਤੇ ਸਭਿ ਥੋਕ

ਸਾਡੀਆਂ ਅਰਦਾਸਾਂ ਆਮ ਤੌਰ 'ਤੇ ਸੰਸਾਰਕ ਲੋੜਾਂ ਥੁੜਾਂ ਲਈ ਅਰਜ਼ਾਂ-ਅਰਜ਼ੋਈਆਂ ਨਾਲ ਹੀ ਸਮਾਪਤ ਹੋ ਜਾਂਦੀਆਂ ਹਨ। ਜਿਹੜੇ ਲੋਕ ਅਜੇ ਅਰਦਾਸ ਦੇ ਆਤਮਕ ਮੰਡਲਾਂ ਦੇ ਅਭਿਆਸੀ ਨਹੀਂ ਹੋਏ ਉਹ ਤਾਂ ਬੱਸ ਆਪਣੀਆਂ ਲੋੜਾਂ, ਇੱਛਾਵਾਂ, ਆਸਾਂ, ਇਰਾਦਿਆਂ ਨੂੰ ਹੀ ਲੈ ਕੇ ਰੱਬ ਤੋਂ ਉਹਨਾਂ ਦੀ ਪੂਰਤੀ ਮੰਗਣ ਹੀ ਆਉਂਦੇ ਹਨ। ਇਹ ਨਹੀਂ, ਕਿ ਮੰਗਣਾ ਬਣਦਾ ਨਹੀਂ ?—ਆਪਣੇ ਪਰਮ ਪਿਤਾ ਪਾਸੋਂ ਨਹੀਂ ਮੰਗਾਂਗੇ ਤਾਂ ਹੋਰ ਕਿਸ ਪਾਸੋਂ ਮੰਗਾਂਗੇ ? ਮੰਗਣ ਦੀਆਂ ਅਰਦਾਸਾਂ ਉਤਨੀਆਂ ਹੀ ਸਰਬ-ਵਿਆਪਕ ਹਨ, ਜਿਤਨੀਆਂ ਮਨੁੱਖ ਦੀਆਂ ਲੋੜਾਂ। ਅਸੀਂ ਰੱਬ ਪਾਸੋਂ ਅੰਨ ਮੰਗਦੇ ਹਾਂ, ਜਲ ਮੰਗਦੇ ਹਾਂ, ਬਰਖਾ ਮੰਗਦੇ ਹਾਂ, ਦੁੱਧ-ਦਹੀਂ ਮੰਗਦੇ ਹਾਂ, ਧੀਆਂ-ਪੁੱਤ ਮੰਗਦੇ ਹਾਂ ਤੇ ਉਹਨਾਂ ਲਈ ਸੁਰੱਖਿਆ ਮੰਗਦੇ ਹਾਂ। ਇਹੋ ਜਹੀਆਂ ਲੋੜਾਂ ਸਾਡੀਆਂ ਬੁਨੀਆਦੀ ਲੋੜਾਂ ਹਨ। ਇਹਨਾਂ ਤੋਂ ਉਪਰ ਉਠਦੇ ਹਾਂ ਤਾਂ ਹੋਰ ਦੁਨੀਆਵੀ ਜ਼ਰੂਰਤਾਂ ਅਰਦਾਸ ਵੇਲੇ ਸਾਨੂੰ ਆ ਘੇਰਦੀਆਂ ਹਨ : ਕੰਮ-ਕਾਰ ਦੀਆਂ, ਧਨ-ਮਾਲ ਦੀਆਂ, ਐਸ਼-ਇਸ਼ਰਤ ਦੀਆਂ। ਮੰਗਦੇ ਵੀ ਥੋਕ ਹਾਂ। ਜਦ ਦੇਵਣਹਾਰਾ ਬੇਅੰਤ ਖ਼ਜ਼ਾਨਿਆਂ ਦਾ ਮਾਲਿਕ ਵੀ ਹੋਵੇ ਤੇ ਦਿਲ ਦਾ ਸਖ਼ੀ ਵੀ ਤਾਂ ਅਸੀਂ ਮੰਗਣ ਲਗਿਆਂ ਸ਼ੂਮ ਕਿਉਂ ਬਣੀਏ ?

ਛੇਤੀ ਹੀ, ਪਰ, ਜਾਚਕ ਨੂੰ ਗਿਆਨ ਹੋਣ ਲਗਦਾ ਹੈ ਕਿ ਬਹੁਤੀਆਂ ਦਾਤਾਂ ਤਾਂ ਰੱਬ ਸਾਡੇ ਮੰਗਣੋਂ ਅਗਾਊਂ ਹੀ ਸਾਨੂੰ ਦੇਈ ਜਾਂਦਾ ਹੈ। ਤਦ ਉਹ ਆਪਣੀਆਂ ਹੋਰ ਚਿੰਤਾਵਾਂ, ਦੁੱਖੜਿਆਂ, ਮੁਸ਼ਕਲਾਂ ਤੇ ਸਮੱਸਿਆਵਾਂ ਬਾਰੇ ਉਸ ਪਾਸੋਂ ਸਹਾਇਤਾ ਮੰਗਣ ਲਗਦਾ ਹੈ।

ਇਹ ਸੱਚ ਹੈ ਕਿ ਬਹੁਤ ਕਰ ਅਸੀਂ ਅਰਦਾਸਾਂ ਵਿਚ ਲੋੜਾਂ ਥੁੜਾਂ ਹੀ ਮੰਗਦੇ ਜਾਂ ਦੁੱਖਾਂ ਮੁਸੀਬਤਾਂ ਦੇ ਦੁੱਖੜੇ ਹੀ ਰੋਂਦੇ ਰਹਿੰਦੇ ਹਾਂ। ਪਰ ਜੇਕਰ ਇਸੇ ਪੱਧਰ 'ਤੇ ਬੈਠੇ ਰਹਾਂਗੇ ਤਾਂ ਦੁਨੀਆ ਤੇ ਦੁਨੀਆਦਾਰੀ ਨਾਲ ਹੀ ਜੁੜੇ ਰਹਾਂਗੇ; ਅੱਗੇ ਕਦੋਂ ਵਧਾਂਗੇ ? ਅਰਦਾਸ ਤਾਂ ਦਰ ਅਸਲ ਰੱਬ ਨਾਲ ਜੁੜਨ ਦਾ ਵਸੀਲਾ ਹੈ। ਮੰਗਾਂ ਮੰਗਣ ਲਗਿਆਂ ਜੇਕਰ ਇਸ ਨੀਅਤ ਨਾਲ ਆਪਣੀ ਅਰਦਾਸ ਆਰੰਭਦੇ ਹਾਂ ਕਿ ਇਸ ਬਹਾਨੇ ਦਾਤਾਰ ਪਿਤਾ ਨਾਲ ਗੱਲ-ਬਾਤ ਦਾ ਅਉਸਰ ਹੀ

ਜੁੜੇਗਾ ਤਾਂ ਇਹ ਅਉਸਰ ਅਵੱਸ਼ ਬਣ ਜਾਵੇਗਾ। ਪਰ ਜੇ ਮੰਗਣ ਵੇਲੇ ਕੇਵਲ ਮੰਗੀਆਂ ਦਾਤਾਂ ਨਾਲ ਹੀ ਜੁੜੇ ਰਹਾਂਗੇ ਤਾਂ ਅਰਦਾਸ ਦੇ ਅਸਲ ਮੰਤਵ ਤੋਂ ਖੁੰਝ ਜਾਵਾਂਗੇ। ਲਾਜ਼ਮ ਤਾਂ ਇਹ ਹੈ ਕਿ ਅਸੀਂ ਅਰਦਾਸਾਂ ਨੂੰ ਦੁਨੀਆਵੀ ਲੋੜਾਂ, ਆਸਾਂ, ਗ਼ਰਜ਼ਾਂ, ਮਨਸੂਬਿਆਂ ਨਾਲ ਜੁੜਨ ਦਾ ਅਉਸਰ ਨਾ ਬਣਾਈਏ। ਰੱਬ ਪਾਸ ਇਸ ਨੀਅਤ ਨਾਲ ਨਾ ਆਈਏ ਕਿ ਉਸ ਨੂੰ ਆਪਣੇ ਇਰਾਦਿਆਂ ਦਾ ਹੱਥ-ਠੋਕਾ ਬਣਾਉਣਾ ਹੈ। ਸਗੋਂ ਉਸ ਪਾਸ ਆਤਮਕ ਉੱਨਤੀ ਦੇ ਵਰਦਾਨ ਲੈਣ ਆਵੀਏ। ਜੇਕਰ ਨਿਗੂਣੀਆਂ ਸੰਸਾਰਕ ਲੋੜਾਂ ਤੋਂ ਉਪਰ ਉੱਠਾਂਗੇ ਤਾਂ ਹੀ ਤਾਂ ਉਚੇਰੀਆਂ ਆਤਮਕ ਜ਼ਰੂਰਤਾਂ ਵਲ ਰੁਚਿਤ ਹੋ ਸਕਾਂਗੇ।

ਸੰਸਾਰਕ ਲੋੜਾਂ ਦਾ ਤਾਂ ਕੋਈ ਓੜਕ ਨਹੀਂ; ਇਕ ਲੋੜ ਪੂਰੀ ਹੋਵੇਗੀ ਤਾਂ ਇਕ ਹੋਰ ਉੱਠ ਖੜੋਵੇਗੀ। ਜੇਕਰ ਅਸਾਂ ਇਹਨਾਂ ਤੋਂ ਅੱਗੇ ਤੁਰਨਾ ਹੈ ਤਾਂ ਆਪਣੀਆਂ ਲੋੜਾਂ ਘਟਾਣੀਆਂ ਵੀ ਪੈਣਗੀਆਂ ਤੇ ਫ਼ਾਲਤੂ ਲੋੜਾਂ ਨੂੰ ਨਜ਼ਰ-ਅੰਦਾਜ਼ ਵੀ ਕਰਨਾ ਪਵੇਗਾ। ਨਹੀਂ ਤਾਂ ਅਸੀਂ ਮੁੱਢਲੇ ਪੱਧਰ ਤੋਂ ਅੱਗੇ ਕਿਵੇਂ ਤੁਰਾਂਗੇ? ਫਿਰ ਵੀ ਕਈ ਬੁਨੀਆਦੀ ਲੋੜਾਂ ਤਾਂ ਜੀਊਣ ਲਈ ਵੀ ਲਾਜ਼ਮੀ ਹਨ। ਇਹ ਲੋੜਾਂ ਮੰਗਣ ਵਲੋਂ ਤਾਂ ਭਗਤ ਵੀ ਪਿੱਛੇ ਨਹੀਂ ਰਹੇ। ਧੰਨਾ ਭਗਤ ਜੀ ਕਹਿੰਦੇ ਹਨ:

**ਗੋਪਾਲ ਤੇਰਾ ਆਰਤਾ॥**
**ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥੧॥ਰਹਾਉ॥**
**ਦਾਲਿ ਸੀਧਾ ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ॥**
**ਪਨੀਆ ਛਾਦਨੁ ਨੀਕਾ॥ ਅਨਾਜੁ ਮਗਉ ਸਤ ਸੀ ਕਾ॥੧॥**
**ਗਊ ਭੈਸ ਮਗਉ ਲਾਵੇਰੀ॥ ਇਕ ਤਾਜਨਿ ਤੁਰੀ ਚੰਗੇਰੀ॥**
**ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥੨॥**[1]

ਭੁੱਖਿਆਂ ਪਾਸੋਂ ਤਾਂ ਭਗਤੀ ਵੀ ਨਹੀਂ ਹੋਂਦੀ। ਭਗਤ ਕਬੀਰ ਜੀ ਵੀ ਕਹਿੰਦੇ ਹਨ:

**ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥**[2]

ਸੋ, ਆਓ, ਉਹਨਾਂ ਅਰਦਾਸਾਂ ਵਿਚ ਸ਼ਾਮਿਲ ਹੋਈਏ ਜੋ ਹਰ ਪ੍ਰਕਾਰ ਦੀਆਂ ਲੋੜਾਂ ਵਾਸਤੇ ਕੀਤੀਆਂ ਗਈਆਂ—ਬੁਨੀਆਦੀ ਲੋੜਾਂ ਲਈ ਵੀ, ਤੇ ਉਚੇਰੀਆਂ ਆਤਮਕ ਲੋੜਾਂ ਲਈ ਵੀ।

---

1. ਧਨਾਸਰੀ ਧੰਨਾ (695 : 16)
2. ਸੋਰਠਿ ਕਬੀਰ (656 : 13)

ਰੱਬ ਪਾਸੋਂ ਸੁਖਾਲਾ ਜੀਵਨ ਨਾ ਮੰਗੋ, ਤਕੜੇਰੇ ਇਨਸਾਨ ਬਣ ਸਕਣ ਦੀ ਯਾਚਨਾ ਕਰੋ। *—ਸਪਰਜਨ*

• •

**ਚਤੁਰ ਦਿਸਾ ਕੀਨੋ ਬਲੁ ਅਪਨਾ**
**ਸਿਰ ਊਪਰਿ ਕਰੁ ਧਾਰਿਓ॥**
**ਕ੍ਰਿਪਾ ਕਟਾਖ੍ ਅਵਲੋਕਨੁ ਕੀਨੋ**
**ਦਾਸ ਕਾ ਦੂਖੁ ਬਿਦਾਰਿਓ॥੧॥**
**ਹਰਿ ਜਨ ਰਾਖੇ ਗੁਰ ਗੋਵਿੰਦ॥**
**ਕੰਠਿ ਲਾਇ ਅਵਗੁਣ ਸਭਿ ਮੇਟੇ**
**ਦਇਆਲ ਪੁਰਖ ਬਖਸੰਦ॥ਰਹਾਉ॥**
**ਜੋ ਮਾਗਹਿ ਠਾਕੁਰ ਅਪੁਨੇ ਤੇ**
**ਸੋਈ ਸੋਈ ਦੇਵੈ॥**
**ਨਾਨਕ ਦਾਸੁ ਮੁਖ ਤੇ ਜੋ ਬੋਲੈ**
**ਈਹਾ ਊਹਾ ਸਚੁ ਹੋਵੈ॥੨॥** *—ਧਨਾਸਰੀ ਮ: ੫ (681 : 16)*

ਚਾਰੇ ਪਾਸੇ (ਭਾਵ ਸਭ ਥਾਂ, ਹਰੀ ਨੇ) ਆਪਣੀ ਸ਼ਕਤੀ ਵਿਖਾਈ ਤੇ ਸਾਡੇ ਸਿਰ ਉਤੇ (ਆਪਣੀ ਮਿਹਰ ਦਾ) ਹੱਥ ਰਖਿਆ। ਕਿਰਪਾ ਦੀ ਨਜ਼ਰ ਨਾਲ ਨਿਗਾਹ ਕੀਤੀ ਤੇ ਦਾਸ ਦਾ ਦੁੱਖ ਦੂਰ ਕਰ ਦਿੱਤਾ। ਪ੍ਰਿਥਵੀ ਦੇ ਮਾਲਕ ਨੇ ਆਪਣੇ ਜਨ ਨੂੰ ਬਚਾ ਲਿਆ। ਉਸ ਬਖ਼ਸ਼ਣਹਾਰੇ ਦਇਆਲ ਪੁਰਖ ਨੇ (ਆਪਣੇ ਜਨ ਦੇ) ਸਾਰੇ ਅਵਗੁਣ ਮਿਟਾ ਕੇ ਉਸ ਨੂੰ (ਆਪਣੇ) ਗਲ ਨਾਲ ਲਾ ਲਿਆ। (ਮੇਰਾ ਮਾਲਕ ਐਸਾ ਹੈ), ਜੋ ਕੁਝ ਵੀ (ਉਸ) ਮਾਲਕ ਪਾਸੋਂ ਮੰਗੀਏ, ਸੋਈ ਸੋਈ ਦੇ ਦੇਂਦਾ ਹੈ। (ਹਰੀ ਦਾ ਦਾਸ) ਜੋ ਕੁਝ ਵੀ ਮੂੰਹੋਂ ਬੋਲਦਾ ਹੈ ਉਹ ਲੋਕ ਪਰਲੋਕ (ਦੋਹਾਂ ਜਹਾਨਾਂ) ਵਿਚ ਸੱਚ ਹੋਂਦਾ ਹੈ।

• •

**[1]ਚਿਤਵਉ ਚਿਤਵਿ ਸਰਬ ਸੁਖ ਪਾਵਉ ਆਗੈ ਭਾਵਉ ਕਿ ਨ ਭਾਵਉ॥**
**ਏਕੁ ਦਾਤਾਰੁ ਸਗਲ ਹੈ ਜਾਚਿਕ[2] ਦੂਸਰ ਕੈ ਪਹਿ ਜਾਵਉ॥੧॥**
**[3]ਹਉ ਮਾਗਉ ਆਨ ਲਜਾਵਉ॥**
**ਸਗਲ ਛਤ੍ਰਪਤਿ[4] ਏਕੋ ਠਾਕੁਰੁ ਕਉਨੁ ਸਮਸਰਿ[5] ਲਾਵਉ॥੧॥ਰਹਾਉ॥**
*—ਆਸਾ ਮ: ੫ (401 : 7)*

1. ਮੈਂ ਉਸ ਨੂੰ ਯਾਦ ਕਰਦਾ ਹਾਂ ਤਾਂ ਜੁ ਯਾਦ ਕਰ ਕੇ ਸਾਰੇ ਸੁਖ ਪਾਵਾਂ ਪਰ ਪਤਾ ਨਹੀਂ ਅੱਗੇ ਮੈਂ ਵਾਹਿਗੁਰੂ ਨੂੰ ਭਾਵਾਂ ਵੀ ਕਿ ਨਹੀਂ ? 2. ਮੰਗਣਹਾਰ। 3. ਮੈਂ ਕਿਸੇ ਦੂਜੇ ਪਾਸੋਂ ਮੰਗਦਾ ਹਾਂ ਤਾਂ ਸ਼ਰਮ ਆਉਂਦੀ ਹੈ। 4. ਰਾਜਾ। 5. ਬਰਾਬਰ।

ਮਾਂਗਉ ਰਾਮ ਤੇ ਇਕੁ ਦਾਨੁ ॥
[1]ਸਗਲ ਮਨੋਰਥ ਪੂਰਨ ਹੋਵਹਿ ਸਿਮਰਉ ਤੁਮਰਾ ਨਾਮੁ ॥

*—ਧਨਾਸਰੀ ਮ: ੫ (682 : 12)*

ਰੱਬਾ, ਰੱਬਾ, ਮੀਂਹ ਵਸਾ
ਸਾਡੀ ਕੋਠੀ ਦਾਣੇ ਪਾ।

*—ਇਕ ਪੰਜਾਬੀ ਲੋਕ-ਪ੍ਰਾਰਥਨਾ*

ਹੇ ਰੱਬਾ, ਅਸਮਾਨੋਂ ਆਪਣੀ ਮਿਹਰ ਵਸਾ,
ਸਾਡੇ ਸਜਨਾਂ ਬੀਂ ਪਾਏ ਨੀ, ਮੀਂਹ ਵਰਸਾ।

*—ਇਕ ਪਸ਼ਤੋ ਲੋਕ-ਦੁਆ*

ਰੱਬਾ ਮਿਹਰ ਪਾਈਂ ਧਰਤੀ ਤੇ,
ਖ਼ੂਬ ਬਨਸਪਤਿ ਮੌਲੇ।
ਖੇਤ ਅਤੇ ਖਲਵਾਨ ਭਰੀਵਣ
ਸਭ ਦੇ ਛੁਹਲੇ ਛੁਹਲੇ।
ਝੁਝੂ ਝੂ ਕਰ ਬਿਰਖਾਂ ਤਾਈਂ
ਫਲ ਏਡਾ ਲਟਕਾ ਦੇ,
ਢੇਰਾਂ ਢੇਰ ਅੰਨ ਦੇ ਦਾਣੇ
ਕੋਠੀ ਸਾਡੀ ਪਾ ਦੇ।
ਤਾਂ ਜੋ ਸਾਨੂੰ ਚੇਤੇ ਆਵੇ
ਫਲ ਤੇਰੇ ਜਦ ਖਾਈਏ।
(ਕਿ) ਅਸੀਂ ਵੀ ਸ਼ੁਭ-ਗੁਣ ਦਾ ਕੋ ਬੂਟਾ
ਇਸ ਧਰਤੀ ਤੇ ਲਾਈਏ।

*—ਇਕ ਮਿਸਰੀ ਪ੍ਰਾਰਥਨਾ*

1. ਸਾਰੀਆਂ ਮੁਰਾਦਾਂ।

ਹੇ ਮੇਰੀਆਂ ਲੋੜਾਂ ਦੇ ਰੱਬਾ,
ਦੇ ਮੈਨੂੰ ਕੁਝ ਖਾਵਣ ਨੂੰ।
ਦੁੱਧ ਦਹੀਂ ਦੀ ਬਰਕਤ ਪਾ ਦੇ,
ਧੀਆਂ ਪੁੱਤ ਰਜਾਵਣ ਨੂੰ।
ਦੇ ਬੇਓੜਕ ਇੱਜੜ ਮੈਨੂੰ
ਤਾਜ਼ਾ ਮਾਸ ਰਿੰਨ੍ਹਾਵਣ ਨੂੰ।
ਪਿਤਾ ਪਿਤਾਮੇ ਦੇਈ ਰੱਖੀਂ
ਤੇਰੀ ਯਾਦ ਮਨਾਵਣ ਨੂੰ।

*—ਅਫ਼ਰੀਕਾ ਤੋਂ ਇਕ ਲੋਕ-ਅਰਦਾਸ*

ਤੂੰ ਸੰਸਾਰ ਰਜਾਇਆ
ਜੌਂ ਦੇ ਪੰਜ ਟੁੱਕਰ ਵਰਤਾ ਕੇ,
ਸਜਨਾ, ਅੱਜ ਸਾਡੇ ਚਉਕੇ ਵੀ
ਰਹਿਮਤ ਅਪਣੀ ਪਾ ਦੇ।

*—ਮਿਸਰ ਦੀ ਇਕ ਦੁਆ*



ਦਸਤਰਖ਼ਾਨ ਅਸਾਡੇ ਤੇ, ਅੱਜ
ਨਹੀਂ ਸਾਧਾਰਨ ਖਾਣਾ।
ਇਹ ਤਾਂ ਕੋ ਅੰਮ੍ਰਿਤ ਦਰਗਾਹੀ
ਸਭਨਾਂ ਜੋ ਮੂੰਹ ਲਾਣਾ।
ਪਰ, ਸਾਗਰ ਤੇ ਲੱਖਾਂ ਜੋਧੇ
ਜੋਖਮ ਜਾਨ ਹੰਢਾਂਦੇ,
ਤਾਂ ਜੋ ਅਸੀਂ ਸੁਰੱਖਿਅਤ ਹੋ ਕੇ
ਰੱਜ ਰੱਜ ਖਾਈਏ ਖਾਣਾ।

*—ਸਕਾਟਲੈਂਡ ਦੀ ਇਕ ਲੋਕ-ਪ੍ਰਾਰਥਨਾ*







ਹੇ ਰੱਬਾ, ਅਸੀਂ ਤੁੱਧ ਵਿਚ ਵਸਦੇ
ਤੁੱਧ ਵਿਚ ਕਰਮ ਕਮਾਂਦੇ।
ਮੀਂਹ ਵਰਸਾ ਕਿ ਖੇਤ ਅਸਾਡੇ
ਤੈਨੂੰ ਪਏ ਧਿਆਂਦੇ।
ਤੂੰ ਤਤਪਰ ਇਹ ਲੋੜ ਅਸਾਡੀ
ਸਰਪਰ ਕਰ ਦੇ ਪੂਰੀ,
ਤਾਂ ਜੋ ਪੱਕ-ਭਰੋਸਾ ਧਰ ਕੇ
ਰਹੀਏ ਤੁਝੇ ਧਿਆਂਦੇ।

*—ਰੋਮਨ ਲੈਟੂਰਜੀ*

ਹੇ ਰੱਬਾ, ਤੂੰ ਰੋਟੀ ਦਿੱਤੀ ਕਾਹਲੀ ਵਿਚ,
ਰਤੀ ਕੁ ਮਾਸ ਵੀ ਰੱਖ ਦੇ ਮੇਰੀ ਥਾਲੀ ਵਿਚ।
ਫਿਰ ਵੇਖੀਂ, ਜਦ ਤੇਰਾ ਦਿੱਤਾ ਖਾਵਾਂਗਾ,
ਪਹਿਲੀ ਬੁਰਕੀ ਦਾ ਤੁਧ ਭੋਗ ਲੁਆਵਾਂਗਾ।

*—ਰਾਬਰਟ ਹੈਰਿਕ ਦੇ ਆਧਾਰ 'ਤੇ*

ਰੱਬਾ, ਅੱਜ ਮਹਿਮਾਨ ਹੋਏ ਹਾਂ ਤੇਰੇ ਘਰ,
ਆਓ ਭਗਤ ਕਰ, ਟਹਿਲ ਕਮਾ, ਤੇ ਸੇਵਾ ਕਰ।
ਮਤੇ ਤੇਰੀ ਦਰਗਾਹੋਂ ਸੱਖਣੇ ਤੁਰ ਜਾਈਏ,
ਜੀਕਣ ਆਏ ਸਾਂ, ਓਕਣ ਹੀ ਮੁੜ ਜਾਈਏ।

*—ਬ੍ਰਾਜ਼ੀਲ ਤੋਂ ਇਕ ਲੋਕ-ਦੁਆ*

ਗਰਮ ਗਰਮ ਰਸਦਾਇਕ ਭੋਜਨ
ਪਿਆ ਅਸਾਡੇ ਅੱਗੇ;
ਇਸ ਦੀ ਮਨ-ਭਾਵੰਦ ਵਾਸ਼ਨਾ
ਪਿਆਰੀ ਪਿਆਰੀ ਲੱਗੇ।
ਨਿਰਮਲ ਅੰਮ੍ਰਿਤ, ਠੰਢਾ ਪਾਣੀ,
ਪਿਆ ਅਸਾਡੇ ਪਿਆਲੇ।
ਇਹ ਖਾਣਾ, ਇਹ ਪਾਣੀ ਸਾਨੂੰ
ਦੋਨੋਂ ਵਕਤ ਜਿਵਾਲੇ।

ਇਸ ਵੇਲੇ ਅਸਾਂ ਚੇਤੇ ਆਵਣ
ਉਹ ਭੈਣਾਂ, ਉਹ ਭਾਈ,
ਜਿਨ੍ਹਾਂ ਪਾਸ ਤਨ ਦੇ ਝੁਲਕੇ ਨੂੰ
ਦਾਲ ਨ ਦਾਣਾ ਕਾਈ।
ਤੂੰ ਖਾਂਦੇ-ਪੀਂਦੇ ਲੋਕਾਂ ਮਨ
ਐਸੀ ਮਿਹਰ ਵਸਾ ਦੇ,
ਕਿ ਉਨ ਰਾਹੀਂ ਹਰ ਮੰਦ-ਭਾਗੇ
ਢਿੱਡੀਂ ਅੰਨ ਪੁਆ ਦੇ।
ਅੱਜ ਦੇ ਦਿਨ ਤਾਂ ਤੇਰੇ ਅੱਗੇ
ਏਹੋ ਬਿਨੈ ਜ਼ਰੂਰੀ:
ਅਗੋਂ ਲੈ ਅਪਣੇ ਜੀਆਂ ਦੀ
ਚੁਕ ਲੈ ਸਭ ਮਜਬੂਰੀ।
ਅਸੀਂ, ਕਿ ਜਿਹੜੇ ਰੱਜ ਰਜਾ ਕੇ
ਤੇਰਾ ਦਿੱਤਾ ਖਾਈਏ,
ਹੋਰਾਂ ਦੇ ਮੂੰਹੀਂ ਪਾ ਕੇ ਵੀ,
ਤੇਰਾ ਸ਼ੁਕਰ ਬਜਾਈਏ।



*—ਪੱਛਮੀ ਅਫ਼ਰੀਕਾ ਤੋਂ ਇਕ ਪ੍ਰਾਰਥਨਾ*

ਦਿਨ ਚੜ੍ਹਿਆ ਸੂਰਜ ਉਗ ਆਇਆ,
ਬੰਦਰਗਾਹ ਲਿਸ਼ ਪਏ ਜਹਾਜ।
ਹੇ ਮਾਲਕ ਇਸ ਬੰਦਰਗਾਹ ਵਿਚ
ਮੁਝ ਵੀ ਕੋਈ ਲਭਾ ਦੇ ਕਾਜ।
ਹੋਰ ਤਾਂ ਸਭ ਦੇ ਮੀਤ ਬਥੇਰੇ
ਹੋਰ ਤਾਂ ਸਭ ਦੇ ਪੱਲੇ ਦਾਮ;
ਹੋਰ ਤਾਂ ਦਾਰੂ ਸੇਵਨ ਕਰਦੇ
ਹੋਰਾਂ ਵੀ ਭਰ ਦੇਵਨ ਜਾਮ।

ਮੇਰਾ ਤਾਂ ਕੋ ਸਾਕ ਨ ਸੰਗੀ,
ਮੇਰਾ ਨਾ ਕੋ ਕੰਮ ਨ ਕਾਰ।
ਤੂੰ ਹੀ ਕੋਈ ਕੰਮ ਦਿਵਾ ਦੇ,
ਮੈਨੂੰ ਵੀ ਕੁਝ ਮਿਲੇ ਪਗਾਰ—
ਤਾਂ ਜੋ ਪਾਲਾਂ ਘਰ ਦੇ ਜੀਆਂ,
ਗਿਰਜੇ ਵਿਚ ਵੀ ਦਾਨੀ ਥੀਆਂ।
ਯਸੂ ਪਿਆਰੇ ਕੰਮ ਦਿਵਾ ਦੇ,
ਮੈਨੂੰ ਸਿਫ਼ਤ ਆਪਣੀ ਲਾ ਦੇ।

*—ਟੋਗੋ ਤੋਂ ਇਕ ਈਸਾਈ ਦੀ ਅਰਦਾਸ*

ਰੱਬਾ! ਮੇਰੀ ਵਾਹ ਦੇ ਧਰਤੀ—
ਹਲ ਦੀ ਨੋਕ ਖੋਭ ਦੇ ਡੂੰਘੀ।
ਪੈਲੀ ਵਿਚ ਸਿਆੜ੍ਹਾਂ ਲਾ ਦੇ,
ਮਿੱਟੀ ਪੁੱਟ ਪੁੱਟ ਕੇ ਉਲਟਾ ਦੇ।
ਮੈਂ ਭਾਵੇਂ ਆਖਾਂ ਨ ਆਖਾਂ,
ਤੂੰ ਮਿੱਟੀ ਦੀ ਬੇਖ਼ ਉਡਾ ਦੇ।

ਫਿਰ ਉਲਟੀ ਹੋਈ ਮਿੱਟੀ ਅੰਦਰ
ਮਨ-ਮਰਜ਼ੀ ਦਾ ਬੀਜ ਲਗਾ ਦੇ,
ਵੱਤਰ ਦੇ ਕੇ ਫਿਰ ਮਿੱਟੀ ਵਿਚ,
ਇਸ 'ਚੋਂ ਪਾਇਆ ਬੀਜ ਫੁਟਾ ਦੇ।

ਫਿਰ ਜੇ ਪੋਹਲੀ ਉਗਮ ਖਲੋਵੇ
ਉਸ ਨੂੰ ਪੁੱਟ ਕੇ ਪਰੇ ਵਗਾਹ ਦੇ;
ਅਪਣੇ ਬੀਂ ਦੇ ਮੌਲਣ ਖ਼ਾਤਰ
ਰੁੱਤ ਮੁਨਾਸਬ ਕੋ ਵਰਤਾ ਦੇ।

ਹਰ ਬੂਟੇ ਦਾ ਨਖ ਸ਼ਿਖ ਧੋ ਕੇ
ਉਸ ਵਿਚ ਬਾਂਕਾ ਰੂਪ ਸਜਾ ਦੇ,
ਇਕ ਇਕ ਪੀਲਾ ਪੱਤਾ ਚੁਗ ਕੇ
ਹਰ ਬੂਟੇ ਦੀ ਆਬ ਵਧਾ ਦੇ।

ਹਰ ਬੂਟੇ ਦੀ ਕਰ ਕੇ ਰਾਖੀ
ਹਰ ਬੂਟੇ ਦਾ ਕੱਦ ਵਧਾ ਦੇ,
ਫਿਰ ਢੁਕਵੀਂ ਰੁੱਤ-ਬਦਲੀ ਰਾਹੀਂ
ਹਰ ਬੂਟੇ ਸਿਰ ਦਾਣੇ ਲਾ ਦੇ।

ਏਕਣ ਖੇਤ ਮੇਰੇ 'ਚੋਂ ਰੱਬਾ,
ਢੇਰਾਂ ਢੇਰੀਂ ਅੰਨ ਉਗਾ ਦੇ।
ਰੱਬਾ ਮੇਰੀ ਵਾਹ ਦੇ ਧਰਤੀ,
ਪੈਲੀ ਵਿਚ ਸਿਆੜਾਂ ਲਾ ਦੇ।

*—ਸਿੰਘਾਪੁਰ ਤੋਂ ਇਕ ਪ੍ਰਾਰਥਨਾ*





ਪਿਤਾ-ਪਿਤਾਮੇ ਦੇ ਹੇ ਰੱਬਾ,
ਸੱਖਣ-ਪੇਟ ਪਿਆ ਹੋਇਆ ਹਾਂ;
ਫ਼ਾਕੇ ਉਪਰ ਫ਼ਾਕਾ ਕਰ ਕੇ
ਭੁੱਖ ਹੱਥੋਂ ਸਤਿਆ ਹੋਇਆ ਹਾਂ।
ਖੰਨਾ ਇਕ ਨ ਅੱਜ ਵੀ ਲੱਭਾ,
ਪਿਤਾ-ਪਿਤਾਮੇ ਦੇ ਹੇ ਰੱਬਾ!

ਹੋਰ ਤਾਂ ਭਰ ਕੇ ਉਦਰ ਪਏ ਨੇ—
ਰੱਜ ਖਾਧਾ ਏ ਬਾਘ, ਸਹੇ ਨੇ,
ਖੁਲ੍ਹਾ ਚਰਦਾ ਫਿਰਦਾ ਘੋੜਾ।
ਮੈਨੂੰ ਵੀ ਦੇ ਦੇਂਦੋਂ ਥੋੜਾ!

ਪਿਤਾ-ਪਿਤਾਮੇ ਦੇ ਹੇ ਰੱਬਾ,
ਕੱਖ ਨਹੀਂ ਮੁਝ ਅੱਜ ਵੀ ਲੱਭਾ।
ਮੈਨੂੰ ਵੀ ਕੁਝ ਦੇ, ਕਿ ਖਾਵਾਂ,
ਤਾਂ ਜੋ ਤੇਰਾ ਸ਼ੁਕਰ ਬਜਾਵਾਂ।

*—ਬਾਰਾ ਪੌਂਗ (ਦੱਖਣੀ ਅਫ਼ਰੀਕਾ)*



ਮਾਲਕ ਜੀ! ਅਸੀਂ ਤੇਰੇ ਦਾਸ,
ਅੱਜ ਸ਼ੁਕਰਾਨਾ ਕਰਦੇ ਖ਼ਾਸ।
ਕਿਉਂ ਨਾ ਤੇਰੀ ਸਿਫ਼ਤ ਕਮਾਈਏ?
ਕਿਉਂ ਨਾ ਤੇਰਾ ਸ਼ੁਕਰ ਬਜਾਈਏ?
ਜਾਲ ਸਾਡੇ ਅੱਜ ਢੇਰਾਂ ਮੱਛੀਆਂ
ਖਿੱਚ ਕੇ ਅਸਾਂ ਕਿਨਾਰੇ ਰੱਖੀਆਂ।
ਗਾਈ ਸਿਫ਼ਤ, ਤਾਲ ਵੀ ਦਿੱਤਾ
ਕੀਤਾ ਤੇਰਾ ਸ਼ੁਕਰ ਅਮਿੱਤਾ।
ਕੰਢੇ ਬੈਠੀਆਂ ਸਾਡੀਆਂ ਨੱਢੀਆਂ
ਉਨ੍ਹਾਂ ਜਾਲ 'ਚੋਂ ਮੱਛੀਆਂ ਕੱਢੀਆਂ।
ਭਰ ਭਰ ਲਿਤੀਆਂ ਉਹਨਾਂ ਪੱਛੀਆਂ,
ਉਹ ਚਾ ਕੇ ਉਹ ਮੰਡੀ ਨੱਸੀਆਂ।
ਪਰਤੀਆਂ ਪੱਛੀਆਂ ਖ਼ਾਲੀ ਕਰ ਕੇ,
ਲੈ ਗਈਆਂ ਦੋਬਾਰੇ ਭਰ ਕੇ।

ਰੱਬਾ, ਸ਼ੁਕਰ ਤੇਰੀ ਰਹਿਮਤ ਦਾ,
ਸ਼ੁਕਰਾਨਾ ਭੇਜੀ ਬਰਕਤ ਦਾ।
ਇਹ ਤਾਂ ਜਾਲ ਸੀ ਟੁੱਟ ਵੀ ਸਕਦਾ,
ਹੱਥਾਂ 'ਚੋਂ ਸੀ ਛੁੱਟ ਵੀ ਸਕਦਾ।
ਪਰ, ਤੂੰ ਬਰਕਤ ਐਸੀ ਪਾਈ—
ਰੱਜ ਰੱਜ ਕੀਤੀ ਅਸਾਂ ਕਮਾਈ।

ਹੁਣ ਚੱਲਿਆ ਸਾਂ ਸੇਜ ਵਿਛਾਵਣ,
ਫਿਰ ਸੁਖ-ਨੀਂਦੇ ਰਾਤ ਬਿਤਾਵਣ,
ਪਰ, ਚਿਤ ਆਇਆ, ਤੈਨੂੰ ਧਿਆ ਲਾਂ,
ਮਿਹਰ ਤੇਰੀ ਦਾ ਸ਼ੁਕਰ ਮਨਾ ਲਾਂ।

ਅੱਜ ਦੇ ਦਿਨ ਲਈ ਕਹਿਨਾਂ 'ਸ਼ਾਬਾ!'
ਤੁਧ 'ਸ਼ੁਭ ਰਾਤ' ਆਖਨਾਂ, ਬਾਬਾ!

*—ਘਨਾ ਦੇ ਮਛੇਰਿਆਂ ਦੀ ਇਕ ਲੋਕ-ਅਰਦਾਸ*

ਹੇ ਮਾਲਕ! ਹੇ ਕਰਤੇ ਮੇਰੇ,
ਮੰਗਣ ਲੱਗਾਂ ਦਾਨ ਘਨੇਰੇ:
ਆਉਂਦੇ ਦਿਹੁੰ ਦੇ ਸਗਲ ਅਕੇਵੇਂ,
ਕਿਰਤ-ਵਿਰਤ ਦੇ ਰੜੇ-ਰੁਝੇਵੇਂ,
ਸਹਿਜ ਸਹਾਰਾਂ, ਸੁਖਦ ਕਮਾਵਾਂ,
ਤੂੰ ਚੁੱਗ ਲੈ ਮੇਰੀਆਂ ਚਿੰਤਾਵਾਂ।

ਮੈਨੂੰ ਮੇਰਾ ਸੱਚ ਵਿਖਾ ਦੇ,
ਅੱਖ ਮੇਰੀ ਤੋਂ ਪਰਦੇ ਲਾਹ ਦੇ।
ਆਸ ਜਗਾ, ਧਰਵਾਸ ਉਗਾ ਦੇ,
ਖਿਮਾ ਅਤੇ ਅਨੁਰਾਗ ਸਿਖਾ ਦੇ।
ਏਕਨ ਅਪਣੇ ਰਾਹੇ ਪਾ ਦੇ,
ਚੁਗ ਲੈ ਕੰਕਰ ਮੇਰੇ ਰਾਹ ਦੇ।

*—ਇਕ ਰੂਸੀ ਵਿਸ਼ਵਾਸੀ ਦੀ ਅਰਦਾਸ*





ਹੇ ਵਡ-ਪੁਰਖਾ, ਰੂਹ ਮੇਰੀ ਦੇ ਵਿਹੜੇ ਆ,
ਸਜਰੀ ਸ਼ਕਤੀ ਕੋ ਮੇਰੇ ਅੰਦਰ ਵਰਤਾ।

ਹਾਜ਼ਰ-ਨਾਜ਼ਰ ਪਿਆਰ ਆਪਣਾ ਮੁਝੇ ਦਿਖਾ,
ਬਾਜ਼-ਉਡਾਰੀ ਨਾਲ ਗਿਆਨ ਦੀ ਸਿਖਰ ਪੁਚਾ।

ਚਾਰ ਬਰਕਤਾਂ ਦਾ ਚਹੁੰ ਬੰਨਿਓਂ ਮੀਂਹ ਵਰਸਾ,
ਹਿੰਮਤ, ਫ਼ਹਿਮ, ਸਖ਼ਾਵਤ, ਇੱਜ਼ਤ ਝੋਲੀ ਪਾ।

ਅਮਨ ਸਦੀਵੀ ਮਿੱਤਰ-ਪਿਆਰਿਆਂ ਘਰ ਵਰਤਾ,
ਹੇ ਵਡ ਪੁਰਖਾ, ਰੂਹ ਮੇਰੀ ਦੇ ਨੇੜੇ ਆ।

*—ਲਾਕੋਟਾ ਲੋਕ-ਅਰਦਾਸ*






ਹੇ ਮਾਲਕ ਸੱਤਾਂ ਫ਼ਲਕਾਂ ਦੇ,
ਮੈਂ ਵਿਚ ਭੋਰਾ ਸਿਰੜ ਵਧਾ ਦੇ,
ਸਬਰ ਵਧਾ ਦੇ,
ਸੋਚ ਵਧਾ ਦੇ,
ਮੌਨ ਵਧਾ ਦੇ;
ਨਿੱਘ ਵਧਾ ਦੇ,
ਗਿਆਨ ਵਧਾ ਦੇ,
ਸਾਹਸ ਤੇ
ਅਭਿਮਾਨ ਵਧਾ ਦੇ।
ਮਨ ਮੇਰੇ ਸ਼ਾਂਤੀ ਵਰਤਾ ਦੇ,
ਮੈਨੂੰ ਸਿਫ਼ਤ ਆਪਣੀ ਲਾ ਦੇ।

*—ਡੈਗ ਹੈਮਰਸ਼ੋਲਡ*

# ਸਭੇ ਜੀਅ ਸਮਾਲਿ



ਸਭ ਬਿਧਿ ਤੁਮ ਹੀ ਜਾਨਤੇ ਪਿਆਰੇ ਕਿਸੁ ਪਹਿ ਕਹਉ ਸੁਨਾਇ ॥
ਤੂੰ ਦਾਤਾ ਜੀਆ ਸਭਨਾ ਕਾ ਤੇਰਾ ਦਿਤਾ ਪਹਿਰਹਿ ਖਾਇ ॥

— ਆਸਾ ਮ: ੫ (432:2)



ਅਸਾਂ ਵਿਚੋਂ ਹਰ ਇਕੱਲੇ ਫ਼ਰਦ ਦੇ ਗੁਨਾਹ ਵੀ ਬੇਅੰਤ ਹਨ, ਪਰ ਸਾਡੇ ਜਮਾਤੀ
ਗੁਨਾਹਾਂ ਦਾ ਤਾਂ ਕੋਈ ਪਾਰਾਵਾਰ ਹੀ ਨਹੀਂ। ਉਹਨਾਂ ਦਾ ਪਲੜਾ ਤਾਂ
ਸਭਨਾਂ ਜੀਆਂ ਦੇ ਫ਼ਰਦੀ ਗੁਨਾਹਾਂ ਦੇ ਸਮੁੱਚ ਤੋਂ ਵੀ ਕਿਤੇ ਭਾਰਾ ਹੈ।
ਮਸੂਮਾਂ ਨਿਆਸਰਿਆਂ ਉਤੇ ਬੰਮਬਾਰੀਆਂ, ਤੇਰੇ ਨਾਮ 'ਤੇ ਕੀਤੇ
ਕਤਲਾਮ, ਨਸਲੀ ਤੇ ਜਾਤੀ ਅਭਿਮਾਨ, ਅਮਿੱਟਵੀਂ
ਵਿਆਪਕ ਤਮਾਅ, ਕੌਮਾਂਤ੍ਰੀ ਈਰਖਾ, ਮਜ਼ਬੀ ਜਨੂਨ,
ਆਲਮੀ ਜੰਗਾਂ; ਇਹ ਸਭ ਤੈਥੋਂ ਬੇਗਾਨਗੀ ਦੇ
ਪਰਿਣਾਮ ਹਨ! ਭਾਵੇਂ ਇਨ੍ਹਾਂ ਗੁਨਾਹਾਂ ਦਾ ਕੋਈ
ਪਾਰਾਵਾਰ ਨਹੀਂ, ਤਾਂ ਵੀ ਤੇਰੀ ਬਖ਼ਸ਼ਿੰਦਗੀ
ਤੋਂ ਵੱਡੇ ਨਹੀਂ। ਅਸੀਂ ਤੇਰੇ ਜੀਅ ਹਾਂ,
ਤੇਰੇ ਰਹਿਮ ਦੇ ਤਲਬਗਾਰ ਹੋਏ ਹਾਂ।
ਅਸਾਂ ਸਾਂਭ ਲੈ। ਸੁਮੱਤ ਦੇ ਕਿ ਨਾ
ਤੇਰੇ ਗੁਨਾਹਗਾਰ ਹੋਵੀਏ,
ਨਾ ਤੇਰੇ ਜੀਆਂ ਦੇ।

19

# ਸਭੇ ਜੀਅ ਸਮਾਲਿ

ਸਭ ਤੋਂ ਪਹਿਲੀਆਂ ਅਰਦਾਸਾਂ ਅਸੀਂ ਆਪਣੇ ਆਪ ਲਈ ਹੀ ਕਰਦੇ ਹਾਂ। ਸਾਡੇ ਅੰਦਰ ਵੱਸਦੀ ਹਉਮੈ ਦੀ ਇਹ ਮੁੱਢਲੀ ਮਜਬੂਰੀ ਹੈ।

ਪਰ, ਅਸਾਂ ਵਿਚੋਂ ਜਿਹੜੇ ਵੀ ਜੀਅ ਗ੍ਰਿਹਸਤ ਵਿਚ ਪ੍ਰਵੇਸ਼ ਕਰ ਲੈਂਦੇ ਹਨ, ਉਹ ਬੜੀ ਛੇਤੀ ਹੋਰਨਾਂ ਲਈ ਅਰਦਾਸ ਕਰਨ ਵਲ ਵੀ ਰੁਚਿਤ ਹੋਣ ਲਗਦੇ ਹਨ। ਆਪਣੇ ਆਪ ਤੋਂ ਬਾਦ ਅਸੀਂ ਆਪਣੇ ਕੁਟੰਬ ਦੇ ਜੀਆਂ ਲਈ ਹੱਥ ਜੋੜਨੇ ਸਿਖਦੇ ਹਾਂ। ਭਾਵੇਂ ਇਹਨਾਂ ਅਰਦਾਸਾਂ ਪਿਛੇ ਮੋਹ ਵਰਤਦਾ ਜ਼ਰੂਰ ਦਿਸਦਾ ਹੈ ਤਾਂ ਵੀ ਇਹ ਅਰਦਾਸਾਂ ਸਾਡੇ ਆਪਣੇ ਆਪ ਤੋਂ ਇਲਾਵਾ ਕਿਸੇ ਹੋਰ ਲਈ ਹੋਂਦੀਆਂ ਹਨ।

ਜਿਉਂ ਜਿਉਂ ਸਾਡੇ ਮੋਹ ਦਾ ਦਾਇਰਾ ਵਿਸ਼ਾਲ ਹੋਈ ਜਾਂਦਾ ਹੈ, ਤਿਉਂ ਤਿਉਂ ਸਾਡੀਆਂ ਅਰਦਾਸਾਂ ਦਾ ਦਾਇਰਾ ਵੀ ਵਸੀਹ ਹੋਈ ਜਾਂਦਾ ਹੈ। ਕੁਟੰਬ ਤੋਂ ਉਠ ਕੇ ਅਸੀਂ ਆਪਣੇ ਕਬੀਲੇ ਲਈ, ਆਪਣੇ ਨਗਰ ਲਈ, ਆਪਣੇ ਦੇਸ ਲਈ, ਆਪਣੀ ਕੌਮ ਲਈ, ਜਾਂ ਆਪਣੇ ਸਹਿਕਰਮੀਆਂ ਤੇ ਸਹਿਧਰਮੀਆਂ ਲਈ ਵੀ ਅਰਦਾਸਾਂ ਕਰਨ ਲਗਦੇ ਹਾਂ। ਹਰ ਹਾਲ ਇਹ ਅਰਦਾਸਾਂ ਵੀ 'ਆਪਣਿਆਂ' ਲਈ ਹੀ ਹੁੰਦੀਆਂ ਹਨ। ਜਿਤਨਾ ਜਿਤਨਾ ਮੋਹ ਦਾ ਦਾਇਰਾ ਵੱਡਾ ਹੋਈ ਜਾਂਦਾ ਹੈ, ਉਸੇ ਨਿਸਬਤ ਨਾਲ ਮੋਹ ਪੇਤਲਾ ਹੋਈ ਜਾਂਦਾ ਹੈ। ਇਸ ਲਈ ਸਹਿਧਰਮੀਆਂ, ਸਹਿਕਰਮੀਆਂ, ਦੇਸਵਾਸੀਆਂ ਤੋਂ ਕੁਟੰਬ ਦੇ ਜੀਆਂ ਨੂੰ ਤਰਜੀਹ ਮਿਲਦੀ ਹੈ। ਜੇਕਰ ਇਹਨਾਂ ਵਿਚੋਂ ਕਿਸੇ ਨਾਲ ਕੋਈ ਆਦਰਸ਼ ਜੁੜ ਜਾਵੇ ਤਾਂ ਉਸ ਉਪਰੋਂ ਅਸੀਂ ਆਪਣੇ ਕੁਟੰਬ ਤਕ ਨੂੰ ਨਿਛਾਵਰ ਕਰ ਸਕਦੇ ਹਾਂ। ਦੇਸ ਤੇ ਧਰਮ ਖ਼ਾਤਰ ਸ਼ਹੀਦ ਹੋਣ ਵਾਲੇ ਅਨੇਕਾਂ ਐਸੇ ਮਨੁੱਖ ਇਤਿਹਾਸ ਨੇ ਵੇਖੇ ਹਨ। ਪਰ ਏਥੇ ਵੀ ਗਹੁ ਨਾਲ ਵੇਖੀਏ ਤਾਂ ਮੋਹ ਦੀ ਇਕ ਸੂਖਮ ਪਰਤ ਸਹਿਵਨ ਹੀ ਦਿਸ ਆਉਂਦੀ ਹੈ। ਇਹ ਆਦਰਸ਼ ਵੀ ਤਾਂ ਸ਼ਹੀਦ ਨੇ 'ਅਪਨਾਏ ਹੋਏ' ਸਨ।

ਜਦੋਂ ਆਤਮਕ ਅਵਸਥਾ ਹੋਰ ਉਚੇਰੀ ਹੋਂਦੀ ਹੈ ਤਾਂ ਅਸੀਂ ਆਪਣੀਆਂ ਅਰਦਾਸਾਂ ਵਿਚ 'ਸਰਬੱਤ ਕਾ ਭਲਾ' ਮੰਗਣ ਲਗਦੇ ਹਾਂ। ਸਰਬੱਤ ਕਾ ਭਲਾ ਤਾਂ ਸੱਚੇ ਦਿਲੋਂ ਤਾਂ ਹੀ ਮੰਗਿਆ

ਜਾ ਸਕਦਾ ਹੈ ਜੇ ਮਨ ਵਿਚ ਕਿਸੇ ਲਈ ਵੈਰ ਵਿਰੋਧ ਨਾ ਰਹੇ, ਸਗੋਂ ਜਦੋਂ ਉਹ ਇਸ ਬਿਰਤੀ ਦਾ ਧਾਰਨੀ ਹੋ ਜਾਵੇ ਕਿ

**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥**[1]

ਪਰ, ਅਸੀਂ ਤਾਂ ਆਪਣੀ ਅਵਿਦਿਆ ਕਾਰਣ ਕਿਸੇ ਨੂੰ ਮਿੱਤਰ ਤੇ ਕਿਸੇ ਨੂੰ ਵੈਰੀ ਥਾਪੀ ਫਿਰਦੇ ਹਾਂ। ਮਿਤ੍ਰਾਂ ਖ਼ਾਤਰ ਤਾਂ ਅਰਦਾਸ ਕਰਨ ਨੂੰ ਤਿਆਰ ਹਾਂ, ਪਰ 'ਵੈਰੀਆਂ' ਖ਼ਾਤਰ ਕਦੋਂ ਕਰਦੇ ਹਾਂ ? ਸੱਚ ਮੁੱਚ ਦੀ ਉੱਚੀ ਆਤਮਕ ਅਵਸਥਾ ਤਾਂ ਉਸ ਪ੍ਰਾਣੀ ਦੀ ਹੈ ਜੋ ਇਉਂ ਅਰਦਾਸ ਕਰ ਸਕਦਾ ਹੋਵੇ ਕਿ 'ਹੇ ਸੱਚੇ ਪਾਤਸ਼ਾਹ, ਜਿਨ੍ਹਾਂ ਨੂੰ ਮੈਂ ਆਪਣੀ ਨਾਸਮਝੀ ਤੇ ਮੂਰਖਤਾ ਕਾਰਨ ਆਪਣੇ ਵੈਰੀ ਮਿਥੀ ਬੈਠਾ ਸਾਂ ਤੇ ਜਿਨ੍ਹਾਂ ਲਈ ਮੈਂ ਆਪਣੇ ਮਨ ਵਿਚ ਮੰਦ-ਭਾਵਨਾ ਵਸਾਈ ਫਿਰਿਆ, ਤੇਰੇ ਅੱਗੇ ਪ੍ਰਾਰਥਨਾ ਹੈ, ਤੂੰ ਉਹਨਾਂ ਉਪਰ ਵੀ ਆਪਣੀ ਮਿਹਰ ਵਰਤਾਈ ਰਖੀਂ। ਮੇਰੇ 'ਤੇ ਇਹ ਕਿਰਪਾ ਕਰੀਂ ਕਿ ਮੇਰੇ ਮਨ ਵਿਚ ਉਹਨਾਂ ਵਾਸਤੇ ਕੋਈ ਕੁੜੱਤਣ, ਕੋਈ ਤਲਖ਼ੀ ਨਾ ਰਹੇ। ਉਹਨਾਂ ਉਪਰ ਮਿਹਰ ਕਰੀਂ ਤੇ ਮੈਨੂੰ ਇਹਨਾਂ ਮੰਦ-ਭਾਵਨਾਵਾਂ ਲਈ ਖਿਮਾ ਬਖ਼ਸ਼ੀਂ।'

• •

**ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥**
**ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ॥**
**ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ ॥**
**ਲੇਵਹੁ ਕੰਠਿ ਲਗਾਇ ਅਪਦਾ ਸਭ ਹਰੁ ॥**
**ਨਾਨਕ ਨਾਮੁ ਧਿਆਇ ਪ੍ਰਭ ਕਾ ਸਫਲੁ ਘਰੁ ॥**

*—ਸਾਰੰਗ ਵਾਰ ਮ: 4 (1251 : 8)*

(ਹੇ ਦਾਤਾਰ।) ਤੂੰ (ਆਪਣੇ) ਸਭਨਾਂ ਜੀਆਂ ਨੂੰ (ਆਪ) ਸੰਭਾਲ ਤੇ (ਉਹਨਾਂ ਉਪਰ) ਆਪਣੀ ਮਿਹਰ ਕਰ। ਅੰਨ ਤੇ ਪਾਣੀ ਬਹੁਤਾ ਉਪਾ ਦੇ; ਦੁਖ ਤੇ ਗ਼ਰੀਬੀ ਭੰਨ ਕੇ (ਸਭ ਨੂੰ) ਤਾਰ ਦੇ। ਦਾਤਾਰ ਨੇ ਅਰਦਾਸ ਸੁਣ ਲਈ; ਸ੍ਰਿਸ਼ਟਿ 'ਤੇ ਠੰਢ ਵਰਤ ਗਈ। ਹੇ ਦਾਤਾ। (ਸਾਡੇ) ਸਭ ਦੁੱਖ ਦੂਰ ਕਰੋ ਤੇ ਸਾਨੂੰ (ਆਪਣੇ) ਗਲੇ ਲਗਾ ਲਉ। (ਗੁਰੂ) ਨਾਨਕ ਜੀ (ਕਹਿੰਦੇ ਹਨ, ਉਸ ਦਾਤਾਰ ਦਾ) ਨਾਮ ਧਿਆਓ (ਕਿਉਂ) ਕਿ ਉਸ ਦਾ ਘਰ ਫਲ ਦੇਣ ਵਾਲਾ ਹੈ।

• •

1. ਧਨਾਸਰੀ ਮ: ੫ (671 : 8)

## ਆਪਣੇ ਕੁਟੰਬ ਲਈ ਅਰਦਾਸ

ਕੁਟੰਬ ਇਕ ਰੱਬੀ ਦਾਤ ਹੈ। ਇਸ ਦੇ ਜੀਆਂ ਦੀ ਦੇਖ ਰੇਖ, ਸੇਵਾ ਸੰਭਾਲ ਹਰ ਗ੍ਰਿਹਸਤੀ ਦਾ ਧਰਮ ਹੈ। ਉਹਨਾਂ ਦੇ ਹਿਤਾਂ ਲਈ ਅਰਦਾਸ ਕਰਨੀ ਉਸ ਦਾ ਕੁਦਰਤੀ ਕਰਤੱਵ ਹੈ। ਆਓ, ਉਹਨਾਂ ਨਾਲ ਇਸ ਹਿੱਤ ਦੀ ਸਾਂਝ ਪਾਈਏ ਜੋ ਆਪਣੇ ਕੁਟੰਬ ਲਈ, ਆਪਣੇ ਘਰ ਲਈ ਤੇ ਘਰ ਦੇ ਜੀਆਂ ਲਈ ਅਰਦਾਸਾਂ ਕਰਦੇ ਹਨ:

**ਸੁਖੀ ਬਸੈ ਮੋਰੋ ਪਰਿਵਾਰਾ॥**
**ਸੇਵਕ ਸਿਖ ਸਭੈ ਕਰਤਾਰਾ॥**

*—ਬੇਨਤੀ ਚਉਪਈ ਸ੍ਰੀ ਮੁਖਵਾਕ ਪਾ: ੧੦*

ਮਾਲਕ! ਇਸ ਕੁਟੰਬ ਦੇ ਜੀਆਂ
ਉੱਪਰ ਰਹਿਮਤ ਰੱਖੀਂ।
ਉਨ੍ਹਾਂ ਦੀਆਂ ਕਿਰਤਾਂ ਵਿਰਤਾਂ ਵਿਚ
ਭਰਵੀਂ ਬਰਕਤ ਰੱਖੀਂ।
ਆਪਸ ਵਿਚ ਗਲਵਕੜਾਂ ਪਾ ਕੇ
ਸਾਰੀ ਉਮਰ ਬਿਤਾਈਏ।
ਬਾਹਾਂ ਅੰਦਰ ਬਾਹਾਂ ਪਾ ਕੇ,
ਤੇਰੀ ਸਿਫ਼ਤ ਸਲਾਹੀਏ।

*—ਇਕ ਕੰਬੋਡੀਅਨ ਲੋਕ-ਪ੍ਰਾਰਥਨਾ*

ਹੇ ਸਾਡੇ ਅਤਿ ਪਿਆਰੇ ਅੱਬਾ,
ਸਾਡੇ ਦਰਾਂ, ਘਰਾਂ, ਅੰਗਨਾ ਤੇ
ਰਹਿਮਤ ਰੱਖੀਂ, ਰੱਬਾ!

*—ਜਾਰਡਨ ਦੀ ਇਕ ਲੋਕ ਅਰਦਾਸ*

ਘਰ ਸਾਡੇ ਵਰ੍ਹੋਸਾ ਦੇ, ਬਾਬਾ,
ਘਰ ਸਾਡੇ ਵਰ੍ਹੋਸਾ ਦੇ।
ਅੰਨ ਅਸਾਡੀਆਂ ਲੋੜਾਂ ਜੋਗਾ,
ਕੋਠੀ ਸਾਡੀ ਪਾ ਦੇ।

ਇਕ ਦੂਜੇ ਦੇ ਹੋ ਕੇ ਰਹੀਏ,
ਪੈਣ ਨ ਕਦੇ ਵਿਛੋੜੇ,
ਸਦਾ ਪਿਆਰ-ਗਲਵੱਕਣਾਂ ਅੰਦਰ,
ਰਹਿਣਾ ਅਸਾਂ ਸਿਖਾ ਦੇ।

*—ਇਕ ਹਵਾਈ ਅਰਦਾਸ*

ਹੇ ਮਾਲਕ! ਸਾਡੇ ਘਰ-ਘਰੌਂਦਿਆਂ ਉਪਰ ਰਹਿਮਤ ਕਰ ਦੇ।
ਅੰਨ ਮੁੱਕਣ ਤੋਂ ਪਹਿਲਾਂ ਪਹਿਲਾਂ, ਸਗਲ ਪਰਾਤਾਂ ਭਰ ਦੇ।
ਤਿਖਾ ਅਸਾਨੂੰ ਹੋਏ ਨ ਹੋਏ, ਘੜੇ ਨ ਹੋਵਣ ਖ਼ਾਲੀ,
ਤਨਾਂ ਸਾਡਿਆਂ ਉਪਰ ਉੱਜਲ ਬਸਤਰ ਦੇਣ ਦਿਖਾਲੀ।
ਨਾਲੇ ਦੇ ਦੇ ਸੂੱਛ ਭਾਵਨਾ, ਸੰਗ ਬਿਬੇਕ ਜਗਾ ਦੇ,
ਇਸ ਟੱਬਰੀ ਦੇ ਜੀਆਂ ਉਤੇ ਆਪਣੀ ਖਿਮਾ ਲੁਟਾ ਦੇ।
ਕਰ ਦੇ ਪਿਆਰਾਂ ਜੋਗਾ ਸਾਨੂੰ, ਮਤ ਛੇਤੀ ਉੱਠ ਜਾਈਏ।
ਸੁਆਸ ਅੰਤਲੇ ਠੀਕਰ ਵੀ, ਪਰ, ਤੇਰਾ ਸ਼ੁਕਰ ਬਜਾਈਏ।

*—ਜ.ਸ.ਨ.*

## ਆਪਣੇ ਨਗਰ ਲਈ ਅਰਦਾਸ

ਜਿੱਥੋਂ ਦਾ ਕੋਈ ਜੰਮਪਲ ਹੋਵੇ, ਉਸ ਪਿੰਡ, ਉਸ ਨਗਰ ਨਾਲ ਮੋਹ ਸੁਭਾਵਕ ਹੁੰਦਾ ਹੈ। ਉਥੋਂ ਦੇ ਲੋਕ ਆਪਣੇ ਲਗਦੇ ਹਨ। ਭਗਤ ਰਵਿਦਾਸ ਜੀ ਕਹਿੰਦੇ ਹਨ:

**ਜੋ ਹਮਸਹਰੀ ਸੁ ਮੀਤੁ ਹਮਾਰਾ ॥**[1]

ਕੁਦਰਤੀ ਤੌਰ 'ਤੇ ਆਪਣੇ ਨਗਰ ਤੇ ਨਗਰ-ਵਾਸੀਆਂ ਲਈ ਲੋਕ ਅਰਦਾਸਾਂ ਕਰਦੇ ਹਨ। ਆਓ, ਅਜਿਹੇ ਅਰਦਾਸੀਆਂ ਦੀ ਸੰਗਤ ਕਰੀਏ:

ਹੇ ਮਾਲਕ, ਤੂੰ ਵੇਖ, ਅਸਾਨੂੰ ਕਿਹੜੇ ਸ਼ਹਿਰ ਵਸਾਇਆ!—
ਮਹਾ ਚੱਟਾਨਾਂ ਜਿਸ ਨੂੰ ਆਪਣੇ ਮੋਢਿਆਂ ਉਪਰ ਚਾਇਆ,
ਜਿਸ ਦੇ ਤੱਟ ਨੂੰ ਸ਼ੋਰ ਮਚਾਂਦੀਆਂ ਛੱਲਾਂ ਸਦਾ ਨਹਾਇਆ,
ਤੇ ਜਿਥੋਂ ਦੀਆਂ ਮਮਟੀਆਂ ਨੇ ਹੱਥ ਅਸਮਾਨਾਂ ਨੂੰ ਪਾਇਆ।

1. ਗਉੜੀ ਰਵਿਦਾਸ (345 : 16)

ਜਿਥੋਂ ਦੇ ਵਿਓਪਾਰੀਆਂ ਜੱਗ ਵਿਚ ਵੱਡਾ ਨਾਮ ਕਮਾਇਆ,
ਖੱਪ ਗਿਆ ਜਿਥੇ ਅਰਬਾਂ ਖਰਬਾਂ ਖ਼ੂਹਣੀਆਂ ਦਾ ਸਰਮਾਇਆ।
ਪੈਸਾ ਜਿਸਦਾ ਕਿਤੇ ਦਿਸੌਰਾਂ ਵਿਚ ਸਿਧਾਇਆ।
ਅੱਧ ਕਰੋੜ ਮਨੁੱਖਾਂ ਦਾ ਇਹ ਅਪਣਾ ਦੇਸ ਕਹਾਇਆ,
ਕਿਸੇ ਤਾਈਂ ਵੀ ਭਾਵੇਂ ਨਾ ਇਸ ਹੋ ਕੇ ਵਤਨ ਜਣਾਇਆ।
ਦਾਤਾ, ਅਸਾਂ ਵੀ ਆ ਓਥੇ ਹੀ ਘਰ ਆਪਨੜਾ ਪਾਇਆ,
ਹਾਂਗ ਕਾਂਗ ਤੇਰੇ ਆਂਗਨ ਵਿਚ ਜਿਹੜੀ ਥਾਓਂ ਸੁਹਾਇਆ।
ਮਿਹਰ ਕਰੀਂ ਦਿਨ ਗੁਜ਼ਰਨ ਸਾਡੇ ਏਸ ਨਗਰ ਵਿਚ ਹੱਸਦੇ ਹੱਸਦੇ,
ਏਸ ਸ਼ਹਿਰ ਦੇ ਸਾਰੇ ਸ਼ਹਿਰੀ ਦਿੱਸਣ ਵਸਦੇ ਰਸਦੇ।

*—ਹਾਂਗ ਕਾਂਗ ਲਈ ਇਕ ਅਰਦਾਸ*

ਸ਼ਾਲਾ ਮੇਰੇ ਏਸ ਨਗਰ ਦੀ,
ਹਰ ਵਸਤੂ ਜੋ ਪ੍ਰਾਣਾਂਧਾਰੀ,
ਵੱਡੀ, ਛੋਟੀ; ਪਤਲੀ, ਮੋਟੀ; ਤਕੜੀ, ਮਾੜੀ,
ਰਹੇ ਸਲਾਮਤ ਰਾਤ ਦਿਹਾੜੀ।

*—ਇਬਾਦਾਨ ਨਗਰ ਲਈ ਇਕ ਅਰਦਾਸ*

ਯੂਰਪ ਅਤੇ ਏਸ਼ੀਆ ਦੋਏ
ਜਿਸ ਦੇ ਬੂਹੇ ਬੈਠੇ ਹੋਏ,
ਇਸਤੰਬੂਲ ਨਗਰ ਉਹ ਮੇਰਾ,
ਸਭ ਨਗਰਾਂ ਤੋਂ ਨਗਰ ਚੰਗੇਰਾ।
ਇਸ ਤੇ ਰਹੇ ਆਖ਼ਰਤ ਤੀਕਰ
ਰੱਬ ਦੀ ਰਹਿਮਤ, ਜਗ ਦੀ ਬਰਕਤ!

*—ਇਸਤੰਬੂਲ ਲਈ ਇਕ ਅਰਦਾਸ*

ਆਪ ਸਤਿਗੁਰਾਂ ਦੇ ਕਰ-ਕਮਲਾਂ ਜਿਹੜਾ ਨਗਰ ਵਸਾਇਆ,
ਜਿਸ ਨਗਰੀ ਦੇ ਤਾਲ ਸੁਹਾਵੇ, ਵਿਚ ਅੰਮ੍ਰਿਤ ਜਲ ਛਾਇਆ,
ਜਿਥੇ ਹਰਿਮੰਦਰ ਵਿਚ ਹਰਿ ਨੇ ਆਸਣ ਅਪਣਾ ਲਾਇਆ,
ਜਿਥੇ ਆਪ ਅਕਾਲ ਅਕਾਸ਼ੋਂ ਤਖ਼ਤ ਬਿਰਾਜਣ ਆਇਆ।
ਮੇਰੇ ਭਾਗ ਵਡੇਰੇ ਓਥੇ ਮੈਨੂੰ ਗੁਰੂ ਵਸਾਇਆ,
ਜਿਸ ਨਗਰੀ ਵਿਚ ਖ਼ੂਨ ਸ਼ਹੀਦਾਂ ਗਲੀ ਗਲੀ ਛਿੜਕਾਇਆ।

ਕੂੜੀ ਕਿਸੀ ਸ਼ਹਿਨਸ਼ਾਹੀ ਨੂੰ ਇਹ ਨ ਸ਼ਹਿਰ ਸੁਖਾਇਆ,
ਜੋ ਆਇਆ, ਉਨ ਤਾਲ ਪੂਰਿਆ, ਰੱਬ ਦਾ ਮੰਦਰ ਢਾਹਿਆ।
ਪਰ, ਮਾਲਕ ਤੂੰ ਆਪੇ ਅਪਣਾ ਮੰਦਰ ਮੁੜ ਉਸਰਾਵੇਂ,
ਟੁੱਟਾ ਤਖ਼ਤ ਸਲਾਮਤ ਕਰ ਕੇ ਮੁੜ ਉਸ ਤੇ ਬਹਿ ਜਾਵੇਂ।

ਸੱਚਿਆ ਸ਼ਾਹਾ, ਤੇਰਾ ਮੰਦਰ ਝੂਠੇ ਸ਼ਾਹ ਗਿਰਾਂਦੇ,
ਪਰ ਜਦ ਸੈਨਤ ਪਹੁੰਚੇ ਤੇਰੀ, ਪਲ ਅੰਦਰ ਉਠ ਜਾਂਦੇ।

ਹੇ ਮਾਲਕ, ਇਹ ਨਗਰੀ ਤੇਰੀ, ਇਸ ਨੂੰ ਇਵੇਂ ਸਮਾਲੀਂ,
ਜੋ ਵੀ ਕਿਤਿਓਂ ਇਸ ਦਰ ਆਵੇ, ਨਦਰੀ ਓਨ ਨਿਹਾਲੀਂ।

*—ਅੰਮ੍ਰਿਤਸਰ ਲਈ ਇਕ ਅਰਦਾਸ*

## ਆਪਣੇ ਦੇਸ ਲਈ ਅਰਦਾਸ

ਹਕੀਮ ਅਫ਼ਲਾਤੂਨ ਨੇ ਕਿਹਾ ਹੈ, "ਅਪਣੇ ਦੇਸ ਨਾਲੋਂ ਵੱਡਾ ਮੋਹ ਕਾਸੇ ਦਾ ਨਹੀਂ ਹੋਂਦਾ।" ਇਸ ਲਈ ਆਪਣੇ ਦੇਸ ਬਾਰੇ ਸੋਚਣਾ, ਦੇਸਵਾਸੀਆਂ ਬਾਰੇ ਸੋਚਣਾ ਤੇ ਉਹਨਾਂ ਦੀ ਬਹਿਬੂਦੀ ਦੇ ਉਪਰਾਲੇ ਹਰ ਕਿਸੇ ਦੇ ਹਿੱਸੇ ਆਏ ਹਨ। ਆਪਣੇ ਦੇਸ ਲਈ ਅਰਦਾਸਾਂ ਸੁਭਾਵਕ ਹੀ ਮਨੁੱਖ ਦੇ ਸਦਾਚਾਰ ਵਿਚ ਸ਼ਾਮਿਲ ਹਨ।

**[1]ਖੁਰਾਸਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥**
**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥***
**ਕਰਤਾ ਤੂੰ ਸਭਨਾ ਕਾ ਸੋਈ[2] ॥**
**ਜੇ ਸਕਤਾ[3] ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ਰਹਾਉ॥**

---

1. ਹੇ ਹਰੀ ਤੂੰ ਖੁਰਾਸਾਨ ਨੂੰ ਤਾਂ ਬਚਾ ਰਖਿਆ ਹੈ ਤੇ ਵਿਚਾਰੇ ਹਿੰਦ ਨੂੰ ਡਰਾਇਆ ਹੈ। ਤੂੰ ਇਸ ਸਾਰੀ ਖੇਡ ਦਾ ਜ਼ਿੰਮੇਵਾਰ ਹੈਂ, ਪਰ ਆਪਣੇ ਆਪ ਨੂੰ ਦੋਸ਼ ਨਾ ਦੇਣ ਖ਼ਾਤਰ ਮੁਗ਼ਲਾਂ ਨੂੰ ਜਮ ਦੇ ਰੂਪ ਵਿਚ ਸਾਡੇ 'ਤੇ ਲਿਆ ਚੜ੍ਹਾਇਆ ਹੈ। * ਸਾਰੀ ਗੁਰਬਾਣੀ ਵਿਚ ਰੱਬ ਨੂੰ ਕਿਧਰੇ ਉਲਾਂਭਾ ਨਹੀਂ ਦਿੱਤਾ ਗਿਆ (ਉਲਾਹਨੋ ਮੈ ਕਾਹੂ ਨ ਦੀਓ—ਗੁਰਵਾਕ)। ਪਰ ਇਕ ਇਹ ਸ਼ਬਦ ਹੈ ਜਿਸ ਵਿਚ ਗੁਰੂ ਨਾਨਕ ਜੀ ਨੇ ਇਹ ਪ੍ਰਤਿਬੰਧ ਤੋੜ ਦਿੱਤਾ। ਜਾਪਦਾ ਹੈ ਬਾਬਰ ਦੇ ਹਮਲੇ ਵੇਲੇ ਦੀ ਨਿਰਦਈ ਕਤਲਾਮ ਤੇ ਲੁੱਟ ਮਾਰ ਹੱਥੋਂ ਹਾਹਾਕਾਰ ਕਰਦੇ ਦੇਸਵਾਸੀਆਂ ਦੇ ਦਰਦ ਨੇ ਬਾਬੇ ਨੂੰ ਵੀ ਰੱਬ ਨੂੰ ਨਿਹੋਰਾ ਮਾਰਨ 'ਤੇ ਮਜਬੂਰ ਕਰ ਦਿੱਤਾ। 2. ਇਕੋ ਜਿਹਾ। 3. ਤਾਕਤਵਰ।

ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ[1] ॥
ਰਤਨ ਵਿਗਾੜਿ ਵਿਗੋਏ[2] ਕੁਤੀਂ[3] ਮੁਇਆ ਸਾਰ ਨ ਕਾਈ ॥
[4]ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥੨॥
ਜੇ ਕੋ ਨਾਉ ਧਰਾਏ ਵਡਾ ਸਾਦ[5] ਕਰੇ ਮਨਿ ਭਾਣੇ ॥
[6]ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥
[7]ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੈ ॥੩॥

—ਆਸਾ ਮ: ੧ (360 : 12)

ਰੱਬਾ ਤੇਰਾ ਭਲਾ ਹੋਵੇ ਅਫ਼ਰੀਕਾ ਨੂੰ ਵਰੋਸਾ ਦੇ।
ਇਸ ਦੇ ਅੰਦਰ ਹੱਛੀਆਂ ਸੜਕਾਂ, ਰਵਿਸ਼ਾਂ ਸਾਫ਼ ਵਿਛਾ ਦੇ।
ਸੁਹਣੇ ਮਾਰਗ, ਛੁਹਲੇ ਚਾਲਕ, ਕਾਰਾਂ ਲੱਖ ਘੁਕਾ ਦੇ।
ਵਸਤ ਅਮੁੱਕ ਤੇ ਧਨ ਬੇਓੜਕ, ਉੱਚੇ ਵਣਜ ਰਚਾ ਦੇ।
ਅੰਨ ਘਣਾ, ਹੇ ਸਿਰਜਣਹਾਰਾ, ਹਰ ਮੁਖ ਤੀਕ ਪੁਚਾ ਦੇ।
ਮੇਰੇ ਮਹਾਂਦੀਪ ਦੀਆਂ ਲੋੜਾਂ, ਕਾਰਜ, ਸਗਲ ਪੁਗਾ ਦੇ।

—ਅਫ਼ਰੀਕਾ ਲਈ ਅਰਦਾਸ



ਹੇ ਸਾਡੇ ਹਮਦਰਦ ਖ਼ੁਦਾ
ਠੰਢ ਸਮੁੰਦਰ ਵਿਚ ਵਰਤਾ।
ਪਉਣ ਸ਼ੂਕਦੀ ਨੂੰ ਠਲ੍ਹ ਪਾ,
ਹਲਕੀ ਜਹੀ ਫੁਹਾਰ ਵਸਾ।
ਤਨ ਸਾਡੇ ਇਸਪਾਤ ਉਗਾ,
ਉੱਦਮ ਹੱਥਾਂ ਵਿਚ ਫੜਾ।
ਤਾਂ ਜੋ ਸਾਡਾ ਕੱਚ-ਤੁਲਹਾ,
ਪੱਤਣ ਉਪਰ ਲੱਗੇ ਜਾ।

---

1. ਪੁੱਛ। 2. ਖ਼ਰਾਬ ਕੀਤੇ। 3. ਕੁੱਤਿਆਂ (ਮੁਗ਼ਲਾਂ) ਨੇ। 4. ਜੋੜਨਾ ਵਿਛੋੜਨਾ ਸਭ ਵਾਹਿਗੁਰੂ ਦੇ ਹੱਥੋਂ ਹੀ ਹੋ ਰਿਹਾ ਹੈ। ਇਹ ਸਭ ਖੇਡ ਉਸ ਦੀ ਵਡਿਆਈ ਹੀ ਪਰਗਟ ਕਰ ਰਹੀ ਹੈ। 5. ਸੁਆਦ। 6. ਪਰ ਹਰੀ ਦੀ ਨਜ਼ਰ ਵਿਚ ਉਹ ਕੀੜਾ ਹੀ ਦਿੱਸੇਗਾ ਜੋ ਦਾਣੇ ਚੁਗਦਾ ਫਿਰਦਾ ਹੈ। 7. ਜੀਵਤ ਭਾਵ ਤੋਂ ਮਰ ਕੇ ਅਸਲ ਜੀਵਣ ਜੀਵੇ।





ਹੇ ਸਾਡੇ ਹਮਦਰਦ ਖ਼ੁਦਾ,
ਦੇਸ ਮੇਰੇ ਦੇ ਪਤਣ ਵਸਾ,
ਵਤਨ ਮੇਰੇ ਦਾ ਭਲਾ ਕਮਾ। *—ਤਨਜ਼ਾਨੀਆ ਦੇ ਮਛੇਰਿਆਂ ਦਾ ਗੀਤ*

## ਕੌਮ ਲਈ ਅਰਦਾਸ

ਜੋ ਲੋਕ ਆਪਣੀ ਕੌਮ ਨਾਲ ਜੁੜੇ ਹੋਂਦੇ ਹਨ, ਉਹ ਆਪਣੀ ਕੌਮ ਲਈ ਵੀ ਅਰਦਾਸ ਕਰਦੇ ਹਨ। ਬਹੁਤੀਆਂ ਕੌਮਾਂ ਦਾ ਆਪੋ ਆਪਣਾ ਦੇਸ ਹੋਂਦਾ ਹੈ, ਪਰ ਕਈ ਕੌਮਾਂ ਦਾ ਆਪਣਾ ਦੇਸ ਕੋਈ ਨਹੀਂ ਹੋਂਦਾ, ਉਹ ਕਈ ਦੇਸਾਂ ਵਿਚ ਵੰਡੀਆਂ ਪਈਆਂ ਹੁੰਦੀਆਂ ਹਨ। ਐਸੀਆਂ ਕੌਮਾਂ ਲਈ ਕੌਮੀਅਤ ਦੇਸ-ਭਗਤੀ ਤੋਂ ਅੱਡਰੀ ਹੋ ਜਾਂਦੀ ਹੈ। ਉਹ ਬੜੀ ਵਾਰ ਦੇਸ ਦੀ ਥਾਂ ਆਪਣੀ ਕੌਮ ਲਈ ਅਰਦਾਸਾਂ ਕਰਦੀਆਂ ਹਨ।

**ਜਹਾਂ ਜਹਾਂ ਖ਼ਾਲਸਾ ਜੀ ਸਾਹਿਬ,**
**ਤਹਾਂ ਤਹਾਂ ਰਛਿਆ ਰਿਆਇਤ,**
**ਦੇਗ ਤੇਗ ਫ਼ਤਹ,**
**ਬਿਰਦ ਕੀ ਪੈਜ,**
**ਪੰਥ ਕੀ ਜੀਤ,**
**ਸਿਰੀ ਸਾਹਿਬ ਜੀ ਸਹਾਇ,**
**ਖ਼ਾਲਸਾ ਜੀ ਕੇ ਬੋਲ ਬਾਲੇ,**
**ਬੋਲੋ ਜੀ ਵਾਹਿਗੁਰੂ!** *—ਸਿਖ ਅਰਦਾਸ ਵਿਚੋਂ*

ਹੇ ਕਰਤਾਰ, ਕੌਮ ਅਪਣੀ ਦੀ ਪਾਈਂ ਦੁਹਾਈ ਤੁੱਧ ਅੱਗੇ,
ਅੱਜ ਭਵਿੱਖ ਸੰਸੇ ਵਿਚ ਮੈਨੂੰ ਕੌਮ ਆਪਣੀ ਦਾ ਲੱਗੇ।
ਲਾਜ ਸ਼ਰਮ ਦੇ ਨਾਲ ਅੱਜ ਇਕਬਾਲ ਖਲੋਤੇ ਕਰਦੇ ਹਾਂ:
ਅਸੀਂ ਨਿਤਾਣ, ਨਿਆਸਰ ਆਪਣੇ ਕਰਮਾਂ ਤੋਂ ਪਏ ਡਰਦੇ ਹਾਂ।
ਧੁਰ ਤੀਕਰ ਹਾਂ ਪਾਟੇ ਹੋਏ, ਬੁਰੀ ਤਰ੍ਹਾਂ ਹੰਕਾਰੇ ਹਾਂ,
ਖ਼ੁਦਪਸੰਦ ਹਾਂ, ਬੇਦਲੀਲ ਹਾਂ, ਲਾਜਹੀਣ, ਹਤਿਆਰੇ ਹਾਂ।
ਵਹਿਸ਼ੀ ਵਾਸ਼ਨਾਵਾਂ ਦੇ ਮਾਰੇ, ਤ੍ਰਿਸ਼ਨਾ ਕੀਤੇ ਝੱਲੇ ਹਾਂ,
ਖੋਰਾਂ, ਸਾੜਿਆਂ ਅਸਾਂ ਗ਼ੁੱਸਿਆ, ਨਿੰਦਿਆ ਦੇ ਘਰ ਘੱਲੇ ਹਾਂ।

ਦਇਆ ਧਰਮ ਤੋਂ ਹਾਂ ਸਖਣਾਏ, ਮਿਲ-ਬੈਠਣ ਤੋਂ ਆਕੀ ਹਾਂ,
ਲੋਭ ਲਾਲਸਾ ਅੰਦਰ ਫਾਥੇ—ਵਿਰਲੇ ਹੀ ਕੋ ਬਾਕੀ ਹਾਂ!
ਛੁਹਲੇ ਛੁਹਲੇ ਕਦਮ ਕਰੇਂਦੇ ਬਰਬਾਦੀ ਵਲ ਧਾਏ ਹਾਂ,
ਅੱਜ ਦੀ ਵਾਰ ਬਚਾ ਲੈ ਸਾਨੂੰ ਦਰ ਤੇਰੇ ਤੇ ਆਏ ਹਾਂ।
ਅਸੀਂ ਗੁਨਾਹੀ ਅੰਦਰੋਂ ਕੰਬਦੇ, ਬਖ਼ਸ਼ ਖ਼ਤਾਵਾਂ ਸਾਡੜੀਆਂ,
ਝਾੜ ਝੰਭ ਕੇ ਮੁੜ ਲਿਸ਼ਕਾ ਦੇ ਭ੍ਰਸ਼ਟ ਅਸਾਡੀਆਂ ਵਾਦੜੀਆਂ।
ਹੁਣ ਦੀ ਵਾਰ ਬਚਾ ਲੈ ਸਾਨੂੰ ਪਾਈਂ ਵਾਸਤਾ ਸਤਿਗੁਰ ਦਾ,
ਮੁੜ ਕੇ ਅਸਾਂ ਬਣਾ ਦੇ ਵਾਸੀ ਆਪਨੜੇ ਆਨੰਦਪੁਰ ਦਾ।

*—ਜ.ਸ.ਨ.*

## ਧਰਤੀ ਲਈ ਅਰਦਾਸ






ਜੋ ਜੋ ਲੋਕ ਸਮੁੱਚੀ ਧਰਤੀ ਨਾਲ ਜੁੜਦੇ ਹਨ, ਉਹ ਧਰਤੀ ਦੇ ਕਿਰਤੱਗ ਹੋ, ਉਸ ਲਈ ਅਰਜ਼ੋਈਆਂ ਕਰਦੇ ਹਨ:

ਹੇ ਧਰਤੇ, ਤੁਧ ਅਸਾਂ ਧਾਰਿਆ,
ਤੁਧ ਧਾਰੇ ਕਰਤਾਰ।
ਅਸਾਂ ਗ਼ਰੀਬ ਨਿਆਸਰਿਆਂ ਤੇ
ਤੇਰੀ ਮਿਹਰ ਅਪਾਰ।
ਥਾਂ ਦੇਵੇਂ, ਅੰਨ-ਪਾਣੀ ਦੇਵੇਂ,
ਗੋਦੀ ਵਿਚ ਖਿਡਾਏਂ,
ਮੋਇਆਂ, ਛਾਤੀ ਨਾਲ ਆਪਣੀ
ਲਾ ਕੇ, ਅਸਾਂ ਸੁਆਏਂ।

*—ਜ਼ਿੰਬਾਬਵੇ ਦਾ ਇਕ ਲੋਕ-ਗੀਤ*

ਹੇ ਧਰਤੇ, ਮੈਂ ਸਾਹਿਲ ਤੇਰੇ ਇਕ ਅਜਨਬੀ ਆਇਆ।
ਫਿਰ ਮਹਿਮਾਨ ਹੋਇ ਕੇ, ਤੇਰੇ ਘਰ ਵਿਚ ਸਮਾਂ ਬਿਤਾਇਆ।
ਹੁਣ ਤੁਧ ਪਾਸੋਂ ਵਿਦਾ ਹੋਵੰਦਿਆਂ, ਸੱਚ ਜਾਣੀਂ, ਸੱਚ ਆਖਾਂ,
ਮਿਤ੍ਰਾਂ ਕੋਲੋਂ ਵਿਛੜਨ ਵਰਗਾ ਦਿਲ ਨੂੰ ਡੋਬੂ ਆਇਆ।

*—ਰਾਬਿੰਦਰ ਨਾਥ ਟੈਗੋਰ*



ਹੇ ਕਰਤਾਰ ਅਨੇਕਾਂ ਨਾਮਾਂ ਵਾਲੇ,
ਸਭ ਕੌਮਾਂ ਸਭ ਧਰਮਾਂ ਦੇ ਰਖਵਾਲੇ,
ਇਸ ਧਰਤੀ ਤੇ ਅਮਨ ਦੀ ਖ਼ਾਤਰ ਕਰਦੇ ਹਾਂ ਅਰਦਾਸ!
ਬੋਲ ਰਹੇ ਹਾਂ ਸੱਚੇ ਦਿਲ ਤੋਂ
ਅਪਣੇ ਘਰ 'ਚੋਂ, ਕੌਮ ਅਪਣੀ ਚੋਂ,
ਦਿਲ ਅਪਣੇ ਵਿਚ ਧਰ ਕੇ ਸਾਰੀ ਧਰਤੀ ਦਾ ਧਰਵਾਸ!
ਜਾਣ ਲਿਆ ਹੈ,
ਕੇਵਲ ਤੁਧ ਭਾਣੇ ਦੀ ਸ਼ਾਂਤੀ
ਆ ਸਕਦੀ ਏ ਏਸ ਦੁਨੀ ਨੂੰ ਰਾਸ! —ਅਨਾਮ

## ਚੰਗੇ ਮਨੁੱਖਾਂ ਲਈ ਅਰਦਾਸ

ਚੰਗੇ ਮਨੁੱਖਾਂ ਦੀ ਚੰਗਿਆਈ ਵੇਖ ਕੇ ਬੇਅਖ਼ਤਿਆਰ ਉਹਨਾਂ ਵਾਸਤੇ ਮੂੰਹੋਂ ਅਸੀਸ ਤੇ ਦਿਲੋਂ ਅਰਦਾਸ ਨਿਕਲਦੀ ਹੈ। ਹੇਠਲੀ ਅਰਦਾਸ ਇਕ ਬੜਾ ਪਿਆਰਾ ਨਮੂਨਾ ਹੈ:

ਕੁੰਤੀ, ਜੋ ਰਹਿੰਦੀ ਉਸ ਢਾਰੇ
ਝੌਂਪੜ-ਪੱਟੀ ਦੇ ਵਿਚਕਾਰੇ,
ਅਨਪੜ੍ਹ, ਗਿਆਨਹੀਣ ਲਟਬੌਰੀ,
ਜਗ ਦੀ ਚਤੁਰਾਈ ਤੋਂ ਕੋਰੀ।
ਕੋਈ ਸਿਆਣਪ ਓਨ ਨ ਆਵੇ
ਪਰ ਮਿਹਨਤ ਦਿਨ ਰਾਤ ਕਮਾਵੇ।
ਚਿੱਤ ਲਗਾ ਕੇ ਕਰੇ ਮਜੂਰੀ,
ਤਾਂ ਵੀ ਉਸ ਦੀ ਪਵੇ ਨ ਪੂਰੀ।


ਵਿਧਵਾ ਹੋਈ ਦਹਾਕਾ ਹੋਇਆ,
ਭੀ ਇਨ ਟੱਬਰ ਹੀਏ ਸਮੋਇਆ।
ਇਕ ਆਪ, ਤਿੰਨ ਬਾਲ ਓਸਦੇ,
ਸੱਸ ਸਹੁਰਾ ਵੀ ਨਾਲ ਓਸਦੇ,
ਜਿਵ ਕਿਵ ਕੁਝ ਉਹਨਾਂ ਮੂੰਹ ਘੱਤੇ,
ਆਪ, ਨ ਜੁੜੇ, ਤਾਂ ਫ਼ਾਕੇ ਕੱਟੇ।

ਅੱਜ ਸਭ ਸੱਖਣੇ ਉਸ ਦੇ ਆਲੇ
ਖ਼ਾਲੀ ਕੰਧਾਂ ਆਲ ਦੁਆਲੇ।
ਕੋਰੀਆਂ ਕੰਧਾਂ ਵਿਚ ਸਿਰ ਮਾਰੇ ?
ਮਦਦ ਲਈ ਕਿਸ ਤਾਈਂ ਪੁਕਾਰੇ ?
ਤਰਸ ਕਰਨ ਉਸ ਤੇ ਹਮਸਾਏ,
ਨਿਰਾ ਤਰਸ ਕਿਹੜੇ ਕੰਮ ਆਏ ?
ਮਦਦ ਕਰਨ ਨੂੰ ਕੋਈ ਨ ਉੱਠੇ,
ਓਥੇ ਸਭ ਦੇ ਦੇਹੁੰ ਅਪੁੱਠੇ !

ਭਾਵੇਂ ਓਨ ਗ਼ਰੀਬੀ ਛਿਲਦੀ,
ਫਿਰ ਵੀ ਬੱਤੀ ਹਸਦੀ ਮਿਲਦੀ।
ਦੁੱਖ ਦੀ ਖਿੱਲੀ ਰਹੇ ਉਡਾਂਦੀ,
ਨਿਰਮਲ ਹਾਸ ਰਹੇ ਵਰਤਾਂਦੀ।
ਮਨ ਵਿਚ ਰੰਜ ਨ ਰਖਦੀ ਮਾਸਾ,
ਵੰਡਦੀ ਵੱਤੇ ਝਮ ਝਮ ਹਾਸਾ।
ਜਿਥੇ ਜਾਂਦੀ, ਓਥੇ ਹੱਸਦੀ
ਖਿੜ ਖਿੜ ਜਾਂਦੀ ਸਗਲੀ ਬਸਤੀ।
ਸਭ ਜੀਆਂ ਉਹ ਲਗੇ ਪਿਆਰੀ
ਉਹ ਵੀ ਸਭ ਤੋਂ ਜਾਂਦੀ ਵਾਰੀ।
ਸੱਕਿਆਂ ਉਤੋਂ ਜਾਨ ਲੁਟਾਵੇ,
ਅਣਸੱਕਿਆਂ ਵੀ ਸੀਨੇ ਲਾਵੇ।
ਆਏ ਗਏ ਦੀ ਸੇਵਾ ਕਰਦੀ
ਹਰ ਹਮਸਾਏ ਦੀ ਉਹ ਦਰਦੀ।

ਉਸ ਦੇ ਮਨ ਲੱਗੇ ਇਹ ਬਸਤੀ,
ਅੱਵਲ ਦਿਹੁੰ ਤੋਂ ਜਿਥੇ ਵਸਦੀ।
ਬਸਤੀ ਵਾਲੇ ਓਨ ਪਿਆਰੇ,
ਜਿੰਦ ਉਹਨਾਂ ਤੋਂ ਕਰਦੀ ਵਾਰੇ।





ਮੱਥੇ ਸ਼ਿਕਨ ਨ ਪਾਵੇ ਮਾਸਾ,
ਖਿੜੀ ਧੁੱਪ ਜਿਹਾ ਹੱਸੇ ਹਾਸਾ।
ਧੁਰ ਆਤਮ ਦੇ ਅੰਦਰੋਂ ਹੱਸੇ,
ਉਸ ਹਾਸੇ ਪਰਮਾਤਮ ਵੱਸੇ।

ਅੱਜ, ਪਰ, ਉਸ ਦੇ ਆਲ ਦੁਆਲੇ,
ਕੋਰੀਆਂ ਕੰਧਾਂ, ਸੱਖਣੇ ਆਲੇ,
ਸੱਖਣੀ ਥਾਲੀ, ਸਖਣੀ ਕੌਲੀ
ਆਸਹੀਣ ਅੱਜ ਉਸ ਦੀ ਖੋਲੀ।
ਭੋਰਾ ਅੰਨ ਨ ਉਸ ਦੇ ਪੱਲੇ,
ਕੀਕਣ ਦਿਲ ਅਪਣੇ ਨੂੰ ਠੱਲੇ?
ਕੀ ਬੱਚਿਆਂ ਦੇ ਮੂੰਹ ਵਿਚ ਪਾਵੇ?
ਕਿਵ ਅੱਜ ਦਾ ਤਿਉਹਾਰ ਮਨਾਵੇ?

ਹੇ ਮਾਲਕ, ਤੇਰੇ ਹੱਥ ਜੋੜਾਂ—
ਪੂਰੀਆਂ ਕਰ ਕੁੰਤੀ ਦੀਆਂ ਲੋੜਾਂ।
ਢਿਲਾ ਕਰ ਕੁਝ ਉਸ ਦਾ ਪਾਸਾ,
ਮਤ ਸੁਕ ਜਾਵੇ ਉਸ ਦਾ ਹਾਸਾ।

*—ਐਮ.ਏ. ਟਾਮਸ*



## ਦੁਸ਼ਮਨਾਂ ਲਈ ਅਰਦਾਸ

ਸੱਜਣਾਂ ਲਈ ਤਾਂ ਹਰ ਕੋਈ ਅਰਦਾਸ ਕਰਦਾ ਹੈ, ਪਰ ਜਦੋਂ ਰੱਬ ਦੀ ਮਿਹਰ ਹੋਵੇ ਤੇ ਮਨ ਆਪਣੇ-ਬਿਗਾਨੇ, ਮਿੱਤਰ-ਵੈਰੀ ਦੇ ਭੇਦ ਤੋਂ ਉਪਰ ਉਠ ਜਾਵੇ ਤਾਂ 'ਵੈਰੀਆਂ' ਲਈ ਅਰਦਾਸ ਕਰਨੀ ਵੀ ਉਤਨੀ ਹੀ ਆਸਾਨ ਹੋ ਜਾਂਦੀ ਹੈ ਜਿਤਨੀ ਸੱਜਣਾਂ ਲਈ, ਕਿਉਂਕਿ:

**ਬਿਸਰਿ ਗਈ ਸਭ ਤਾਤਿ[1] ਪਰਾਈ॥**
**ਜਬ ਤੇ ਸਾਧ ਸੰਗਤਿ ਮੋਹਿ ਪਾਈ॥੧॥ਰਹਾਉ॥**
**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥੧॥**

1. ਈਰਖਾ, ਸਾੜਾ।

**ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ[1] ਸਾਧੂ[2] ਤੇ ਪਾਈ ॥੨॥**
**ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ[3] ॥੩॥**

*—ਕਾਨੜਾ ਮ: ੫ (1299 : 13)*

ਹੇ ਪ੍ਰਭੂ, ਕਿਉਂ ਨਾ ਸ਼ੁਭ-ਵਿਚਾਰ ਉਪਜਾਵਾਂ
ਇਨ੍ਹਾਂ ਨੇਕ ਇਨਸਾਨਾਂ ਖ਼ਾਤਰ ?—
ਪਹਿਲਾ, ਜਿਸ ਦਾ ਮੈਂ ਪਰਸੰਸਕ,
ਕਿਉਂ ਨਾ ਉਸ ਵਲ ਸਿਦਕ ਦਿਲੀ ਦਾ ਹੱਥ ਵਧਾਵਾਂ ?
ਦੂਜਾ, ਜਿਸ ਤੋਂ ਮੈਂ ਨਾਵਾਕਫ਼
ਕਿਉਂ ਨਾ ਉਸ ਵਲ ਸਦਭਾਵਨ ਦਾ ਹੱਥ ਵਧਾਵਾਂ ?
ਤੀਜਾ, ਜਿਹੜਾ ਸ਼ਤ੍ਰੂ ਮੇਰਾ,
ਕਿਉਂ ਨਾ ਉਸ ਵਲ ਵੀ ਸ਼ੁਭ-ਚਿੰਤਕ ਹੱਥ ਵਧਾਵਾਂ ?
ਜੇਕਰ ਇਸ ਪ੍ਰਾਰਥਨਾ ਮਗਰੋਂ
ਸ਼ਤ੍ਰੂ ਖ਼ਾਤਰ ਨਫ਼ਰਤ ਰੱਖਾਂ,
ਤਾਂ ਮੈਨੂੰ ਕੋ ਨਦਰ ਨਸੀਬ ਨਾ ਹੋਵੇ;
ਪਰ ਜੇ ਐਸੇ ਭਾਵ ਸਮੇਟ ਗੁਜ਼ਾਰਾਂ,
ਕਿਉਂ ਫਿਰ ਸ਼ਤ੍ਰੂ ਤੁਰਤ ਹਬੀਬ ਨਾ ਹੋਵੇ ?

*—ਗਿਆਨ ਤਿਲੋਕ (ਬੋਧ ਭਿਕਸ਼ੂ) 'ਤੇ ਆਧਾਰਿਤ*



ਸਜਨਾ ਜੀ, ਕਰ ਦੂਰ ਦਿਲਾਂ ਦੀਆਂ ਕੌੜਾਂ,
ਸਰਬ ਸਮਾਲਣਹਾਰ ਤੇਰੇ ਜਗ ਘੁਰੀਆਂ ਕਹੀਆਂ ਸੌੜਾਂ ?

ਥੋੜਾਂ ਦਾ ਭਰਿਆ ਮਨ ਮੇਰਾ,
ਤੁਸੀਂ ਤਾਂ ਸੁਧੀ ਸਖ਼ਾਵਤ।
ਮੇਰੇ ਹੀ ਆ ਵੜੀ ਕਦੂਰਤ
ਵਹਿਸ਼ਤ ਅਤੇ ਅਦਾਵਤ।
ਕਿਵ ਨਿਜ-ਹੁਦਰੇ ਮਨ ਅਪਣੇ ਨੂੰ ਦੁਰਚਿੰਤਨ ਤੋਂ ਹੋੜਾਂ ?

---

1. ਚੰਗੀ ਮਤਿ। 2. ਗੁਰੂ ਸਾਧੂ। 3 ਖਿੜ ਜਾਂਦਾ ਹੈ।

ਦਿਲੋਂ ਮਨਾਈਏ ਭਲਾ ਸਭਸ ਦਾ
ਤੁਸਾਂ ਹਿਦਾਇਤ ਕੀਤੀ;
ਘੋਰ ਬੇਅਦਬੀ! ਅਸਾਂ ਨਿਲੱਜਿਆਂ
ਕੀਤੀ ਬੇਪਰਤੀਤੀ।
ਜਿਨ੍ਹਾਂ ਅਮਿੱਤਰ ਮਿਥ ਬੈਠਾ ਹਾਂ, ਉਨ ਖ਼ਾਤਰ ਹੱਥ ਜੋੜਾਂ।

ਇਕਨਾਂ ਵਲੋਂ ਤਾਂ ਅਸੀਂ ਹੋ ਗਏ
ਮੋਹ-ਮਮਤਾ ਦੇ ਮੁੱਠੇ।
ਇਕਨਾਂ ਨੂੰ ਵੈਰੀ ਮੰਨ ਬੈਠੇ
ਕੁੰਠ-ਭਾਵਨਾ ਕੁੱਠੇ।
ਇਸ ਨਫ਼ਰਤ ਦੇ ਪੀਡੇ ਜੰਦਰੇ ਕਿਹੜੇ ਹੀਲੇ ਤੋੜਾਂ?

ਤੂੰ ਅਵੱਸ਼ ਸਾਡੇ ਮਿਤ੍ਰਾਂ ਦਾ
ਬਣਿਆ ਰਹੁ ਰਖਵਾਲਾ
ਐਪਰ ਇਨ੍ਹਾਂ ਅਮਿਤ੍ਰਾਂ ਤਾਈਂ
ਪਹਿਲਾਂ ਕਰੀ ਸੁਖਾਲਾ।
ਜਿਨ੍ਹਾਂ ਸਦਾ ਚਿੱਤ ਰਖਿਆ ਮੈਨੂੰ, ਮੈਂ ਉਨ ਕੀਕਣ ਛੋੜਾਂ?

*—ਜ.ਸ.ਨ.*

## ਸਰਬੱਤ ਦੇ ਭਲੇ ਦੀ ਅਰਦਾਸ

ਜੋ ਸਰਬੱਤ ਨੂੰ ਆਪਣੇ ਹੀ ਪਿਤਾ ਪਰਮਾਤਮਾ ਦੀ ਸੰਤਾਨ ਜਾਣਦੇ ਤੇ ਮੰਨਦੇ ਹਨ, ਉਹਨਾਂ ਲਈ ਸਰਬੱਤ ਦੇ ਭਲੇ ਦੀ ਅਰਦਾਸ ਸੁਭਾਵਕ ਹੈ:

**[1]ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥**
**[2]ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ॥**

*—ਬਿਲਾਵਲ ਵਾਰ ਮ: ੪, ਸਲੋਕ ਮ: ੩ (853 : 10)*

**ਨਾਨਕ ਨਾਮ ਚੜ੍ਹਦੀ ਕਲਾ॥**
**ਤੇਰੇ ਭਾਣੇ ਸਰਬਤ ਕਾ ਭਲਾ॥** *—ਸਿਖ ਜਮਾਤੀ ਅਰਦਾਸ*

---

1. (ਦ੍ਵੈਤ ਭਾਵ ਵਿਚ) ਸੜਦੇ ਇਸ ਸੰਸਾਰ ਨੂੰ ਬਚਾ ਲੈ। 2. ਜਿਸ ਰਸਤੇ ਵੀ (ਜਿਸ ਤਰੀਕੇ ਨਾਲ ਵੀ) ਬਚ ਸਕਦਾ ਹੈ, ਉਸੇ ਨਾਲ ਬਚਾ ਲਓ।

ਜੋ ਮੇਰੇ ਘਰ ਜੰਮਿਆ ਤੇਰਾ ਬੇਟਾ ਹੈ;
ਜੋ ਅਗਲੇ ਘਰ ਜੰਮਿਆ ਤੇਰਾ ਬੇਟਾ ਹੈ;
ਜਿਸ ਘਰ ਵੀ ਕੋ ਜੰਮਿਆ ਤੇਰਾ ਬੇਟਾ ਹੈ;
ਜੋ ਵੀ ਏਥੇ ਜੰਮਿਆ, ਤੇਰਾ ਬੇਟਾ ਹੈ।
ਅਪਣੇ ਜਾਇਆਂ ਉਪਰ ਐਸਾ ਕਰਮ ਕਮਾ—
ਇਕ ਦੂਜੇ ਤੋਂ ਇਕ ਦੂਜੇ ਦੀ ਸੇਵ ਕਰਾ।

*—ਸੂਡਾਨ ਦੀ ਇਕ ਲੋਕ-ਦੁਆ*

ਇਕ ਸ਼ੁਭ-ਇੱਛਾ ਉਨ੍ਹਾਂ ਲਈ ਵੀ—
ਜੇਲ-ਕੋਠੜੀ ਜਿਨ੍ਹਾਂ ਜਰੀ ਕਿ ਅਸੀਂ ਹੰਢਾਈਏ ਖੁੱਲ੍ਹਾਂ।
ਇਕ ਸ਼ੁਭ-ਇੱਛਾ ਉਨ੍ਹਾਂ ਲਈ ਵੀ—
ਸੜੇ ਗਲੇ ਜੋ ਨ੍ਹੇਰੇ ਵਿਚ ਕਿ ਅਸੀਂ ਮਾਣੀਏ ਧੁੱਪਾਂ।
ਇਕ ਸ਼ੁਭ-ਇੱਛਾ ਉਨ੍ਹਾਂ ਲਈ ਵੀ—
ਛਾਤੀ ਜਿਨ ਕੁਟਵਾਈ ਕਿ ਸਾਨੂੰ ਆਵੇ ਸਾਹ ਸੁਖਾਲਾ।
ਇਕ ਸ਼ੁਭ-ਇੱਛਾ ਉਨ੍ਹਾਂ ਲਈ ਵੀ—
ਜਿਨ੍ਹਾਂ ਅਸਾਡੀ ਰਖਿਆ ਖ਼ਾਤਰ ਮੂੰਹ ਨੂੰ ਲਾ ਲਿਆ ਤਾਲਾ।
ਇਕ ਸ਼ੁਭ-ਇੱਛਾ ਉਨ੍ਹਾਂ ਲਈ ਵੀ—
ਪਿੱਠਾਂ ਜਿਨ੍ਹਾਂ ਤੁੜਾ ਲਈਆਂ ਕਿ ਕਮਰ ਨ ਸਾਡੀ ਝੁੱਕੇ।
ਇਕ ਸ਼ੁਭ-ਇੱਛਾ ਉਨ੍ਹਾਂ ਲਈ ਵੀ—
ਧੱਪੇ ਖਾਧੇ ਜਿਨ੍ਹਾਂ ਕਿ ਹੱਥ ਅਸਾਂ ਤੇ ਕੋਇ ਨ ਉੱਠੇ।
ਇਕ ਸ਼ੁਭ-ਇੱਛਾ ਉਨ੍ਹਾਂ ਲਈ ਵੀ—
ਬੁੱਜੇ ਲੀਤੇ ਜਿਨ੍ਹਾਂ ਕਿ ਸਾਡੇ ਬੋਲ ਨਿਡਰ ਹੋ ਬੋਲਣ।
ਇਕ ਸ਼ੁਭ-ਇੱਛਾ ਉਨ੍ਹਾਂ ਲਈ ਵੀ—
ਤਾਣ ਜਿਨ੍ਹਾਂ ਮਿਧਵਾਏ ਕਿ ਸਾਡਾ ਮਾਣ ਨ ਕੋਈ ਰੋਲਣ।
ਇਕ ਸ਼ੁਭ-ਇੱਛਾ ਉਨ੍ਹਾਂ ਲਈ ਵੀ—
ਸੋਗ ਜਿਨ੍ਹਾਂ ਘਰ ਵਰਤੇ ਤਾਂ ਜੋ ਹੋਰ ਨ ਕੋਈ ਰੋਵੇ।
ਇਕ ਸ਼ੁਭ-ਇੱਛਾ ਉਨ੍ਹਾਂ ਲਈ ਵੀ—
ਜਿਨ ਦੇ ਦੇਸ ਗ਼ੁਲਾਮ, ਕਿ ਸਾਡਾ ਦੇਸ ਸੁਤੰਤਰ ਹੋਵੇ।

ਇਕ ਸ਼ੁਭ-ਇੱਛਾ ਉਨ੍ਹਾਂ ਲਈ ਵੀ—
ਜਿਨ ਜ਼ਾਲਮ ਲੋਕਾਂ ਨੇ ਸਿਖਿਆ ਕੇਵਲ ਜ਼ੁਲਮ ਕਮਾਣਾ,
ਤੇ ਜਿਨ ਤਲਬਾਂ ਪੈਣੀਆਂ ਤੱਤੀਆਂ ਜਦ ਹਿਸਾਬ-ਦਿਨ ਆਣਾ।

*—ਐਮਨੈਸਟੀ ਇੰਟਰਨੈਸ਼ਨਲ*

ਸਜਨਾ ਜੀ, ਸਭ ਸਾਡੇ ਮਿੱਤ ਪਿਆਰੇ—
ਕੁਝ ਨੇੜੇ, ਕੁਝ ਦੂਰ ਅਸਾਥੋਂ ਆਪ ਤੁਸਾਂ ਖਲਿਆਰੇ।

ਇਕਨਾਂ ਅਸਾਂ ਮਿੱਤ ਕਰ ਮੰਨਿਆ,
ਇਕਨਾਂ ਮਨੋਂ ਭੁਲਾਇਆ।
ਪਿਛਲਾ ਖਾਤਾ ਪਾੜ ਅਸਾਂ ਅੱਜ
ਉਨ ਵੀ ਮਿੱਤ ਬਣਾਇਆ।
ਨਾ ਵੈਰੀ, ਨਾ ਰਿਹਾ ਬਿਗਾਨਾ, ਨੇਤਰ ਗਏ ਸਵਾਰੇ।

ਸਜਨਾ ਜੀ, ਸਭ ਜੀਅ ਤੁਸਾਡੇ,
ਬੁਰਾ ਭਲਾ ਕਿਨ ਕਹੀਏ ?
ਸਭਨਾਂ ਖ਼ਾਤਰ ਹੱਥ ਜੋੜੀਏ,
ਸਭ ਦੀਆਂ ਖ਼ੁਸ਼ੀਆਂ ਲਈਏ।
ਸਭ ਜੀਆਂ ਸ਼ੁਭ-ਸੋਝੀ ਬਖਸ਼ੋ, ਸਭ ਤੋਂ ਜਾਵਨ ਵਾਰੇ।

ਸਜਨਾ ਜੀ, ਮੁਝ ਮਿੱਤ੍ਰਾਂ ਸੰਦੀ
ਸੇਵਾ ਵਿਚ ਲਗਾਵੋ।
ਕਿਉਂ ਜ਼ਿੰਦਗਾਨੀ ਹੋਏ ਵੈਰਾਨੀ,
ਕੁਝ ਤਾਂ ਹੱਜ ਦਿਵਾਵੋ।
ਐਵੇਂ ਨਾ ਏਥੋਂ ਤੁਰ ਜਾਈਏ ਧਾਵਣੀਆਂ ਦੇ ਮਾਰੇ।

ਸਜਨਾ ਜੀ, ਹਰ ਜੀਅ ਸੁਖਾਲਾ,
ਟਬਰ ਸੁਖਾਲਾ ਹੋਵੇ।
ਦੁਨੀਆ ਦਾ ਹਰ ਦੇਸ ਸੁਖਾਲਾ,
ਨਗਰ ਸੁਖਾਲਾ ਹੋਵੇ।
ਮਿਹਰ ਕਰੋ ਸ਼ੁਭ ਇੱਛਾ ਵਰਤੇ ਸਭ ਕੌਮਾਂ ਵਿਚਕਾਰੇ। *—ਜ.ਸ.ਨ.*

ਹੇ ਸੁਆਮੀ, ਕਰ ਕਿਰਪਾ ਅਸਾਂ ਅਪਾਰ।
ਵਰਤੇ ਸ਼ਾਂਤੀ ਸਾਰੇ ਹੀ ਸੰਸਾਰ।
ਘਨ ਬਰਸੇ, ਅੰਨ ਪਾਣੀ ਹੋਵੇ ਮੁੱਚ,
ਜ਼ੀਵੇ ਮਾਲ-ਮਿਲਖ, ਹਰਖਾਏ ਮਨੁੱਖ!
ਓਮ ਸ਼ਾਂਤੀ! ਸ਼ਾਂਤੀ! ਸ਼ਾਂਤੀ!

*—ਇਕ ਵੈਦਿਕ ਪ੍ਰਾਰਥਨਾ*

ਕੋਈ ਨਹੀਂ ਇਸ ਜਗ ਵਿਚ ਸਜਨਾ, ਜੋ ਨਹੀਂ ਤੇਰਾ ਅਪਣਾ।
ਤੇਰੇ ਹਰ ਅਪਣੇ ਨੇ ਸਜਨਾ, ਨਾਮ ਤੇਰਾ ਹੀ ਜਪਣਾ।

ਸਾਜ ਧਰੇਂ ਜੀ ਵੰਨ ਸੁਵੰਨੇ, ਪਰ ਸਭ ਲੋੜਾਂ ਮਾਰੇ,
ਲੋੜਵੰਦਾਂ ਦੀਆਂ ਲੋੜਾਂ ਤਾਈਂ, ਵਿਣ ਤੁਧ ਕਉਣ ਵਿਚਾਰੇ?
ਸਾਂਭ ਉਹਨਾਂ ਨੂੰ, ਰੋਕ ਉਹਨਾਂ ਦਾ ਲੋੜਾਂ ਖ਼ਾਤਰ ਖਪਣਾ।



ਆਪੇ ਤੂੰ ਉਹਨਾਂ ਦੇ ਮਸਤਕ ਚਪਲ ਕਾਮਨਾ ਪਾਈ।
ਤਾਂ ਹੀ ਤਾਂ ਹਰ ਪਲ ਕੋ ਸੁਪਨਾ ਲੈਂਦੇ ਫਿਰਨ ਸੁਦਾਈ।
ਪੂਰਾ ਵੀ ਤਾਂ ਤੂੰ ਹੀ ਕਰਨਾ ਹਰ ਪ੍ਰਾਣੀ ਦਾ ਸਪਨਾ।

ਉਹ ਤਾਂ ਤੈਨੂੰ ਹਾਕਾਂ ਮਾਰਨ ਤੈਨੂੰ ਦੂਰ ਸਮਝ ਕੇ।
ਤੂਈਂ ਉਨ੍ਹਾਂ ਦੇ ਸਾਹਵੇਂ ਆ ਜਾ ਉਨ ਮਜਬੂਰ ਸਮਝ ਕੇ।
ਮੈਂ ਪੁੱਛਾ: ਕੱਦ ਛੋੜੇਂ ਗਾ ਤੂੰ ਇੰਜ ਅਸਾਥੋਂ ਛਪਣਾ?

ਨਾਮ ਆਪਣੇ ਸਰਬ ਜੀਆਂ ਦਾ ਭਲਾ ਤੂੰ ਆਪੇ ਲਾਇਆ।
ਫਿਰ ਉਹਨਾਂ ਨੂੰ ਤਰਸਣ ਖ਼ਾਤਰ ਕਿਉਂ ਛਡਿਓ ਰਘੁਰਾਇਆ?
ਕੇ ਸੁਖ ਤੈਨੂੰ ਵੇਖ ਉਨ੍ਹਾਂ ਦਾ ਇੰਜ ਦੁਨੀ ਵਿਚ ਤਪਣਾ?

ਕਰ ਮਿਹਰਾਮਤ ਜਨ ਸਗਲੇ ਤੇ, ਸਗਲ ਸਿਰਜਨਾ ਤੇਰੀ;
ਘਲ ਸਾਮੱਗ੍ਰੀ ਸਭਨਾ ਖ਼ਾਤਰ ਅਗਿਓਂ ਵੀ ਅਗਲੇਰੀ।
ਲੋੜ ਨ ਪਵੇ ਕਿਸੇ ਨੂੰ ਅਪਣਾ ਦਸਤਰਖ਼ਾਨ ਉਥੱਪਣਾ।






ਹੇ ਸਾਈਆਂ ਜੀ, ਅਸਾਂ ਤਾਂ ਕੇਵਲ ਝੋਲੀ ਅੱਡਣੀ ਜਾਣੀ।
ਜੋ ਕੋਈ ਵਸਤ ਉਹਦੇ ਵਿਚ ਪੈਣੀ, ਉਹ ਤਾਂ ਤੂੰ ਹੇ ਪਾਣੀ।
ਇਕੋ ਵਾਰੀ ਪਾ ਦੇ ਸਾਰੀ—ਕਿਸ ਹੱਥ ਤੇਰਾ ਨੱਪਣਾ ?

ਅੱਵਲ ਵੀ ਤੂੰ ਆਪੇ ਦੇਵੇਂ, ਆਖ਼ਰ ਵੀ ਤੂੰ ਆਪੇ,
ਕਿਰਸ ਆਪਣੇ ਬੱਚਿਆਂ ਉਤੇ ਕਦੋਂ ਕਰੇਂਦੇ ਮਾਪੇ ?
ਸਾਨੂੰ ਕੁਝ ਸੰਤੋਖ ਵੀ ਦੇ ਦੇ, ਛੁੱਟ ਜਾਵੇ ਇਹ ਖਪਣਾ !

—ਅਨਾਮ

# ਸਭੇ ਸਾਂਝੀਵਾਲ ਸਦਾਇਨਿ



ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥

*— ਸੋਰਠਿ ਮ: ੫ (611:19)*



ਰਾਜਾ ਤੇ ਪਰਜਾ, ਮਾਲਕ ਤੇ ਦਾਸ, ਦੋ ਥਾਵਾਂ 'ਤੇ
ਬਿਲਕੁਲ ਬਰਾਬਰ ਹੋ ਜਾਂਦੇ ਹਨ—ਇਕ ਰੱਬ ਦੇ
ਦਰਬਾਰ ਵਿਚ, ਦੂਜਾ ਕਬਰ ਦੇ
ਭਾਰ ਹੇਠ।

—*ਕੋਲਟਨ*

# 20

# ਸਭੇ ਸਾਂਝੀਵਾਲ ਸਦਾਇਨਿ



ਜਦੋਂ ਸਭੇ ਜੀਅ ਇੱਕੋ ਪਿਤਾ-ਪਰਮਾਤਮਾ ਦੀ ਸੰਤਾਨ ਹਨ ਤਾਂ ਸਾਰੇ ਅਸਲੋਂ ਇਕੋ ਟੱਬਰ ਦੇ ਜੀਅ ਹਨ। ਪਰ ਸਾਡੀ ਤਮ੍ਹਾ ਨੇ, ਸਾਡੀਆਂ ਖ਼ੁਦ-ਗ਼ਰਜ਼ੀਆਂ ਨੇ ਵਿਤਕਰੇ ਪਾ ਰੱਖੇ ਹਨ। ਧਰਮ ਦੇ ਆਧਾਰ 'ਤੇ, ਜਾਤਿ ਦੇ ਆਧਾਰ 'ਤੇ, ਨਸਲ ਦੇ ਆਧਾਰ 'ਤੇ, ਬੋਲੀਆਂ ਦੇ ਆਧਾਰ 'ਤੇ, ਰੰਗ ਦੇ ਆਧਾਰ 'ਤੇ, ਤੇ ਹੋਰ ਅਨੇਕਾਂ ਗੱਲਾਂ ਦੇ ਆਧਾਰ 'ਤੇ ਅਸਾਂ ਤਫ਼ੱਰਕੇ ਪਾਏ ਹੋਏ ਹਨ। ਇਹ ਸਾਰੇ ਭੇਦ-ਭਾਵ ਇਸ ਗੱਲ ਦਾ ਪ੍ਰਮਾਣ ਹਨ ਕਿ ਅਸਾਂ ਸਭ ਨੇ **'ਏਕੁ ਪਿਤਾ, ਏਕਸ ਕੇ ਹਮ ਬਾਰਿਕ'**[1] ਵਾਲਾ ਸ਼ੁਭ ਉਪਦੇਸ਼ ਅਜੇ ਵੀ ਅਪਣਾਇਆ ਨਹੀਂ। ਸਾਨੂੰ ਅਜੇ ਵੀ ਇਹ ਆਦੇਸ਼ ਅੰਦਰ ਵਸਾਉਣ ਦੀ ਲੋੜ ਹੈ ਕਿ:

**ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ ॥**[2]

ਧਰਮ ਤਾਂ ਵਿਤਕਰੇ ਮਿਟਾਉਣ ਦੇ ਜਤਨ ਕਰਦਾ ਹੈ। ਇਹ ਤਾਂ ਸਾਡੀਆਂ ਖ਼ੁਦ-ਗ਼ਰਜ਼ੀਆਂ ਹਨ ਜੋ ਧਰਮ ਨੂੰ ਵੀ ਵਿਤਕਰੇ ਪਾਉਣ ਦਾ ਸਾਧਨ ਬਣਾ ਲੈਂਦੀਆਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਅਸੀਂ ਇਹਨਾਂ ਖ਼ੁਦ-ਗ਼ਰਜ਼ੀਆਂ ਨੂੰ ਦੂਰ ਕਰਨ ਦੀ ਥਾਂ ਧਰਮ ਦੇ ਬਰਖ਼ਿਲਾਫ਼ ਹੋ ਖੜੋਂਦੇ ਹਾਂ। ਭੁਲੇਖਾ ਇਹ ਖਾਂਦੇ ਹਾਂ ਕਿ ਵਿਤਕਰੇ ਧਰਮ ਵਧਾਉਂਦਾ ਹੈ।

ਜੇਕਰ ਅਸੀਂ ਸਾਰੇ ਉਸੇ ਇਕ ਪਿਤਾ-ਪਰਮਾਤਮਾ ਦੇ ਸਪੂਤ ਹਾਂ ਤਾਂ ਸਾਡੇ ਸਭ ਦੇ ਹੱਕ ਬਰਾਬਰ ਹਨ। ਜੇਕਰ ਸਾਡੇ ਵਿਚੋਂ ਕਿਸੇ ਪਾਸ ਵੀ ਹੋਰਨਾਂ ਤੋਂ ਵਧੀਕ ਸੰਪਤੀ ਹੈ ਤਾਂ ਉਸ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਸ ਪਾਸੋਂ ਹੋਰਨਾਂ ਦੀ ਹੱਕ-ਤਲਫ਼ੀ ਹੋਈ ਹੈ। ਇਸ ਦੇ ਕੁਫ਼ਾਰੇ ਦਾ ਤਾਂ ਇਕੋ ਸਾਧਨ ਹੈ; ਉਹ ਇਹ ਕਿ ਅਸੀਂ ਉਸ ਮਾਲਕ ਦੀਆਂ ਦਿੱਤੀਆਂ ਦਾਤਾਂ ਨੂੰ ਆਪਣੀ ਮਲਕੀਅਤ ਨਾ ਜਾਣੀਏ, ਸਗੋਂ ਉਸ ਉਪਰ ਉਸ ਪਿਤਾ ਦੀ ਸਾਰੀ ਸੰਤਾਨ ਦਾ ਸਾਂਝਾ ਹੱਕ ਮੰਨੀਏ।

1. ਸੋਰਠਿ ਮ: ੫ (611 : 19)
2. ਅਕਾਲ ਉਸਤਤਿ ਪਾ: ੧੦

ਵੰਡ-ਛਕਣ ਦਾ ਧਰਮ-ਵਿਧਾਨ ਸਾਂਝੀਵਾਲਤਾ ਦੇ ਇਸ ਨੇਮ ਨੂੰ ਅਭਿਆਸ ਵਿਚ ਲਿਆਉਣ ਦਾ ਇਕ ਬੁਨਿਆਦੀ ਜਤਨ ਹੈ। ਪੁਰਾਤਨ ਸਿਖ ਮਹਿਮਾਨਾਂ ਦੀ ਬੜੇ ਚਾਅ ਨਾਲ ਸੇਵਾ ਕਰਦੇ ਸਨ—ਇਹ ਜਾਣ ਕੇ ਕਿ ਸਭ ਗੁਰੂ ਦਾ ਦਿੱਤਾ ਹੀ ਖਾਂਦੇ ਹਨ। ਮਹਿਮਾਨ ਵੀ ਸੇਵਾ ਉਪਰੰਤ ਜੋ ਅਰਦਾਸ ਕਰਦੇ ਸਨ ਉਹ ਇਹਨਾਂ ਅੱਖਰਾਂ ਵਿਚ ਹੋਂਦੀ ਸੀ:

"ਅੰਨ ਪਾਣੀ ਗੁਰੂ ਕਾ,
ਟਹਿਲ ਭਾਵਨਾ ਤੇਰੇ ਸਿੱਖਾਂ ਦੀ,
ਸੋ ਲੇਖੇ ਲੱਗੇ, ਸੱਚਖੰਡ ਪਰਵਾਨ ਹੋਵੇ।"

ਇਸ ਤੋਂ ਸਪਸ਼ਟ ਹੈ ਕਿ ਅੰਨ ਪਾਣੀ ਦਾ ਉਹ ਕੋਈ ਇਹਸਾਨ ਨਹੀਂ ਮੰਨਦੇ ਸਨ ਕਿਉਂਕਿ ਉਹ ਤਾਂ ਗੁਰੂ ਦਾ ਹੈ, ਅਥਵਾ ਰੱਬ ਵਲੋਂ ਪ੍ਰਾਪਤ ਸਾਂਝੀ ਦਾਤ ਹੈ। ਜੇ ਕੋਈ ਰਿਣ ਹੈ ਤਾਂ ਉਸ ਟਹਿਲ ਸੇਵਾ ਤੇ ਪ੍ਰੇਮ ਭਾਵਨਾ ਦਾ ਹੈ, ਜਿਸ ਨਾਲ ਮਹਿਮਾਨ-ਨਵਾਜ਼ੀ ਕੀਤੀ ਗਈ। ਇਨ੍ਹਾਂ ਦੀ ਹੀ ਦਰਗਾਹ ਵਿਚ ਪਰਵਾਨਗੀ ਲਈ ਅਰਦਾਸ ਕੀਤੀ ਜਾਂਦੀ ਸੀ।

ਆਪਣੇ ਧਰਮ ਨੂੰ ਹੋਰ ਧਰਮਾਂ ਨਾਲੋਂ ਚੰਗੇਰਾ ਸਮਝਣਾ ਵੀ ਇਕ ਪ੍ਰਕਾਰ ਦਾ ਮੋਹ-ਪਾਲਨ ਹੀ ਹੈ—ਤੇ ਮੋਹ ਇਕ ਵਿਕਾਰ ਹੈ। ਸਾਰੇ ਧਰਮ ਭਿੰਨ ਭਿੰਨ ਰਸਤੇ ਹਨ ਉਸੇ ਇਕ ਵਾਹਿਗੁਰੂ ਵਲ ਜਾਣ ਦੇ। ਇਸ ਲਈ ਸਾਰੇ ਹੀ ਸਾਡੇ ਸਤਿਕਾਰ ਦੇ ਜੋਗ ਹਨ। ਉਹਨਾਂ ਨੂੰ ਨਿੰਦੀਏ ਨਾ; ਸਮਝਣ ਦਾ ਜਤਨ ਕਰੀਏ। ਕਬੀਰ ਸਾਹਿਬ ਕਹਿੰਦੇ ਹਨ:

**ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥**[1]

ਜਿਥੇ ਜਿਥੇ ਵੀ ਕੋਈ ਧਰਮੀ ਜੀਉੜਾ ਅਰਦਾਸ ਕਰਦਾ ਹੈ ਤਾਂ ਉਸ ਸਰਬ-ਸਾਂਝੇ ਬਾਪ ਨਾਲ ਹਮਕਲਾਮ ਹੋ ਰਿਹਾ ਹੁੰਦਾ ਹੈ। ਹਰਥੇ ਹਰ ਕੋਈ ਭਿੰਨ ਭਿੰਨ ਬੋਲੀਆਂ ਵਿਚ ਇਕੋ ਜਹੇ ਭਾਵ ਪ੍ਰਗਟ ਕਰਦਾ ਹੈ, ਇਕੋ ਤਰ੍ਹਾਂ ਦੀਆਂ ਅਰਜ਼ਾਂ ਗੁਜ਼ਾਰਦਾ ਹੈ।

ਦਿਲੋਂ ਕੀਤੀਆਂ ਅਰਦਾਸਾਂ ਬੋਲੀ ਦੀਆਂ ਹੱਦਾਂ ਵੀ ਉਲੰਘ ਜਾਂਦੀਆਂ ਹਨ। ਇਕ ਐਸੀ ਆਤਮਕ ਅਵਸਥਾ ਵੀ ਆਉਂਦੀ ਹੈ ਜਿਥੇ ਉਹ ਅਬੋਲ ਹੀ ਹੋ ਜਾਂਦੀ ਹੈ; ਤਦ ਬੋਲਾਂ ਦਾ ਤਫ਼ੱਰਕਾ ਵੀ ਮਿਟ ਜਾਂਦਾ ਹੈ। ਤਦ ਸਾਰੀ ਲੋਕਾਈ ਦਾ ਹਿਰਦਾ ਇਕਸਾਰ ਇਕ ਅਬੋਲ ਅਰਦਾਸ ਨਾਲ ਧੜਕਦਾ ਪ੍ਰਤੀਤ ਹੁੰਦਾ ਹੈ। ਬੋਲੀ ਦੇ ਪੱਧਰ 'ਤੇ ਵੀ ਬੋਲਾਂ ਦਾ ਹੀ ਫ਼ਰਕ ਹੁੰਦਾ ਹੈ, ਭਾਵਨਾ ਦਾ ਨਹੀਂ।

---

1. ਪ੍ਰਭਾਤੀ ਕਬੀਰ (1350 : 5)

ਬ੍ਰਾਦਰਾਨਾ ਸਾਂਝੀਵਾਲਤਾ ਮਨੁੱਖਤਾ ਦੀ ਇਕ ਆਸ ਹੈ ਜਿਸ ਦੀ ਪੂਰਤੀ ਅਜੇ ਰਹਿੰਦੀ ਹੈ। ਜੇਕਰ ਕਹੀਏ ਕਿ ਇਹ ਪੂਰੀ ਹੋ ਚੁੱਕੀ ਹੈ ਤਾਂ ਇਹ ਦੰਭ ਹੋਵੇਗਾ, ਜੇ ਕਹੀਏ ਕਿ ਇਹ ਕਦੇ ਪੂਰੀ ਹੋ ਹੀ ਨਹੀਂ ਸਕਦੀ, ਤਾਂ ਇਹ ਸਣਕੀਪੁਣਾ ਹੋਵੇਗਾ। ਇਹਨਾਂ ਦੋਨਾਂ ਹਾਠਾਂ ਤੋਂ ਪਰਹੇਜ਼ ਹੀ ਉਚਿਤ ਹੈ।

*—ਟੀ.ਵੀ. ਸਮਿੱਥ*

• •

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥**
**ਲੋਗਾ ਭਰਮਿ ਨ ਭੂਲਹੁ ਭਾਈ ॥**
**ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ਰਹਾਉ॥**
**ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥**
**ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥**
**ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥**
**ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥**
**ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥**
**ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥੪॥**

*—ਪ੍ਰਭਾਤੀ ਕਬੀਰ (1349 : 19)*

ਸਭ ਤੋਂ ਪਹਿਲਾਂ ਵਾਹਿਗੁਰੂ ਨੇ ਚਾਨਣ ਪੈਦਾ ਕੀਤਾ, ਇਸ ਚਾਨਣ ਤੋਂ ਸਾਰਾ ਸੰਸਾਰ ਪੈਦਾ ਹੋਇਆ। ਸਾਰੇ ਲੋਕ ਵੀ (ਇਸੇ) ਕੁਦਰਤ ਦੇ ਪੈਦਾ ਕੀਤੇ ਹੋਏ ਹਨ। (ਕਉਣ ਕਹਿ ਸਕਦਾ ਹੈ ਕਿ ਇਹਨਾਂ ਵਿਚੋਂ) ਕਿਹੜੇ ਚੰਗੇ ਹਨ ਤੇ ਕਿਹੜੇ ਮਾੜੇ! ਹੇ ਲੋਕੋ, ਇਸ ਭਰਮ ਵਿਚ ਨਾ ਭੁਲੋ। ਸਿਰਜਣਹਾਰ (ਆਪ ਹੀ) ਸ੍ਰਿਸ਼ਟੀ (ਵਿਚ ਪਰਿਵਰਤਿਤ ਹੋਇਆ ਹੈ); ਸਿਰਜਣਹਾਰ ਹੀ ਸ੍ਰਿਸ਼ਟੀ ਵਿਚ ਹੈ, (ਉਹ ਇਸ ਵਿਚ) ਹਰਥੇ ਵਿਆਪਕ ਹੈ।
ਮਿੱਟੀ ਇਕ ਹੀ ਹੈ, ਪਰ ਸਿਰਜਣਹਾਰੇ (ਵਾਹਿਗੁਰੂ) ਨੇ ਕਈ ਵੰਨਗੀਆਂ (ਇਸ ਵਿਚੋਂ) ਸਾਜੀਆਂ ਹਨ। ਨਾ ਕੋਈ ਨੁਕਸ ਮਿੱਟੀ ਦੇ ਭਾਂਡਿਆਂ ਵਿਚ (ਭਾਵ ਕੁਦਰਤ ਦੀਆਂ ਘਾੜਤਾਂ ਵਿਚ) ਹੈ ਨਾ ਕੋਈ ਨੁਕਸ ਘੁਮਿਆਰ (ਅਥਵਾ ਵਾਹਿਗੁਰੂ) ਵਿਚ ਹੀ ਹੈ।
ਉਹ ਸੱਚਾ (ਆਪ) ਸਭ ਵਿਚ ਵੱਸ ਰਿਹਾ ਹੈ। ਸਾਰਾ ਕੁਝ ਉਸੇ ਦਾ ਕੀਤਾ ਹੋਇਆ ਹੀ ਵਾਪਰਦਾ ਹੈ। ਜੋ (ਵਾਹਿਗੁਰੂ ਦਾ) ਹੁਕਮ ਪਛਾਣਦਾ ਹੈ, ਉਹੀ ਉਸ ਇਕ (ਵਾਹਿਗੁਰੂ) ਨੂੰ ਜਾਣਦਾ ਹੈ। ਐਸੇ (ਜਾਣਨਹਾਰ ਨੂੰ ਹੀ ਅਸਲੀ) ਬੰਦਾ ਕਹਿੰਦੇ ਹਨ।

ਵਾਹਿਗੁਰੂ ਅਲੱਖ ਹੈ, ਉਸ ਨੂੰ ਲਖਿਆ ਨਹੀਂ ਜਾ ਸਕਦਾ। (ਮੈਂ ਗੂੰਗੇ ਨੂੰ) ਗੁਰੂ ਨੇ ਮਿੱਠਾ ਗੁੜ ਦਿੱਤਾ ਹੈ, ਪਰ ਮੈਂ ਸੁਆਦ ਨਹੀਂ ਦੱਸ ਸਕਦਾ। ਕਬੀਰ ਜੀ ਕਹਿੰਦੇ ਹਨ, ਮੇਰੇ ਸ਼ੱਕ ਸਾਰੇ ਦੂਰ ਹੋ ਗਏ ਹਨ, ਮੈਂ (ਆਪ) ਹਰ ਥਾਂ ਨਿਰਲੇਪ ਹਰੀ ਨੂੰ ਵਿਆਪਿਆ ਵੇਖ ਲਿਆ ਹੈ।

• •

**ਸਭੁ ਕੋ ਆਸੈ ਤੇਰੀ ਬੈਠਾ॥**
**[1]ਘਟ ਘਟ ਅੰਤਰਿ ਤੂੰ ਹੈ ਵੁਠਾ॥**
**ਸਭੇ ਸਾਝੀਵਾਲ[2] ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ[3] ਜੀਉ॥**

*—ਮਾਝ ਮ: ੫ (97 : 7)*

ਸੁਣੋ ਬੇਲੀਓ, ਚੇਤੇ ਰਖਿਓ ਸੱਚ ਇਹ ਸਾਦ ਮੁਰਾਦਾ :
ਹਰ ਇਕ ਬੰਦਾ ਹੁੰਦਾ ਏ ਫ਼ਰਜ਼ੰਦ ਕਿਸੇ ਪਾਤਸ਼ਾਹ ਦਾ।

*—ਇਕ ਇਬਰਾਨੀ ਹਾਸਿਦਿਮ*

ਮਾਲਕ, ਇਹ ਆਦੇਸ ਤਿਹਾਰਾ,
ਹਰ ਜੀਅ ਤੇਰੀ ਅੱਖ ਦਾ ਤਾਰਾ।

*—ਬਹਾਈ ਪ੍ਰਾਰਥਨਾ*

ਅਸੀਂ ਮਨੁੱਖ ਸਦੱਸ ਇਕ ਪਰਵਾਰੇ ਦੇ।
ਇਕੋ ਮਿੱਟੀ ਵਿਚੋਂ ਅਸੀਂ ਉਸਾਰੇ ਦੇ।
ਇਕ ਦੇ ਤਨ ਅੰਦਰ ਜਾਂ ਕੋਈ ਕਰਕ ਪਵੇ,
ਤਾਂ ਕਿਉਂ ਨ ਦੂਜੇ ਦੀ ਕੋਠੀ ਧੜਕ ਪਵੇ ?
ਜੇ ਨਾ ਇਕ ਦੂਜੇ ਦਾ ਦਰਦ ਵੰਡਾਵਾਂਗੇ,
ਕਿਹੜੇ ਮੂੰਹ ਮਾਨਸ ਦੀ ਜਾਤ ਕਹਾਵਾਂਗੇ ?

*—ਸ਼ੇਖ਼ ਸਾਅਦੀ*

---

1. ਹਰ ਇਕ ਦੇ ਅੰਦਰ ਤੂੰ ਵੱਸਿਆ ਹੈਂ। 2. ਹਿੱਸੇਦਾਰ। 3. ਓਪਰਾ।

ਅਸੀਂ ਤਾਂ ਸਭ ਇਕ ਮਹਾ-ਵਿਸ਼ਵ ਦੇ ਵਾਸੀ,
ਇਸ ਧਰਤੀ ਪੁਰ ਕੱਟਣ ਆਏ ਉਦਾਸੀ।
ਤੀਵੀਂ, ਮਰਦ, ਸਦੱਸ ਸਭੇ ਇਕ ਘਰ ਦੇ,
ਹਿਲ-ਮਿਲ ਕੇ ਪਏ ਸਫ਼ਰ ਸੁਖਾਲਾ ਕਰਦੇ।
ਸਭ ਜੀਆਂ ਦਾ ਸਾਂਝਾ ਭਾਈਚਾਰਾ,
ਸਾਂਝਾ ਵਰਤਣ, ਸਾਂਝਾ ਮਾਲ-ਗੁਜ਼ਾਰਾ।
ਸਾਂਝਾ ਘਰ ਤੇ ਖੁਲ੍ਹੇ ਸਦਾ ਦੁਆਰੇ,
ਸਾਂਝੀ ਸੰਗਤ, ਸਾਂਝੇ ਧਰਮ-ਅਦਾਰੇ।
ਸਾਂਝੀ ਸਭਿਤਾ, ਸਾਂਝੀ ਸਭਿਆਚਾਰੀ,
ਸਾਂਝੀ ਦੁਨੀਆ, ਸਾਂਝੀ ਦੁਨੀਆਦਾਰੀ।
ਇਨ ਸਾਂਝਾਂ ਕਰ ਹਰ ਕੋ ਫਿਰੇ ਸੁਖੱਲਾ,
ਇਕ ਵੀ ਬੰਦਾ ਟਾਪੂ ਨਹੀਂ ਇਕੱਲਾ।

—ਐਮ.ਏ. ਟਾਮਸ



ਪੁੱਛਦੇ ਹੋ, ਮੈਂ ਅਫ਼ਰੀਕਨ ਹਾਂ ?
ਮੈਂ ਕਦ ਮੁਕਰਾਂ ?
ਬਿਲਕੁਲ ਅਫ਼ਰੀਕਨ ਹਾਂ, ਖਰਵਾ,
ਅਫ਼ਰੀਕਨ ਅੰਮਾਂ ਦਾ ਜਾਇਆ।
ਕਾਲਾ : ਪਿਤਾ ਪਿਤਾਮੇ ਵਰਗਾ।
ਤਾਂਬੇ ਰੰਗਾ : ਅਪਣੇ ਭੈਣ-ਭਰਾਵਾਂ ਵਾਂਕਣ।
ਤਾਮਸ ਮੁਖੀਆ : ਸਗਲੇ ਸਾਕੇਦਾਰਾਂ ਵਰਗਾ—
ਜੋ ਜੀਊਂਦੇ, ਯਾ ਜਿਹੜੇ ਮੋਏ
ਤੇ ਆਲੋਪ ਦੁਨੀ ਤੋਂ ਹੋਏ।

ਪੁੱਛਦੇ ਹੋ ਵਿਸ਼ਵਾਸ ਮੇਰਾ ਕੀ ?,
ਧਰਮ ਮੇਰਾ ਕੀ ?



ਕੀ ਜਾਤਾ ਜੇ, ਮੇਰਾ ਕੋ ਵਿਸ਼ਵਾਸ ਨਹੀਂ ਹੈ ?
ਢੋਰਾਂ ਤੋਂ ਬਿਹਤਰ ਮੇਰਾ ਇਹਸਾਸ ਨਹੀਂ ਹੈ ?
ਪੁੱਛਿਆ ਜੇ, ਕੀ ਮੈਂ ਮੰਨਾਂ ਕਿ
ਰੂਹਾਂ ਮੇਰੇ ਪਿਤ੍ਰਾਂ ਦੀਆਂ
ਸਦ ਹੀ ਮੇਰੇ ਸੰਗ ਰਹਿੰਦੀਆਂ ?
ਅੰਦਰ, ਬਾਹਰ, ਜਿੱਧਰ ਜਾਵਾਂ
ਨਾਲ ਜਾਂਦੀਆਂ ?

ਜੀ ਹਾਂ, ਉਹ ਮੁਝ ਸੰਗ ਰਹਿੰਦੀਆਂ,
ਦਿਨ ਪਰ ਰਾਤੀ
ਸਾਡੇ ਨਾਲ ਕਲਾਮ ਕਰਦੀਆਂ—
ਪਉਣਾਂ ਥਾਣੀਂ, ਬਰਖਾ ਥਾਣੀਂ,
ਬੰਦਿਆਂ ਰਾਹੀਂ, ਢੋਰਾਂ ਰਾਹੀਂ,
ਰੀਂਗਣਹਾਰ ਸਪੋਲੇ ਰਾਹੀਂ,
ਗਗਨ-ਉਡੰਦੇ ਪੰਛੀ ਰਾਹੀਂ।
ਮੋਇਆਂ ਨੂੰ ਮਰ-ਗਏ ਨ ਜਾਣਾਂ,
ਉਹ ਰਹਿੰਦੇ ਨੇ ਸੰਗ ਅਸਾਡੇ
ਰੱਖਦੇ ਅਪਣੀ ਨਜ਼ਰ ਅਸਾਂ ਤੇ।
ਕਰੀਏ ਖ਼ਤਾ ਤਾਂ ਹੋੜਨ, ਝਾੜਨ,
ਸ਼ੁਭ ਕਰੀਏ ਤਾਂ ਦੇਣ ਅਸੀਸਾਂ।
ਜੇ ਅਜਨਬੀਆਂ ਘਰ ਲੈ ਆਈਏ,
ਸੇਵ ਕਮਾਈਏ,
ਹੋ ਪਰਸੰਨ ਕਹਿਣ ਸ਼ਾਬਾਸਾਂ,
ਸਾਡੇ ਤੇ ਰਹਿਮਤ ਬਰਸਾਵਣ,
ਕੋਠੀ ਸਾਡੀ ਦਾਣੇ ਪਾਵਣ!
ਪਰ ਜੇ ਕੂੜਾ ਗਰਬ ਕਮਾਈਏ,
ਕੋਪ ਅਸਾਂ ਤੇ ਢੇਰ ਗਿਰਾਵਣ!

ਇਹ ਸੁਣ ਤੂੰ ਕਿਉਂ ਤੀਊੜੀ ਪਾਈ?
ਕੀ ਜ਼ਮੀਰ ਤੇਰੀ ਈਸਾਈ
ਤਾਂ ਗੱਲ ਮੇਰੀ ਸਮਝ ਨ ਆਈ?
ਜਾਂ ਇਹ ਤੇਰੇ ਵਿਸ਼ਵਾਸਾਂ ਦੇ
ਰਾਸ ਨ ਆਈ?
ਐਪਰ, ਕੀ ਤੇਰੇ ਹੀ ਪੱਛਮੀ
ਵਲੀ ਕਿਸੇ ਇਹ ਨਹੀਂ ਕਿਹਾ ਸੀ:
'ਮਿੱਟੀ ਹੋ ਤੇ ਮਿੱਟੀ ਵਿਚੇ ਪਰਤ ਜਾਓਗੇ—
ਰੂਹ ਬਾਰੇ ਕਦ ਕਿਹਾ ਗਿਆ ਸੀ!'
ਗੋਰੀ ਤੇਰੀ ਕਾਇਆ, ਕਾਲੀ ਮੇਰੀ ਭਾਵੇਂ,
ਰੂਹ ਅੰਦਰਲੀ ਤਾਂ ਦੋਨਾਂ ਦੀ ਇਕੋ ਜੇਹੀ।

*—ਗੇਬਰੀਅਲ ਸੈਟੀਲੋਏਨ (ਦੱਖਣੀ ਅਫ਼ਰੀਕਾ)*



ਮੈਥੋਂ ਪੁੱਛਦੇ:
ਮੈਂ ਚੀਨੀ ਹਾਂ ਕਿ ਜਾਪਾਨੀ?
ਕੌਣ ਨਸਲ ਹਾਂ?

ਭੋਲੇ ਪ੍ਰਸ਼ਨਕਾਰ ਇਹ ਮੇਰੇ
ਮੰਦ-ਬੁੱਧ ਤੇ ਮੂੜ੍ਹ-ਘਨੇਰੇ।
ਕੇ ਜਾਣਨ ਕਿਸ ਮਹਾ-ਦੀਪ ਦੇ
ਬੀਜ ਮੇਰੇ ਦਾ ਦਾਅਵਾ ਕਰਦੇ।
ਫ਼ਾਨ ਖ਼ਾਖ਼ ਤੇ ਕਿਯੁੰਗ ਵਹਾਚੁੰਗ
ਦੋਏ ਸਦੱਸ ਮੇਰੇ ਟੱਬਰ ਦੇ।
ਰਹਿੰਦੀ ਹਾਂ ਮੈਂ
ਡੈਨਿਊਬ ਤੇ ਯੰਗਸੀ ਦੇ ਸੰਗਮ ਦੇ ਉੱਤੇ।

ਰਕਤ ਮੇਰੇ ਦੀ ਧਾਰਾ ਵੱਗੇ
ਟਾਏਡਾਂਗ, ਗ੍ਰਾਈਨ ਦੇ ਗੱਭੇ।
ਪਉਣ ਚੱਕੀਆਂ ਤੇ ਪੈਗੋਡੇ
ਬੰਨ੍ਹ ਅਤੇ ਜਲ-ਖੇਤ ਧਾਨ ਦੇ
ਬੁੱਧ ਧਰਮ ਤੇ ਕੈਲਵਿਨਵਾਦੀ
ਰਲ ਕੇ ਰੰਗਣ ਮੇਰਾ ਮਾਜ਼ੀ।

ਮੇਰੇ ਪੂਰਬੱਜ ਕੀ ਕਰਦੇ ?
ਬਾਲਟਿਕ ਤੇ ਪੀਤ-ਸਾਗਰ ਦੇ
ਪੱਤਣਾਂ ਤੇ ਸੀ ਮੱਛੀਆਂ ਫੜਦੇ
ਸਿਰ ਤੇ ਕੱਖ ਦੇ ਟੋਪ ਸਜਾਈ,
ਪੈਰ ਕਾਠ ਦੀਆਂ ਜੁੱਤੀਆਂ ਪਾਈ।
ਨੀਹਾਂ ਸਾਡੇ ਖ਼ਾਨਦਾਨ ਦੀਆਂ
ਉਨ ਉਸਰਾਈਆਂ
ਪਉਣ-ਚੱਕੀਆਂ ਉਨ੍ਹਾਂ ਚਲਾਈਆਂ।

ਮੇਰੇ ਦਾਦਾ ਤੇ ਪਰਦਾਦਾ,
ਰਾਜ ਸ਼ਾਸਤ੍ਰੀ, ਧਰਮ ਸ਼ਾਸਤ੍ਰੀ,
ਸਭਨਾਂ ਨਾਲ ਪੁਗਾਵਣ ਵਾਅਦਾ।
ਘਰੀਂ ਯਹੂਦੀਆਂ ਉਨ੍ਹਾਂ ਲੁਕਾਇਆ,
ਉਨ ਕੌਮਨਿਸਟਾਂ ਮਾਰ ਮੁਕਾਇਆ।

ਯੂਰਪ ਅਤੇ ਏਸ਼ੀਆ ਸੰਦਾ
ਮੈਂ ਸੰਗਮ ਹਾਂ।—
ਮੈਨੂੰ ਪੁੱਛਦੇ ਹੋ ਕਿ ਮੇਰੀ ਕਉਣ ਨਸਲ ਹੈ ?

*—ਜੂਲੀ ਆਰ. ਲੀਗਵਾਟਰ ਕਿਮ*

ਰੱਬਾ, ਵੰਨ ਸੁਵੰਨ ਸਾਜੀਆਂ
ਨਸਲਾਂ ਤੇ ਸਭਿਤਾਵਾਂ ਤੂੰ।
ਅਸਾਂ ਅਮੀਰ ਬਣਾਵਣ ਖ਼ਾਤਰ
ਰਚੀਆਂ ਪਰੰਪਰਾਵਾਂ ਤੂੰ।
ਸਦ ਰੰਗੀ ਇਸ ਮਾਨੁਖਤਾ ਦਾ
ਅਸਾਂ ਭਇਆਲ ਬਣਾ ਦੇ ਤੂੰ;
ਸਾਂਝਾਂ ਅਤੇ ਤਫ਼ਰਕਿਆਂ ਵਿਚੋਂ
ਅਪਣਾ ਆਪ ਜਣਾ ਦੇ ਤੂੰ।
ਤੇਰਾ ਹੀ ਲਿਸ਼ਕਾਰਾ ਵੱਜੇ
ਇਕ ਇਕ ਵਿਚੋਂ, ਸਭ ਵਿਚੋਂ;
ਲੱਭੇ ਅਸਾਂ ਸ਼ਨਾਖ਼ਤ ਤੇਰੀ
ਤੇਰੇ ਸਿਰਜੇ ਜੱਗ ਵਿਚੋਂ।

—ਜੇ.ਬੀ.ਸੀ.

# ਨਾਵਾਂ ਦੀ ਸੂਚੀ